# ਸੋਧ

ਨਵੰਬਰ1979 (ਜਿਲਦ 8 ਨੰਬਰ 11)

**November 1979**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

11

# ਸੇਧ

ਅੰਦਰ ਪੜ੍ਹੋ :—

⊙ "ਜੱਟਵਾਦ ਬਗ਼ੈਰ-ਵਰਦੀਓਂ ਬੁਰਜੂਆ ਨਿਜ਼ਾਮ ਦੀ, ਬੁਰਜੂਆ ਰਿਸ਼ਤਿਆਂ ਦੀ ਰਾਖੀ ਵਾਸਤੇ ਪੁਲੀਸ ਹੈ, ਜੋ ਹਰ ਜੱਟ ਦੇ ਅੰਦਰ ਵੜ ਕੇ ਬੈਠੀ ਹੋਈ ਹੈ।"

⊙ "ਲੋੜ ਹੈ, ਹਿੰਦ ਵਿਚ ਗ਼ਦਰ ਭੜਕਾਉਣ ਲਈ ਬਹਾਦਰ ਸਪਾਹੀਆਂ ਦੀ, ਤਨਖ਼ਾਹ—ਮੌਤ, ਇਨਾਮ—ਸ਼ਹੀਦੀ, ਪੈਨਸ਼ਨ—ਆਜ਼ਾਦੀ, ਲੜਾਈ ਦਾ ਮੈਦਾਨ—ਹਿੰਦ।" ਗ਼ਦਰ ਅਖ਼ਬਾਰ

⊙ "ਪਬਲਿਸਿਟੀ ਦੇ ਸਾਧਨਾਂ ਰਾਹੀਂ ਬਹੁ-ਕਮੀ ਕੰਪਨੀਆਂ ਆਪਣੀਆਂ ਦਵਾਈਆਂ ਦੀ ਨਕਲੀ ਲੋੜ ਪੈਦਾ ਕਰ ਦੇਂਦੀਆਂ ਹਨ। ਇਸ ਸਾਰੇ ਕੁਝ ਨੇ ਇਕ 'ਡਰੱਗ ਕਲਚਰ' ਪੈਦਾ ਕਰ ਦਿਤੀ ਹੈ।"

⊙ "ਸ਼ੈਲੀ ਦੀ ਜਾਦੂਗਰੀ ਨਾਲ ਗੁਰਬਖ਼ਸ਼ ਸਿੰਘ ਪ੍ਰੀਤ-ਲੜੀ, ਸਾਹਿਤ-ਵਸਤੂ ਦੇ ਆਪਣੇ ਕਿਸੇ ਖੱਪੇ ਨੂੰ ਪੂਰਨ ਦਾ ਜਤਨ ਕਰਦਾ ਹੈ।"

ਅਤੇ ਹੋਰ ਲੇਖ

SEDH
NOVEMBER 1979
Vol. 8, NO. 11
Price : Rs. 2.00

"...before the proletariat fights out its battles on the barricades, it announces the coming of its rule in a series of intellectual victories." MARX

## ਸੇਧ--ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ


⊙ ਦੋ ਗੱਲਾਂ : ਲੇਖਕਾਂ ਨਾਲ ਅਤੇ ਉਹਨਾਂ ਦੇ ਬਾਰੇ (ਸਫ਼ਾ 1) — ਅਦਾਰਾ ਸੇਧ

⊙ ਜੱਟਵਾਦ ਨੂੰ ਸਿਖੀ ਦਾ ਮੂਲ ਕਿਉਂ ਬਣਾਇਆ ਜਾ ਰਿਹਾ ਹੈ ? (ਸਫ਼ਾ 7) — ਕਿਸ਼ਨ ਸਿੰਘ

⊙ ਮਾਰਕਸਵਾਦ, ਗਾਂਧੀ ਤੇ ਕੌਮੀ ਆਜ਼ਾਦੀ ਦੀ ਲਹਿਰ—2 (ਸਫ਼ਾ 19) — ਭਗਵਾਨ ਸਿੰਘ ਜੋਸ਼

⊙ "ਗ਼ਦਰ ਪਾਰਟੀ ਲਹਿਰ" (ਸਫ਼ਾ 29) — ਗੁਰਮੀਤ ਸਿੰਘ ਢੁੱਡੀਕੇ

⊙ ਦੁਆਈਆਂ ਦੀ ਪੈਦਾਵਾਰ ਤੇ ਲੋਕ (ਸਫ਼ਾ 45) — ਡਾ: ਪਿਆਰਾ ਲਾਲ, ਡਾ: ਅਮਰ ਸਿੰਘ

⊙ ਪ੍ਰੀਤ-ਫਲਸਫ਼ੇ ਦੀ ਸ਼ਵ-ਪ੍ਰੀਖਿਆ—9 ਸ਼ਬਦਾਂ ਦੀ ਜਾਦੂਗਰੀ (ਸਫ਼ਾ 51) — ਹਿੰਮਤ ਸਿੰਘ ਸੋਢੀ

⊙ ਪੰਜਾਬ ਯੂਨੀਵਰਸਿਟੀ "ਅੰਗਰੇਜ਼ੀ-ਪਜਾਬੀ ਕੋਸ਼" ਦਾ 'ਵਿਮੋਚਨ (ਸਮਾਰੋਹ ?) ਸੰਸਕਾਰ !' (ਸਫ਼ਾ 57) — ਕਰਤਾਰ ਸਿੰਘ



**Edited, Printed & Published by Gurvel Singh Pannu, A/42, Defence Colony, New Delhi-110024. Ph. No. 626300**
**Printed at 'BHULLAR PRINTERS' 44, Street 2, Shankar Nagar Ext., Delhi-51.**


## ਦੋ ਗੱਲਾਂ : ਲੇਖਕਾਂ ਨਾਲ ਅਤੇ ਉਹਨਾਂ ਦੇ ਬਾਰੇ

⊙ ਦੇਸ਼ 'ਤੇ ਬਰਤਾਨਵੀ ਸਾਮਰਾਜ ਦੀ ਹਕੂਮਤ ਸੀ। ਸਾਡੀ ਸਿਆਸੀ ਆਜ਼ਾਦੀ ਦੀ ਜੰਗ ਕਾਂਗਰਸ ਦੀ ਅਗਵਾਈ ਹੇਠ ਲੜੀ ਗਈ...ਅਤੇ ਕਾਂਗਰਸ ਦਾ ਨੇਤਾ ਸੀ—ਮਹਾਤਮਾ ਗਾਂਧੀ। ਉਸ ਦੌਰ ਦੀ ਸਿਆਸਤ ਨੂੰ ਸਮਝਣ ਲਈ ਗਾਂਧੀ ਨੂੰ, ਗਾਂਧੀਵਾਦ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਮੁਲੱਖਈਏ ਦਾ ਮਹਾਤਮਾ ਗਾਂਧੀ ਵਲ ਖਿਚੇ ਜਾਣ ਦਾ, ਲੱਖਾਂ ਲੋਕਾਂ ਦਾ ਆਪਣੇ ਆਪ ਨੂੰ ਉਸ ਦੇ ਹਵਾਲੇ ਕਰ ਦੇਣ ਦਾ, ਉਸ ਦੀ ਅਗਵਾਈ ਨੂੰ ਪੂਰੇ ਵਿਸ਼ਵਾਸ ਨਾਲ ਮੰਨ ਲੈਣ ਦਾ ਰਾਜ਼ ਕੀ ਸੀ—ਸਾਡੀ ਮਾਰਕਸਵਾਦੀ ਲਹਿਰ ਨੂੰ ਅਜ ਤਕ ਇਸ ਦੀ ਸਮਝ ਨਹੀਂ ਆਈ। ਕਮਿਊਨਿਸਟ ਪਾਰਟੀ ਦੇ ਲੀਡਰਾਂ ਦੀ ਗਾਂਧੀਵਾਦ ਬਾਰੇ ਬੇਸਮਝੀ ਵੀ, ਹੋਰਨਾਂ ਕਾਰਨਾਂ ਤੋਂ ਇਲਾਵਾ, ਉਹਨਾਂ ਵਲੋਂ ਹੋਈਆਂ ਗ਼ਲਤੀਆਂ ਦਾ ਸ਼ਾਇਦ ਇਕ ਕਾਰਨ ਸੀ।

ਸਾਡਾ ਖ਼ਿਆਲ ਹੈ ਭਗਵਾਨ ਸਿੰਘ ਜੋਸ਼ ਪਹਿਲਾ ਮਾਰਕਸਵਾਦੀ ਹੈ ਜਿਹੜਾ ਗਾਂਧੀਵਾਦ ਨੂੰ ਸਮਝਣ ਦੇ ਠੀਕ ਰਸਤੇ ਪਿਆ ਹੈ। ਮਹਾਤਮਾ ਗਾਂਧੀ ਤਾਲਿਸਤਾਏ ਤੋਂ ਬਹੁਤ ਪ੍ਰਭਾਵਤ ਸੀ ਅਤੇ ਤਾਲਿਸਤਾਏ ਦੀ ਵਿਚਾਰਧਾਰਾ, ਫਿਲਾਸਫ਼ੀ ਕਈ ਪੱਖਾਂ ਤੋਂ ਪਿਛਾਂਹ-ਖਿਚੂ ਸੀ। ਪਰ ਲੈਨਿਨ ਨੇ ਤਾਲਿਸਤਾਏ ਦੇ ਵਿਚਾਰਾਂ ਦੇ ਗੁੱਦੇ ਨੂੰ ਹੱਥ ਪਾਇਆ, ਅਸਲੀਅਤ ਨੂੰ ਸਮਝਿਆ ਅਤੇ ਉਸ ਨੂੰ "ਰੂਸੀ ਇਨਕਲਾਬ ਦਾ ਸ਼ੀਸ਼ਾ" ਕਰਾਰ ਦਿਤਾ। ਜੋਸ਼ ਨੇ ਵੀ, ਸਾਡੀ ਜਾਚੇ, ਗਾਂਧੀਵਾਦ ਨੂੰ ਸਮਝਣ ਲਈ ਉਹ ਹੀ ਵਿਧੀ ਅਪਣਾਈ ਹੈ ਜੋ ਲੈਨਿਨ ਨੇ ਤਾਲਿਸਤਾਏ ਨੂੰ ਸਮਝਣ ਵਾਸਤੇ ਅਪਣਾਈ ਸੀ। ਇਸ ਵਿਧੀ ਨੂੰ ਲੈਨਿਨੀ ਵਿਧੀ ਕਹਿਣਾ ਵੀ ਸਹੀ ਨਹੀਂ ਹੈ, ਕਿਉਂਕਿ ਸਮਾਜਕ ਅਸਲੀਅਤ ਨੂੰ ਸਮਝਣ ਦੀ ਇਹ ਵਿਧੀ ਮਾਰਕਸਵਾਦੀ ਵਿਧੀ ਹੈ।

ਇਸ ਵਿਧੀ ਨੂੰ, ਪਰ ਮਾਰਕਸਵਾਦ ਤਕ ਹੀ ਮਹਿਦੂਦ ਕਰਨਾ ਸ਼ਾਇਦ ਸਾਡੇ ਵੱਡੇ ਵਡੇਰਿਆਂ ਨਾਲ ਬੇਇਨਸਾਫ਼ੀ ਕਰਨਾ ਹੋਵੇਗਾ। ਅਸਲੀਅਤ ਨੂੰ ਸਮਝਣ ਵਾਸਤੇ ਇਸ ਵਿਧੀ ਦੀ ਵਰਤੋਂ ਸਾਡੇ ਮਜ਼ਬ ਦੇ ਬਾਨੀਆਂ ਨੇ ਆਮ ਕੀਤੀ ਸੀ। ਜ਼ਾਹਿਰ ਤੇ ਬਾਤਨ ਨੂੰ ਨਿਖੇੜ ਕੇ ਸਮਝਣਾ ਸੂਫ਼ੀ ਮੱਤ ਦਾ ਆਧਾਰ ਸੀ। ਇਹ ਆਮ ਮੁਹਾਵਰੇ ਵਾਂਗ ਪ੍ਰਚਲਤ ਸੀ। ਨਜਮ ਹੁਸੈਨ ਸੱਯਦ ਨੇ ਸੂਫ਼ੀਆਂ ਦੇ ਕਲਾਮ ਦੀ ਵਿਆਖਿਆ ਕਰਦਿਆਂ ਜ਼ਾਹਿਰ ਤੇ ਬਾਤਨ ਦੇ ਫਰਕ ਦੀ ਵਿਧੀ ਨੂੰ ਸ਼ਾਹ-ਰਾਹ ਵਾਂਗ ਵਰਤਿਆ ਹੈ। ਇਹ ਉਹ ਸੜਕ ਹੈ, ਜਿਹੜੀ ਸਾਡੀ ਜਾਚੇ ਸਿਧੀ ਮੁਰਬਿਆਂ ਨੂੰ ਜਾਂਦੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਨੇ ਸਾਧੂ ਰਾਮਦਾਸ ਦੇ ਇਕ ਸੁਆਲ ਦੇ ਜੁਆਬ ਵਿਚ ਕਿਹਾ ਸੀ "ਬਾਤਨ ਫਕੀਰੀ, ਜ਼ਾਹਿਰ ਅਮੀਰੀ।" ਇਹ ਜੁਆਬ ਵੀ ਉਸੇ ਜਰਨੈਲੀ ਸੜਕ ਵਲ ਇਸ਼ਾਰਾ ਕਰਦਾ ਹੈ।

ਅਸਲੀਅਤ ਨੂੰ ਸਮਝਣ ਦੀ ਇਹ ਵਿਧੀ ਕਦੋਂ ਤੋਂ ਚਲੀ ਹੋਈ ਹੈ—ਇਸ ਦਾ ਤਾਂ ਸਾਨੂੰ ਪਤਾ ਨਹੀਂ, ਪਰ ਇਹ ਪੱਕ ਜਾਣਦੇ ਹਾਂ ਕਿ ਸਮਾਜਕ ਅਸਲੀਅਤ ਨੂੰ ਸਮਝਣ ਦੀ ਸਹੀ ਵਿਧੀ ਇਹੀ ਵਿਧੀ ਹੈ। ਵਿਚਾਰਧਾਰਾ ਅਤੇ ਉਸ ਦੇ ਅਧੀਨ ਹੋਏ ਇਤਿਹਾਸਕ ਅਮਲ ਦਾ ਆਪਸ ਵਿਚ ਮੇਲ ਅਵਸ਼ਕ ਨਹੀਂ ਹੁੰਦਾ। ਬਾਤਨ ਫਕੀਰੀ, ਜ਼ਾਹਿਰ ਅਮੀਰੀ ਐਨ ਸੰਭਵ ਹੈ। ਸਮਾਜਕ ਅਸਲੀਅਤ ਨੂੰ ਸਮਝਣ ਵਾਸਤੇ ਜੋ ਬੰਦਾ ਜ਼ਾਹਿਰ ਤੇ ਬਾਤਨ ਦਾ ਫਰਕ ਨਹੀਂ ਵੇਖਦਾ, ਉਹ ਮਾਰਕਸਵਾਦੀ ਸਮਝ ਦਾ ਮਾਲਕ ਨਹੀਂ ਹੋ ਸਕਦਾ।*

ਜੋਸ਼ ਨੇ ਗਾਂਧੀਵਾਦ ਨੂੰ ਸਮਝਣ ਵਾਸਤੇ ਇਹ ਵਿਧੀ ਅਪਣਾਈ ਹੈ ਅਤੇ ਇਹ ਮਾਰਕਸਵਾਦ ਦੀ ਸਹੀ ਸਮਝ ਹੈ। ਜੋਸ਼ ਮੁਬਾਰਕਬਾਦ ਦਾ ਹੱਕਦਾਰ ਹੈ। ਆਸ ਹੈ ਆਪਣੇ ਆਉਣ ਵਾਲੇ ਮਜ਼ਮੂਨਾਂ ਵਿਚ ਉਹ ਗਾਂਧੀਵਾਦ ਦੀ ਭਰਪੂਰ ਵਿਆਖਿਆ ਕਰੇਗਾ ਅਤੇ ਗਾਂਧੀਵਾਦ ਦੇ ਅਸਲੇ ਨੂੰ ਪਾਠਕਾਂ ਦੇ ਪਿੜ ਪੱਲੇ ਪਾਵੇਗਾ।

⊙ ਪੰਜਾਬੀ ਆਲੋਚਨਾ-ਜਗਤ ਵਿਚ, ਪਿਛਲੇ ਕੁਝ ਵਰ੍ਹਿਆਂ ਤੋਂ, ਸੰਰਚਨਾਵਾਦ ਦਾ ਬਹੁਤ ਸ਼ੋਰ-ਸ਼ਰਾਬਾ ਰਿਹਾ ਹੈ। ਭੁਪਿੰਦਰ ਸਿੰਘ ਖਹਿਰਾ ਨੇ, ਸਾਡੀ ਜਾਚੇ, ਬੜੇ ਸਹੀ ਥਾਉਂ ਇਸ ਨੂੰ ਹੱਥ ਪਾਇਆ ਹੈ। ਸੰਰਚਨਾਵਾਦ ਨੂੰ ਤੋਲਣ ਵਾਸਤੇ ਉਸ ਨੇ ਤਕੜੀ ਵਿਚ ਸਹੀ ਵੱਟੇ ਪਾਏ ਹਨ। ਉਸ ਵਾਦ ਦਾ ਅਰਥ ਦਸਿਆ ਹੈ: "ਪਰ ਸਮਾਜਕ ਪ੍ਰਸੰਗ ਵਿਚ ਵਾਦ ਸਿਰਫ਼ ਉਸ ਦਰਸ਼ਨ ਜਾਂ ਵਿਧੀ ਨੂੰ ਹੀ ਕਿਹਾ ਜਾਂਦਾ ਹੈ, ਜਿਹੜੀ ਚੰਗੇ ਜਾਂ ਮਾੜੇ ਢੰਗ ਨਾਲ ਸਮਾਜਕ ਜ਼ਿੰਦਗੀ ਸਾਂਚਣ, ਤਿਰਾਸ਼ਣ ਤੇ ਨਿਖਾਰਨ ਲਈ ਸਹਾਈ ਹੋਵੇ...ਇਸ ਤਰ੍ਹਾਂ ਵਾਦ ਹਮੇਸ਼ਾਂ ਲੋਕਾਂ ਦੀ ਸਮੂਹਕ, ਸਮਾਜਕ ਅਤੇ ਮਾਨਸਕ ਜ਼ਿੰਦਗੀ ਦੀ ਦਿਸ਼ਾ ਨਿਰਧਾਰਤ ਕਰਦਾ ਹੈ। ਵਾਦ ਸਮਾਜ ਨੂੰ ਜਿਉਣ ਦਾ ਢੰਗ ਦੇਂਦਾ ਹੈ।"

ਜਦੋਂ ਸੰਰਚਨਾਵਾਦ, ਵਾਦ ਦੀ ਪਧਰ 'ਤੇ ਨਾ ਠਹਿਰ ਸਕਿਆ ਤਾਂ "ਕੁਝ ਸੁਲਝੇ ਹੋਏ ਸੰਰਚਨਾਵਾਦੀਆਂ" ਇਸ ਨੂੰ ਵਿਧੀ ਕਰ ਕੇ ਪੇਸ਼ ਕੀਤਾ। ਪਰ ਵਿਧੀ ਤਾਂ ਵਾਦ ਦੀ ਮੰਜ਼ਲ ਦੇ ਪ੍ਰਸੰਗ ਵਿਚ ਹੁੰਦੀ ਹੈ। ਸ੍ਰ. ਖਹਿਰਾ ਇਸ ਨੂੰ ਇਥੋਂ ਵੀ ਉਖੇੜਦਾ ਹੈ। "ਸੰਰਚਨਾਵਾਦ ਨੂੰ ਭਾਵੇਂ ਕੋਈ ਵਾਦ ਕਹੇ ਤੇ ਭਾਵੇਂ ਵਿਧੀ, ਇਸ ਵਿਚ ਨਾ ਤਾਂ ਵਾਦ ਦੀਆਂ ਵਿਸ਼ੇਸ਼ਤਾਵਾਂ ਹਨ ਅਤੇ ਨਾ ਹੀ ਵਿਧੀ ਦੀਆਂ ਕਿਉਂਕਿ ਵਾਦ ਅਤੇ ਵਿਧੀ ਦਾ ਲਹੂ-ਮਾਸ ਦਾ ਰਿਸ਼ਤਾ ਹੁੰਦਾ ਹੈ। ਸੰਰਚਨਾਵਾਦ ਨਾ ਤਾਂ (ਸਮਾਜਕ ਅਸਲੀਅਤ ਨੂੰ) ਵਿਗਿਆਨਕ ਢੰਗ ਨਾਲ ਸਮਝਣ ਦੀ ਵਿਧੀ ਹੈ ਅਤੇ ਨਾ ਹੀ ਸਮਾਜਕ ਜੀਵਨ ਤਰਾਸ਼ਣ ਲਈ ਵਾਦ ਹੈ।"

ਸੰਰਚਨਾਵਾਦ ਦੇ 'ਅਪਾਹਜਪਣ' ਨੂੰ ਨੰਗਿਆਂ ਕਰਨ ਲਈ ਖਹਿਰਾ ਨੇ ਅਖੀਰ ਵਿਚ ਅਠ ਨੁਕਤੇ ਵੀ ਦਿਤੇ ਹਨ। ਉਸ ਨੇ ਇਸ ਦੀ ਅਸਲੀਅਤ ਵੀ ਦਸੀ ਹੈ। "ਜਦੋਂ ਅਸਤਿਤਵਵਾਦ ਮਾਰਕਸਵਾਦ ਦੀ ਮਾਰ ਨਾ ਸਹਿ ਸਕਿਆ ਤਾਂ ਆਪਣੇ ਘਰਾਂ ਤੋਂ ਚਲ ਗਿਆ।" "ਅਸਤਿਤਵਵਾਦ ਆਪਣੇ ਘਰ ਹੀ ਸਾਹ ਘੁਟ ਕੇ ਮਰਨ ਲਗਿਆ ਹੈ।" "ਫਿਰ ਫ਼ਰਾਂਸ ਦੇ ਬੁਰਜੁਆ ਸਕਾਲਰਾਂ ਨੂੰ ਇਕ ਗੱਲ ਸੁਝੀ। ਉਹਨਾਂ ਨੇ ਅਸਤਿਤਵਵਾਦ ਦੇ ਉਹ ਸਾਰੇ ਅਮਲੀ ਪੱਖ ਖਾਰਜ ਕਰ ਦਿਤੇ ਜਿਹਨਾਂ 'ਤੇ ਮਾਰਕਸਵਾਦ ਤਿੱਖਾ ਹਮਲਾ ਕਰਦਾ ਸੀ। ਉਹਨਾਂ ਅਸਤਿਤਵਵਾਦ ਦੀ ਰੂਹ ਨੂੰ ਸੰਰਚਨਾਵਾਦ ਦਾ ਮਖੌਟਾ ਪਹਿਨਾ ਕੇ ਫਿਰ ਸੁਰਜੀਤ ਕਰਨ ਦਾ ਯਤਨ ਕੀਤਾ।"

ਖਹਿਰਾ ਨੇ ਅੰਤ ਵਿਚ ਸੰਰਚਨਾਵਾਦ ਦੀ ਅਸਲੀਅਤ ਠੀਕ ਤਰ੍ਹਾਂ ਨੰਗੀ ਕੀਤੀ ਹੈ। "ਉਪਰੋਕਤ ਗੱਲਾਂ ਇਸ ਗੱਲ ਦਾ ਸਬੂਤ ਹਨ ਕਿ ਸੰਰਚਨਾਵਾਦ ਧੀਮੇਂ ਹਮਲੇ ਰਾਹੀਂ ਮਾਰਕਸਵਾਦੀ ਚੇਤਨਾ ਨੂੰ ਖੁੰਡਾ ਕਰਦਾ ਹੈ। ਇਸ ਦੀ ਸਿਰਜਣਾ ਇਸੇ ਮਕਸਦ ਨਾਲ ਕੀਤੀ ਗਈ ਹੈ।"

ਸਾਨੂੰ ਆਸ ਹੈ ਕਿ ਖਹਿਰਾ ਸਾਹਿਬ ਪੰਜਾਬੀ ਵਿਚ ਪ੍ਰਚਲਤ ਕੀਤੇ ਗਏ ਸੰਰਚਨਾਵਾਦ ਦੀ ਬਰਜੁਆ ਅਸਲੀਅਤ ਨੂੰ, ਉਸ ਦੇ ਮਾਰਕਸਵਾਦ ਦੇ ਵਿਰੋਧੀ ਰੋਲ ਨੂੰ ਵਧੇਰੇ ਵਿਸਥਾਰ ਨਾਲ ਖੋਲ੍ਹ ਕੇ ਪੇਸ਼ ਕਰਨਗੇ ਅਤੇ ਸਾਹਿਤ ਦੇ ਪਾਠਕਾਂ ਨੂੰ ਇਸ ਦੇ ਸ਼ਿਕੰਜੇ ਵਿਚੋਂ ਰਿਹਾ ਕਰਾਉਣ ਵਿਚ ਦੇ ਕੰਮ ਵਿਚ ਆਪਣਾ ਯੋਗਦਾਨ ਪਾਉਣਗੇ।

⊙ ਸੁੱਚਾ ਸਿੰਘ ਗਿੱਲ ਹੁਰਾਂ ਆਪਣੇ ਲੇਖ "ਸੰਤਾਲੀ ਤੋਂ ਬਾਅਦ ਭਾਰਤ ਦੀ ਆਰਥਕਤਾ 'ਤੇ ਵਿਦੇਸ਼ੀ ਗਲਬਾ" ਵਿਚ ਇਹ ਤੱਥ ਤਾਂ ਦਸ ਦਿਤਾ ਹੈ ਕਿ "ਆਜ਼ਾਦੀ ਦੀ ਜਦੋ-ਜਹਿਦ ਵਿਚ ਬਰਤਾਨਵੀ ਸਾਮਰਾਜ ਦੁਆਰਾ ਭਾਰਤ ਦੀ ਲੁਟ ਖਸੁਟ ਉਪਰ ਕਾਫ਼ੀ ਜ਼ੋਰ ਦਿਤਾ ਗਿਆ। ਆਜ਼ਾਦੀ ਹਾਸਿਲ ਹੋਣ ਤੋਂ ਹੀ ਭਾਰਤੀ ਹਾਕਮਾਂ ਨੇ ਵਿਦੇਸ਼ੀ ਸਰਮਾਏ ਵਲ ਆਪਣਾ ਨਜ਼ਰੀਆ ਬਦਲ ਲਿਆ ਅਤੇ ਇਕ-ਦਮ ਇਸ ਵਲ ਸਮਝੌਤੇ ਦਾ ਰੁਝਾਣ ਅਪਣਾ ਲਿਆ।" ਇਸ ਅਪਣਾਈ ਨੀਤੀ ਦਾ "ਨਤੀਜਾ ਇਹ ਨਿਕਲਿਆ ਕਿ ਭਾਰਤ ਦੀ ਵਿਦੇਸ਼ੀ ਸਰਮਾਏ ਉਪਰ ਨਿਰਭਰਤਾ ਵਧਦੀ ਗਈ।"..."ਇਸ ਤਰ੍ਹਾਂ ਭਾਰਤ ਦੀ ਯੋਜਨਾਬੰਦੀ ਵਿਚ ਵਿਦੇਸ਼ੀ ਕਰਜ਼ਿਆਂ ਉਪਰ ਨਿਰਭਰਤਾ ਵਧਦੀ ਹੀ ਗਈ।" ਬਣਦੀ ਬਣਦੀ ਸਾਡੀ ਆਰਥਕਤਾ ਕੀ ਬਣ ਗਈ? "ਇਸ ਨਾਲ ਸਮੂਹਕ ਨਵਬਸਤੀਵਾਦ ਦਾ ਕੰਮ ਸਰਕਾਰੀ ਤੌਰ 'ਤੇ ਭਾਰਤ ਵਿਚ ਸ਼ੁਰੂ ਹੋ ਗਿਆ ਅਤੇ ਸੰਸਾਰ ਬੈਂਕ ਦੇ ਭਾਰਤ ਵਿਚ ਦਖਲ ਨੂੰ ਸਰਕਾਰੀ ਤੌਰ 'ਤੇ ਮਾਨਤਾ ਮਿਲ ਗਈ।"...

ਇਸ ਸਾਰੇ ਵੇਗ ਦੇ ਅੰਦਰਲੇ ਭੇਤ ਦਾ ਚਾਨਣਾ ਤਾਂ ਸਾਡੇ ਅਰਥ-ਵਿਗਿਆਨੀਆਂ ਨੂੰ ਹੋਵੇਗਾ ਹੀ...ਪਰ ਇਹ ਮਜ਼ਮੂਨ ਆਮ ਪਾਠਕਾਂ ਵਾਸਤੇ ਵੀ ਹੈ। ਪਾਠਕਾਂ ਨੂੰ ਇਤਨਾ ਕੁ ਦਸ ਦੇਣ ਨਾਲ ("ਪਹਿਲਾਂ ਤਾਂ ਇਹ ਸੀ ਕਿ ਭਾਰਤ ਵਿਚ ਕੌਮੀ ਬਚਤ ਘਟ ਹੋਣ ਕਰਕੇ ਸਰਮਾਏ ਦੇ ਵਿਕਾਸ ਦੀ ਦਰ ਘਟ ਸੀ, ਦੂਸਰੇ ਭਾਰਤ ਦੀ ਆਰਥਕਤਾ ਨੂੰ ਆਧੁਨਿਕਕਰਨ ਅਤੇ ਨਵੀਂ ਤਕਨੀਕ ਤੇ ਹੁਨਰ ਦੀ ਜ਼ਰੂਰਤ...ਤੇ ਇਹਨਾਂ ਦੋਹਾਂ ਕਾਰਨਾਂ ਕਰਕੇ ਭਾਰਤ ਲਈ ਵਿਦੇਸ਼ੀ ਸਰਮਾਏ ਦੀ ਮਿਲਵਰਤਣ ਲੈਣੀ ਜ਼ਰੂਰੀ ਹੈ"...ਤੇ ਨਾਲੇ "1956 ਦੇ ਮਧ ਵਿਚ ਹੀ ਸਰਕਾਰ ਨੂੰ ਵਿਦੇਸ਼ੀ ਸਿੱਕੇ ਦਾ ਸੰਕਟ ਆ ਪਿਆ") ਇਸ ਪੂਰੇ ਵੇਗ ਦੇ ਅੰਦਰਲੇ ਭੇਤ ਬਾਰੇ ਉਹਨਾਂ ਨੂੰ ਪੂਰੀ ਰੋਸ਼ਨੀ ਨਹੀਂ ਮਿਲਦੀ।

ਆਜ਼ਾਦੀ ਆਇਆਂ ਸਿਆਸੀ ਤੌਰ 'ਤੇ ਸਾਡੀ ਬੰਦ-ਖਲਾਸ ਹੋਈ। ਲੈਨਿਨ ਕਹਿੰਦਾ ਹੈ—ਸਿਆਸਤ ਆਰਥਕਤਾ ਦਾ ਹੀ ਅਰਕ ਹੁੰਦੀ ਹੈ। ਸਿਆਸੀ ਤੌਰ 'ਤੇ ਬੰਦ-ਖਲਾਸ ਹੋਣ ਨਾਲ, ਸਾਡੀ ਆਰਥਕਤਾ ਦੀ ਤੋਰ ਆਜ਼ਾਦ ਕਦਮਾਂ ਰਾਹੀਂ ਹੋਣੀ ਚਾਹੀਦੀ ਸੀ। ਹੋਇਆ ਸਗੋਂ ਇਸ ਦੇ ਐਨ ਉਲਟ। ਸਾਡੀ ਆਰਥਕਤਾ ਸਾਮਰਾਜ ਅਗੇ ਗਹਿਣੇ ਪੈ ਗਈ। ਸਪਸ਼ਟ ਹੀ ਇਹ ਸਾਡੀ ਸਰਮਾਏਦਾਰੀ ਲੀਹਾਂ 'ਤੇ ਤੋਰ ਦਾ ਸਿੱਟਾ ਹੈ।

ਸੁੱਚਾ ਸਿੰਘ ਹੁਰਾਂ ਨੂੰ ਕਾਬਜ਼ ਨਿਜ਼ਾਮ ਦੇ ਕੰਮ ਕਰਦੇ ਅੰਦਰਲੇ ਸਪਰਿੰਗ ਵਿਖਾਉਣੇ ਚਾਹੀਦੇ ਸਨ ਜਿਸ ਤੋਂ ਪਾਠਕ ਨੂੰ ਸਮਝ ਆਉਂਦੀ ਕਿ ਸਾਡੀ ਆਰਥਕਤਾ ਆਜ਼ਾਦ ਹੋਣ ਦੀ ਥਾਂ ਆਖਰ ਕਿਉਂ ਸਾਮਰਾਜ ਕੋਲ ਗਹਿਣੇ ਪੈਂਦੀ ਚਲੀ ਗਈ ਹੈ? ਅਤੇ ਕਿਸ ਤਰ੍ਹਾਂ ਗਹਿਣੇ ਪੈ ਗਈ ਹੈ?

* Science would be superfluous if there were not difference between the appearance of things and their essence. Karl Marx, Das Capital, Book III, Vol, III.

ਇਸ ਨਿਜ਼ਾਮ ਵਿਚ ਇਸ ਦਾ ਗਹਿਣਾ ਪੈਣਾ ਕਿਉਂ ਲਾਜ਼ਮੀ ਸੀ ?

ਆਸ ਹੈ ਸੁੱਚਾ ਸਿੰਘ ਹੁਰੀਂ ਗੱਲ ਨੂੰ ਇਸ ਤੈਹ ਤਕ ਪਹੁੰਚਾਣ ਦਾ ਜਤਨ ਕਰਨਗੇ । ਤਾਂ ਹੀ ਆਰਥਕਤਾ ਦੀ ਤੋਰ ਦਾ ਕਾਨੂੰਨ ਤੇ ਉਸ ਦਾ ਅੰਦਰਲਾ ਭੇਤ ਪਾਠਕ ਦੇ ਪੱਲੇ ਪੈ ਸਕੇਗਾ । ਸਰੀਹਨ ਦਿਸਦੇ ਤੱਥਾਂ ਨੂੰ ਹੀ ਲਾਮਬੰਦ ਕਰ ਕੇ ਪਾਠਕਾਂ ਸਾਹਮਣੇ ਰਖੀ ਜਾਣਾ ਪਾਠਕਾਂ ਨਾਲ ਬੇਇਨਸਾਫ਼ੀ ਹੈ । ਇਹ ਮਾਰਕਸਵਾਦੀ ਤਰੀਕਾ ਵੀ ਨਹੀਂ ਹੈ । ਸਮਝਾਉਣਾ ਅੰਦਰਲਾ ਭੇਤ ਚਾਹੀਦਾ ਹੈ । ਆਸ ਹੈ ਸੁੱਚਾ ਸਿੰਘ ਹੁਰੀਂ ਪਾਠਕ ਨੂੰ ਆਪਣਾ-ਨਾਲ-ਦਾ-ਸਾਥੀ-ਬਣਾਉਣਗੇ, ਸਾਹਮਣੇ ਬਿਠਾਇਆ ਪਹਿਲੀ ਜਮਾਤ ਦਾ ਵਿਦਿਆਰਥੀ ਨਹੀਂ ।

⊙ ਜ਼ਿੰਦਗੀ ਨਿਤ ਨਵੇਂ ਮਸਲੇ ਸਾਡੇ ਸਾਹਮਣੇ ਲਿਆ ਖੜੇ ਕਰਦੀ ਹੈ । ਉਹ ਫੌਰੀ ਧਿਆਨ ਮੰਗਦੇ ਹਨ । ਉਹਨਾਂ ਦੀ ਤਤਪਰ ਪੁਣ ਛਾਣ ਕਰਨੀ ਮਾਰਕਸਵਾਦੀਆਂ ਲਈ ਜ਼ਰੂਰੀ ਹੁੰਦੀ ਹੈ। ਉਦੋਂ ਹੀ ਤੱਤੇ ਘਾਹ ਹੋ ਜਾਵੇ ਤਾਂ ਪਾਠਕ ਐਜੂਕੇਟ ਹੋ ਜਾਂਦਾ ਹੈ...ਕਿਉਂਕਿ ਉਦੋਂ ਉਹ ਗੱਲ ਪਾਠਕ ਦੇ ਐਨ ਚਿੱਤ ਵਿਚ ਹੁੰਦੀ ਹੈ । ਵਕਤ ਲੰਘ ਜਾਣ ਨਾਲ ਗੱਲ ਠੰਢੀ ਪੈ ਜਾਂਦੀ ਹੈ । ਫਿਰ ਕੀਤੀ ਉਸ ਦੀ ਪੁਣ-ਛਾਣ ਜਾਂ ਵਿਆਖਿਆ ਪਾਠਕ ਦੇ ਮਨ ਉਤੇ ਡੂੰਘੀ ਛਾਪ ਨਹੀਂ ਛਡਦੀ। ਅਜਿਹੇ ਮਸਲਿਆਂ ਦੀਆਂ ਅਨੇਕਾਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ । ਫਿਲਹਾਲ ਨਮੂਨੇ ਵਜੋਂ ਦੋ ਮਿਸਾਲਾਂ ਲੈਂਦੇ ਹਾਂ ।

ਜਦ ਕਦੀ ਕਾਮੇਂ ਉਜਰਤ / ਤਨਖਾਹਾਂ ਵਿਚ ਵਾਧੇ ਦੀ ਜਾਂ ਬੋਨਸ ਦੀ ਮੰਗ ਕਰਦੇ ਹਨ, ਕੀ ਸਰਕਾਰ ਅਤੇ ਕੀ ਬੁਰਜੂਆ ਅਰਥ-ਵਿਗਿਆਨੀ, ਸਭ ਉਹਨਾਂ ਦੇ ਮੂੰਹ 'ਤੇ ਇਸ ਦਲੀਲ ਦੀ ਚਪੇੜ ਮਾਰਦੇ ਹਨ : ਉਜਰਤਾਂ ਵਿਚ, ਤਨਖਾਹਾਂ ਵਿਚ ਵਾਧਾ ਕਰਾਂਗੇ ਤਾਂ ਐਨੇ ਕਰੋੜ ਰੁਪਿਆ ਹੋਰ ਮਾਰਕੀਟ ਵਿਚ ਆ ਜਾਵੇਗਾ, ਅਤੇ ਉਸ ਦੇ ਸਿੱਟੇ ਵਜੋਂ ਵਸਤਾਂ ਦੀਆਂ ਕੀਮਤਾਂ ਹੋਰ ਉਤਾਂਹ ਚੜ੍ਹ ਜਾਣਗੀਆਂ । ਜਦ ਥੋੜੀਆਂ ਵਸਤਾਂ ਪਿਛੇ ਬਹੁਤਾ ਸਰਮਾਇਆ ਦੌੜੇਗਾ...ਕੀਮਤਾਂ ਤਾਂ ਚੜ੍ਹਨਗੀਆਂ ਹੀ—ਉਹ ਕਾਮਿਆਂ ਨੂੰ ਸਮਝਾਉਂਦੇ ਹਨ । ਸਾਰਾ ਬੁਰਜੂਆ ਪ੍ਰੈਸ ਇਹ ਮੁਹਾਰਨੀ ਐਸੀ ਸੁਰ ਵਿਚ ਬੋਲਦਾ ਹੈ ਕਿ ਦਰਮਿਆਨੇ ਤਬਕੇ ਦੇ ਨਾਂ ਨਿਹਾਦ ਪੜ੍ਹੇ-ਲਿਖੇ ਲੋਕ ਵੀ ਇਸ ਨੂੰ ਸੱਚ ਕਰ ਕੇ ਜਾਣਨ ਲਗ ਪੈਂਦੇ ਹਨ । ਵਰਕਰ ਸਮਝਣਾ ਚਾਹੁੰਦੇ ਹਨ ਕਿ ਇਹ ਸਾਰਾ ਚਕਰ ਕੀਹ ਹੈ । ਕੀ ਮਾਰਕੀਟ ਵਿਚ ਅਗੇ ਹੀ ਬਹੁਤ ਪੈਸਾ ਹੈ ? ਜੇ ਹੈ, ਤਾਂ ਉਹ ਕੀਹਦੇ ਬੋਝੇ ਵਿਚ ਹੈ ? ਕੀ ਵਸਤਾਂ ਦੀ ਦੇਸ਼ ਵਿਚ ਬਹੁਤ ਘਾਟ ਹੈ ? ਦੁਕਾਨਾਂ, ਸਟੋਰ, ਜ਼ਖ਼ੀਰੇ, ਗੁਦਾਮ ਤਾਂ ਮਾਲ ਨਾਲ ਹਰ ਵੇਲੇ ਤੂੜੇ ਰਹਿੰਦੇ ਹਨ । ਚੀਜ਼ਾਂ ਦੀ ਘਾਟ ਤਾਂ ਕਿਤੇ ਦੀਹਦੀ ਨਹੀਂ । ਸਿਰਫ਼ ਵਰਕਰ, ਆਮ ਲੋਕ ਉਹਨਾਂ ਨੂੰ ਖਰੀਦ ਨਹੀਂ ਸਕਦੇ । ਇਥੇ ਮਸਲਾ ਤਾਂ ਖੀਸੇ 'ਚ ਪੈਸੇ ਨਾ ਹੋਣ ਦਾ ਹੈ । ਇਹ ਨਹੀਂ ਕਿ ਵਸਤਾਂ ਦੀ ਘਾਟ ਹੈ ਜਿਵੇਂ ਬੁਰਜੂਆ ਅਰਥ-ਵਿਗਿਆਨੀ ਉਹਨਾਂ ਨੂੰ ਦਸਦੇ ਹਨ ।

ਨਾਲ ਹੀ ਸਬੰਧਤ ਗੱਲ ਹੈ—ਕਿਹੜੀਆਂ ਵਸਤਾਂ ਦੀ ਉਪਜ ਅਤੇ ਕਿਹੜੀਆਂ ਦੀ ਘਾਟ। ਪਹਿਲ ਕਿਹੋ ਜਿਹੀਆਂ ਵਸਤਾਂ ਬਣਾਉਣ ਨੂੰ ਦੇਣੀ ਹੈ ਅਤੇ ਕਿਹੋ ਜਿਹੀਆਂ ਨੂੰ ਵਿਕਾਸ ਦੇ ਅਗਲੇ ਪੜਾਅ 'ਤੇ ਹੱਥ ਪਾਉਣਾ ਹੈ । ਮਨੁਖੀ ਲੋੜਾਂ ਲਈ ਕਿਹੜੀਆਂ ਕਿਹੜੀਆਂ ਵਸਤਾਂ ਚਾਹੀਦੀਆਂ ਹਨ ਅਤੇ ਮੁਨਾਫ਼ੇ ਦੀ ਗਰਜ਼ ਦੇ ਘੋੜੇ 'ਤੇ ਚੜ੍ਹੇ ਇਹ ਸਨਅਤਕਾਰ ਕਿਹੜੀਆਂ ਕਿਹੜੀਆਂ ਅਤੇ ਕਿਸ ਕਿਸ ਕਿਸਮ ਦੀਆਂ ਬਣਾਉਟੀ ਲੋੜਾਂ ਨੂੰ ਜਗਾਈ ਜਾ ਰਹੇ ਹਨ ਅਤੇ ਵਧਾਈ ਜਾ ਰਹੇ ਹਨ ।

ਲੋੜ ਹੈ ਸਾਡੇ ਅਰਥ-ਵਿਗਿਆਨੀ ਉਪਰ ਦਸੀ ਗਈ ਬੁਰਜੂਆ ਸਕਾਲਰਾਂ ਦੀ ਦਲੀਲ ਦੀ ਅਸਲੀਅਤ ਨੂੰ ਨੰਗਿਆ ਕਰਨ, ਉਸ ਦੇ ਪਰਖਚੇ ਉਡਾਣ । ਨਾਲ ਹੀ ਇਸ ਸਰਮਾਏਦਾਰੀ ਢਾਂਚੇ ਵਿਚ ਮੁਨਾਫ਼ੇ ਦੀ ਗਰਜ਼ ਦੇ ਪਟੇ 'ਤੇ ਚੜ੍ਹੀ ਵਸਤਾਂ ਦੀ ਉਪਜ ਅਤੇ ਉਸ ਦੀ ਵੰਡ ਬਾਰੇ ਜਨਸਾਧਾਰਨ ਨੂੰ ਭਰਪੂਰ ਵਾਕਫ਼ੀ ਦੇਣ । ਇਹ ਸਾਡੇ ਮਾਰਕਸਵਾਦੀ ਅਰਥ-ਵਿਗਿਆਨੀਆਂ ਸਾਹਮਣੇ ਬੜੀ ਭਾਰੀ ਚਣੌਤੀ ਹੈ ।



ਦੂਜੀ ਮਿਸਾਲ : ਦੇਸ਼ ਵਿਚ ਹਾਕਮ ਜਮਾਤਾਂ ਨੇ ਅਤੇ ਉਹਨਾਂ ਦੀ ਦੱਲਾਗੀਰੀ ਕਰਨ ਵਾਲੀਆਂ ਮਧ-ਵਰਗੀ ਜਮਾਤਾਂ ਨੇ ਐਕਸਪੋਰਟ ਨੂੰ ਅਜ ਖ਼ੁਦਾ ਬਣਾਇਆ ਹੋਇਆ ਹੈ । ਜਿੰਨੀ ਵਧ ਤੋਂ ਵਧ ਦੇਸ ਐਕਸਪੋਰਟ ਕਰੇਗਾ, ਉਤਨੀ ਹੀ ਵਧ ਤੋਂ ਵਧ ਦੇਸ਼ ਤਰੱਕੀ ਕਰੇਗਾ — ਉਹ ਕਹਿੰਦੇ ਹਨ । ਗੰਢਿਆਂ ਦੀ ਮੰਗ ਅਰਬ ਦੇਸ਼ਾਂ ਵਿਚ ਵਧੀ ਹੈ, ਭੇਜੋ, ਐਕਸਪੋਰਟ ਕਰੋ ! ਇਥੇ ਭਾਵੇਂ ਗੰਢੇ ਸਾਢੇ ਤਿੰਨ ਰੁਪੈ ਕਿਲੋ ਹੋ ਜਾਣ, ਭੇਜੋ । ਹੋਰ ਭੇਜੋ, ਕੋਈ ਪ੍ਰਵਾਹ ਨਹੀਂ । ਬਦੇਸ਼ੀ ਸਿੱਕਾ ਕਮਾਉ, ਵਧ ਤੋਂ ਵਧ ਕਮਾਉ ।

ਅਕਲ ਤਾਂ ਇਹ ਕਹਿੰਦੀ ਹੈ ਕਿ ਭਈ, ਜਿਸ ਚੀਜ਼ ਦੀ ਆਪਣੇ ਦੇਸ਼-ਵਾਸੀਆਂ ਨੂੰ ਲੋੜ ਹੈ, ਉਹ ਬਾਹਰ ਮਤ ਭੇਜੋ । ਜੇ ਤੁਸੀਂ ਆਪਣੀ ਗਰੀਬ ਜਨਤਾ ਨੂੰ ਕੇਕ ਦੇਣ ਜੋਗੇ ਨਹੀਂ ਤਾਂ ਘਟ ਤੋਂ ਘਟ ਉਹਨਾਂ ਨੂੰ ਮਿੱਸੀ ਰੋਟੀ ਤਾਂ ਗੱਠੇ ਨਾਲ ਖਾ ਲੈਣ ਦਿਉ । ਪਰ ਜੇ ਕਿਸੇ ਮਜਬੂਰੀ ਕਾਰਨ ਗੱਠੇ ਬਰਾਮਦ ਕਰਨੇ ਵੀ ਪੈ ਜਾਣ ਤਾਂ ਉਹਨਾਂ ਨਾਲ ਕਮਾਈ ਮੁਦਰਾ ਦੀ ਕੋਈ ਅਜਿਹੀ ਵਸਤ, ਮਸ਼ੀਨ ਬਾਹਰੋਂ ਲਿਆਂਦੀ ਜਾਵੇ ਜਿਸ ਨਾਲ ਦੇਸ਼ ਦੀ ਵਸੋਂ ਦੀ ਕੋਈ ਹੋਰ ਲੋੜ ਪੂਰੀ ਕਰਨ ਵਿਚ ਸਹਾਇਤਾ ਹੋਵੇ । ਚਲੋ, ਗੰਢੇ ਬਰਾਮਦ ਕਰ ਦਿਤੇ ਅਤੇ ਵਧੇਰੇ ਝਾੜ ਵਾਲੇ ਅਨਾਜ ਦੇ ਬੀ, ਖਾਦਾਂ, ਜਾਂ ਕੋਈ ਕਾਰਗਰ ਜੰਤਰ ਬਾਹਰੋਂ ਲੈ ਆਂਦਾ ।

ਪਰ ਇਥੇ ਕੀ ਹੋ ਰਿਹਾ ਹੈ ? ਪੇਟ ਕਟਿਆ ਜਾ ਰਿਹਾ ਹੈ ਜਨ-ਸਾਧਾਰਨ ਦਾ, ਪਿੰਡਾ ਨੰਗਾ ਕੀਤਾ ਜਾ ਰਿਹਾ ਹੈ ਆਮ ਆਦਮੀ ਦਾ...ਤੇ ਦੇਸ਼ ਦੀ ਹਰ ਵਸਤ ਨੂੰ ਐਕਸਪੋਰਟ ਕਰ ਕੇ ਬਾਹਰੋਂ ਵਧੇਰੇ ਉਨਤ ਟੈਕਨਾਲੋਜੀ ਮੰਗਵਾ ਕੇ ਅਜਿਹਾ ਉਨਤ ਅਤੇ ਮਹਿੰਗਾ ਮਾਲ ਤਿਆਰ ਕੀਤਾ ਜਾ ਰਿਹਾ ਹੈ ਜਿਸ ਨੂੰ ਖਰੀਦ ਸਕਦੇ ਹਨ ਸਿਰਫ਼ ਸਾਡੇ ਧਨਵਾਨ, ਸਾਡਾ ਈਲੀਟ...ਅਤੇ ਉਹ ਸਾਰਾ ਇਥੇ ਵਿਕ ਨਹੀਂ ਸਕਦਾ ਕਿਉਂਕਿ ਵਸੋਂ ਦੇ 95 ਫ਼ੀ ਸਦੀ ਹਿੱਸੇ ਦੀ ਖਰੀਦ-ਸ਼ਕਤੀ ਬਹੁਤ ਹੀ ਘਟ ਹੈ, ਇਸ ਲਈ ਉਸ ਕੀਮਤੀ ਮਾਲ ਨੂੰ ਫਿਰ ਐਕਸਪੋਰਟ ਕਰਨ ਦੀਆਂ ਪਲਾਨਾਂ ਬਣਾਈਆਂ ਜਾਂਦੀਆਂ ਹਨ । ਇਹ ਇਕ ਐਸਾ ਚੱਕਰ ਹੈ, ਲੋਕਾਂ ਨਾਲ ਐਸੀ ਠੱਗੀ ਹੈ ਜਿਸ ਬਾਰੇ ਸਾਡੇ ਅਰਥ-ਵਿਗਿਆਨੀ ਚੁਪ ਹਨ। ਕਿਉਂ ?

—ਅਦਾਰਾ ਸੇਧ

---

## ਸੇਧ ਦੀਆਂ ਜਿਲਦ-ਬੱਝੀਆਂ ਫ਼ਾਈਲਾਂ

1978 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫ਼ਾਈਲਾਂ ਲਈ ਸਾਨੂੰ ਸਿਧਿਆਂ ਲਿਖੋ। ਕੀਮਤ ਫ਼ੀ ਫ਼ਾਈਲ ਵੀਹ ਰੁਪੈ । ਰਕਮ ਮਨੀਆਰਡਰ ਦੁਆਰਾ ਭੇਜੋ । ਡਾਕਖ਼ਰਚ ਸਾਡਾ ਹੋਵੇਗਾ ।

o

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

*With Best Compliments*
*From*

**INDIAN BUS SERVICE REGD.**
**MALERKOTLA**



ਕਿਸ਼ਨ ਸਿੰਘ

## ਜੱਟਵਾਦ ਨੂੰ ਸਿੱਖੀ ਦਾ ਮੂਲ ਕਿਉਂ ਬਣਾਇਆ ਜਾ ਰਿਹਾ ਹੈ ?

ਮਜ਼ਬ ਸਿਰਫ਼ ਸਿਧਾਂਤ ਹੀ ਨਹੀਂ ਹੁੰਦਾ; ਵਿਚਾਰਧਾਰਕ ਅਡੰਬਰ ਵੀ ਹੁੰਦਾ ਹੈ, ਵਿਚਾਰਧਾਰਕ ਅਡੰਬਰ ਦਾ ਹਿੱਸਾ ਹੁੰਦਾ ਹੈ। ਸਾਡੇ ਸਮਾਜ ਵਿਚ ਇਹ ਕਲਚਰ ਦਾ ਅਹਿਮ ਅੰਗ ਹੈ। ਵਖ ਵਖ ਮਜ਼ਬੀ ਧੜਿਆਂ ਦੀਆਂ ਬੁਰਜੁਆਜ਼ੀਆਂ ਨੇ ਆਪੋ ਆਪਣੇ ਮਜ਼ਬਾਂ ਨੂੰ ਅਤੇ ਮਜ਼ਬੀ ਸੰਸਥਾਵਾਂ ਨੂੰ ਆਪਣੇ ਢਹੇ ਚੜ੍ਹਾਇਆ ਹੋਇਆ ਹੈ ਅਤੇ ਉਹਨਾਂ ਨੂੰ ਫਿਰਕੂ ਜ਼ਹਿਨੀਅਤ ਪੈਦਾ ਕਰਨ ਦਾ ਵਸੀਲਾ ਬਣਾਇਆ ਹੋਇਆ ਹੈ। ਇਸ ਕਰਨੀ ਦੇ ਭਿਆਨਕ ਸਿੱਟੇ ਸਭ ਦੇ ਸਾਹਮਣੇ ਹਨ। ਮਜ਼ਬ ਉਸਾਰ ਦਾ ਅੰਗ ਹੋਣ ਕਰਕੇ, ਵਿਚਾਰਧਾਰਕ ਅਡੰਬਰ ਦਾ ਹਿੱਸਾ ਹੋਣ ਕਰਕੇ ਵਸੋਂ ਦੇ ਸਮਾਜਕ ਸਿਆਸੀ ਵਰਤਾਰੇ ਉਤੇ ਗਹਿਰਾ ਅਸਰ ਰਖਦਾ ਹੈ। ਜਿਸ ਜਮਾਤ ਦਾ ਹੁੰਦਾ ਹੈ, ਜਿਸ ਜਮਾਤ ਦੇ, ਜਾਂ ਤਬਕੇ ਦੇ ਹੱਥ ਹੁੰਦਾ ਹੈ ਉਸ ਦੇ ਹੱਥ ਵਿਚ ਲੋਕਾਂ ਦੇ ਮਨਾਂ 'ਤੇ ਅਸਰ ਪਾਉਣ ਦਾ ਕਾਰਗਰ ਸੰਦ ਹੁੰਦਾ ਹੈ। ਸੋ ਹਰ ਹਾਕਮ ਜਮਾਤ ਇਸ ਨੂੰ ਆਪਣੇ ਕਾਬੂ ਕਰਨ ਦੀ ਕਰਦੀ ਹੈ।

ਗੁਰੂ ਸਾਹਿਬਾਨ ਦੀ ਸਿਰਜੀ ਸਿੱਖੀ ਵਿਚ ਸਮੇਂ ਸਮੇਂ ਦੀਆਂ ਹਾਕਮ ਜਮਾਤਾਂ ਕੀ ਕੀ, ਤੇ ਕਿਸ ਕਿਸ ਤਰ੍ਹਾਂ ਵਿਗਾੜ ਪਾਉਂਦੀਆਂ ਆਈਆਂ ਤੇ ਕਿਸ ਤਰ੍ਹਾਂ ਉਸ ਨੂੰ ਆਪਣਾ ਜਮਾਤੀ ਸੰਦ ਬਣਾ ਕੇ ਵਰਤਦੀਆਂ ਆਈਆਂ, ਇਸ ਨੂੰ ਠੋਸ ਹਵਾਲੇ ਦੇ ਕੇ ਇਤਿਹਾਸਕ ਤੌਰ 'ਤੇ ਪੇਸ਼ ਕਰਨਾ ਇਕ ਵੱਡਾ ਅਤੇ ਜ਼ਰੂਰੀ ਮਜ਼ਮੂਨ ਹੈ ਤੇ ਇਸ ਨੂੰ ਹੱਥ ਪਾਇਆ ਜਾਣਾ ਚਾਹੀਦਾ ਹੈ। ਇਸ ਹਥਲੇ ਸੰਖੇਪ ਲੇਖ ਵਿਚ ਇਹ ਕਾਰਜ ਮੁਮਕਿਨ ਨਹੀਂ। ਏਥੇ ਸਿਰਫ਼ ਕੁਝ ਗੱਲਾਂ ਵਲ ਇਸ਼ਾਰਾ ਹੀ ਕੀਤਾ ਜਾ ਸਕਦਾ ਹੈ।

ਜਿਸ ਤਰ੍ਹਾਂ ਬਹੁਤ ਵੇਰ ਅਗੇ ਵੀ ਦਸਿਆ ਜਾ ਚੁਕਾ ਹੈ ਮਿਸਲਾਂ ਦੇ ਵੇਲੇ ਸਿੱਖ ਲਹਿਰ ਦਾ ਅੰਦਰੋਂ ਜੁੱਸਾ ਵਿਗੜਿਆ ਤੇ ਇਹ ਫ਼ੀਊਡਲ-ਵਿਰੋਧੀ ਤੋਂ ਆਪ ਫ਼ੀਊਡਲ ਬਣ ਬੈਠੀ। ਪਹਿਲਾਂ ਮਿਸਲਾਂ ਦੇ ਸਰਦਾਰਾਂ ਤੇ ਫੇਰ ਰਣਜੀਤ ਸਿੰਘ ਦੀ ਫ਼ੀਊਡਲ ਸਟੇਟ ਨੇ ਸਿੱਖੀ ਦੇ ਅਸਲੇ ਨੂੰ ਵਿਗਾੜ ਕੇ ਉਸ ਵਿਚ ਫ਼ੀਊਡਲ ਹਿੱਤ ਪਾਇਆ ਅਤੇ ਸਿੱਖ ਵਸੋਂ ਵਿਚ ਜੋ ਗੁਰੂ ਸਾਹਿਬਾਨ ਤੇ ਉਹਨਾਂ ਦੀ ਸਿਰਜੀ ਸਿੱਖੀ ਵਾਸਤੇ ਜਜ਼ਬਾ ਸੀ, ਉਸ ਨੂੰ ਆਪਣੇ ਹਿੱਤ ਵਾਸਤੇ ਕਾਮਯਾਬੀ ਨਾਲ ਵਰਤਿਆ। "ਰਣਜੀਤ ਸਿੰਘ ਨੇ ਇਹ ਵੇਖ ਕੇ ਕਿ ਇਹਨਾਂ ਸ਼੍ਰੇਣੀਆਂ (ਧਾਰਮਕ ਸ਼੍ਰੇਣੀਆਂ) ਦਾ ਆਮ ਲੋਕਾਂ ਉਤੇ ਕਿੰਨਾ ਜ਼ਿਆਦਾ ਪ੍ਰਭਾਵ ਹੈ, ਇਹਨਾਂ ਨੂੰ ਆਪਣੀ ਮਿਹਰ ਦਾ ਪਾਤਰ ਬਣਾਇਆ, ਧਰਮ ਅਰਥ ਜਾਗੀਰਾਂ ਬਖ਼ਸ਼ੀਆਂ, ਨੌਕਰੀਆਂ ਦਿੱਤੀਆਂ, ਰੁਪਏ ਪੈਸੇ ਦੀ ਮਦਦ ਦਿੱਤੀ ਤੇ ਆਦਰ ਮਾਣ ਦਿੱਤਾ। ਇਸ ਦੇ ਬਦਲੇ ਵਿਚ ਇਹਨਾਂ ਸਭ ਨੇ ਮਹਾਰਾਜ ਸਾਹਿਬ ਦਾ ਜੱਸ ਗਾਇਆ ਅਤੇ

ਉਸ ਦੇ ਰਾਜ ਦੇ ਹੱਕ ਵਿਚ ਪ੍ਰਚਾਰ ਕੀਤਾ, ਜਿਸ ਕਾਰਨ ਸਿੱਖ ਰਾਜ਼ ਦੀਆਂ ਜੜ੍ਹਾਂ ਨੂੰ ਮਜ਼ਬੂਤੀ ਮਿਲੀ ।*

ਪੰਜਾਬ ਉਤੇ ਬਰਤਾਨਵੀ ਸਾਮਰਾਜ ਦਾ ਕਬਜ਼ਾ ਹੋਇਆ । ਹੁੰਦਿਆਂ ਹੁੰਦਿਆਂ ਸਮਾਜ ਵਿਚ ਸਰਮਾਏਦਾਰੀ ਨੇ ਜਨਮ ਲਿਆ । ਜਿਸ ਤਰ੍ਹਾਂ ਕਈ ਵੇਰ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁਕਾ ਹੈ ਪੰਜਾਬ ਵਿਚ ਪੰਜਾਬੀ ਨੈਸ਼ਨੈਲਿਟੀ—ਪੰਜਾਬੀ ਬੁਰਜੁਆਜ਼ੀ—ਨਾ ਉੱਸਰੀ । ਪੰਜਾਬ ਵਿਚ ਬੁਰਜੁਆਜ਼ੀਆਂ ਉੱਸਰੀਆਂ ਆਪੋ ਆਪਣੇ ਮਜ਼ਬੀ ਦਾਇਰਿਆਂ ਵਿਚ ਤੇ ਬੁਰਜੁਆ ਜੁੱਸੇ ਅਨੁਸਾਰ ਇਕ ਦੂਸਰੇ ਦੇ ਵਿਰੋਧੀ । ਹਰ ਬੁਰਜੁਆਜ਼ੀ ਨੇ ਆਪੋ ਆਪਣੇ ਦਾਇਰੇ ਦੇ ਉਦਾਲੇ ਵਾੜ ਕੀਤੀ, ਉਸ ਨੂੰ ਮਜ਼ਬੂਤ ਬਣਾਉਣ ਦੀ ਹਰ ਮੁਮਕਿਨ ਕੋਸ਼ਿਸ਼ ਕੀਤੀ । ਇਸਲਾਮੀ ਦਾਇਰਾ ਤਾਂ ਸਿੱਖ ਵਸੋਂ ਨੂੰ ਆਪਣੇ ਵਿਚ ਹਜ਼ਮ ਕਰ ਹੀ ਨਹੀਂ ਸੀ ਸਕਦਾ, ਸੁ ਹਿੰਦੂ ਦਾਇਰਾ ਆਪਣੀ ਉਠਦੀ ਬੁਰਜੁਆਜ਼ੀ ਦੀ ਅਗਵਾਈ ਹੇਠ ਸਿੱਖ ਵਸੋਂ ਨੂੰ ਹੜਪ ਕਰ ਰਿਹਾ ਸੀ । ਸੋ ਉਠਦੀ ਸਿੱਖ ਬੁਰਜੁਆਜ਼ੀ ਨੇ ਆਪਣੇ ਦਾਇਰੇ ਨੂੰ ਸੰਭਾਲਣ ਵਾਸਤੇ ਨਾਹਰਾ ਦਿੱਤਾ, "ਹੱਮ ਹਿੰਦੂ ਨਹੀਂ ਹੈਂ ।" ਰਾਜ ਚੂੰਕਿ ਬਰਤਾਨਵੀ ਸਾਮਰਾਜ ਦਾ ਸੀ, ਉਠਦੀ ਸਿੱਖ ਬੁਰਜੁਆਜ਼ੀ ਨੂੰ ਹਿੰਦੂ ਬੁਰਜ਼ੁਆਜ਼ੀ ਦਾ ਅਜੇ ਡਰ ਨਹੀਂ ਸੀ, ਉਸ ਨੇ ਇਸ ਨਾਹਰੇ ਨੂੰ ਰੱਜ ਕੇ ਵਾਹਿਆ ਤੇ ਆਪਣੇ ਖਿਖਰ ਰਹੇ ਦਾਇਰੇ ਨੂੰ ਮੁੜ ਕਾਇਮ ਕੀਤਾ । ਮੁਲਕ ਦੀ ਉਠਦੀ ਬੁਰਜੁਆਜ਼ੀ ਦੀ ਅਗਵਾਈ ਹੇਠ ਰਾਸ਼ਟਰੀ ਆਜ਼ਾਦੀ ਵਾਸਤੇ ਚੂੰਕਿ ਬਰਤਾਨਵੀ ਸਾਮਰਾਜ ਦੇ ਵਿਰੁਧ ਜਦੋ-ਜਹਿਦ ਹੋ ਰਹੀ ਸੀ, ਸਮਾਜ ਦੀ ਫ਼ਿਜ਼ਾ ਵਿਚ ਇਨਕਲਾਬ ਦੀ ਖ਼ੁਸ਼ਬੋ ਸੀ, ਸੋ ਪੈਦਾ ਹੋ ਰਹੀ ਸਿੱਖੀ ਵਿਚ ਭਾਰੂ ਜੁਜ਼ ਤਾਂ ਕੁਦਰਤੀ ਬੁਰਜੁਆ ਸਿੱਖੀ ਦਾ ਹੀ ਸੀ, ਪਰ ਬਾਬਾ ਵਿਸਾਖਾ ਸਿੰਘ ਕਿਆਂ ਦੀ ਸਿੱਖੀ ਨੇ ਵੀ ਜਨਮ ਲਿਆ । ਉਠ ਰਹੀ ਸਿੱਖ ਬੁਰਜੁਆਜ਼ੀ ਦੇ ਮੋਟੇ ਦੋ ਧੜੇ ਸਨ—ਇਕ ਚੀਫ਼ੀਏ ਤੇ ਦੂਸਰੇ ਅਕਾਲੀ ਅਤੇ ਅਮਲ ਦੀ ਪੱਧਰ 'ਤੇ ਇਹਨਾਂ ਦੋਹਾਂ ਧਿਰਾਂ ਦੀਆਂ ਦੋ ਸਿੱਖੀਆਂ ਸਨ—ਇਕ ਅੰਗਰੇਜ਼-ਪ੍ਰਾਪਤ ਤੇ ਦੂਸਰੀ, ਉਸ ਦੇ ਵਿਰੋਧੀ । ਪਰ ਇਸ ਦੇ ਵਿਸਥਾਰ ਵਿਚ ਜਾਣ ਦੀ ਏਥੇ ਸਾਨੂੰ ਲੋੜ ਨਹੀਂ ਹੈ ।

ਅਕਾਲੀ ਧੜੇ ਨੇ ਉਠਦਿਆਂ ਅਮਲੀ ਪੱਧਰ 'ਤੇ ਤਾਂ ਬਹੁਤ ਕੁਛ ਕੀਤਾ ਪਰ ਸਿੱਖੀ ਦੀ ਵਿਆਖਿਆ ਵਿਚ, ਸਿਧਾਂਤਕ ਪੱਧਰ 'ਤੇ, ਆਪਣਾ ਖਾਸ ਰੈਸ਼ਨੇਲ ਬਣਾਉਣ ਵਿਚ ਕੋਈ ਖਾਸ ਮੱਲ ਨਾ ਮਾਰੀ । ਜਦੋਂ ਅਕਾਲੀ ਲਹਿਰ ਅਮਲੀ ਪੱਧਰ 'ਤੇ ਠੰਢੀ ਪੈ ਗਈ ਤਾਂ ਇਹ ਧਿਰ ਵੀ, ਚੀਫ਼ੀਆਂ ਵਾਲੀ ਕੀਤੀ ਸਿੱਖੀ ਦੀ ਵਿਆਖਿਆ ਨੂੰ ਹੀ ਪ੍ਰਵਾਨ ਕਰ ਬੈਠੀ । ਗੁਰਬਾਣੀ ਦੇ ਉਘੇ ਟੀਕਾਕਾਰ, ਸਿੱਖੀ ਦੇ ਵਿਆਖਿਆਕਾਰ ਤਾਂ ਸਨ ਹੀ ਚੀਫ਼ੀਆਂ ਦੇ ਧੜੇ ਦੇ ਅਤੇ ਜਿਹੜੇ ਜਥੇਬੰਧਕ ਪੱਧਰ 'ਤੇ ਉਸ ਧੜੇ ਦੇ ਨਹੀਂ ਵੀ ਸਨ, ਤੇ ਕਾਫ਼ੀ ਗੱਲਾਂ ਵਿਚ ਉਸ ਦੇ ਵਿਰੋਧੀ ਵੀ ਸਨ, ਉਹ ਵੀ ਸਿੱਖੀ ਦੀ ਵਿਆਖਿਆ ਵਿਚ ਅਚੇਤ ਹੀ ਉਹਨਾਂ ਦੇ ਪਿਛਲੱਗ ਤੇ ਜੇ ਪਿਛਲੱਗ ਨਾ ਸਹੀ, ਤਾਂ ਉਹਨਾਂ ਦੇ ਸੰਗੀ ਬਣ ਗਏ । ਜਦੋਂ ਤਾਂ ਸਿੱਖ ਬੁਰਜੁਆਜ਼ੀ ਨੇ ਕੋਈ ਮੋਰਚਾ ਲਾਉਣਾ ਹੁੰਦਾ, ਸਿੱਖੀ ਦੇ ਜਜ਼ਬੇ ਨੂੰ ਉਭਾਰ ਕੇ ਉਸ ਨੂੰ ਆਪਣੀ ਮਿਥੀ ਜਦੋ-ਜਹਿਦ ਵਾਸਤੇ ਵਰਤਣਾ

---

* ਗੁਰੂ ਸਾਹਿਬਾਨ ਦੀ ਸਿੱਖੀ ਦਾ ਫੀਊਡਲਾਂ ਨੇ ਕੀ ਹੁਲੀਆ ਵਿਗਾੜਿਆ ਤੇ ਵਸੋਂ ਮੁੜ ਕਿਸ ਹੱਦ ਤੱਕ 'ਅੰਧੀ ਰਯਤਿ ਗਿਆਨ ਵਿਹੂਣੀ' ਬਣੀ—ਇਸ ਨੂੰ ਕੁਝ ਹੋਰ ਵਿਸਥਾਰ ਵਿਚ ਜਾਣਨ ਵਾਸਤੇ ਪੜ੍ਹੋ, ਡਾਕਟਰ ਫੌਜਾ ਸਿੰਘ ਦਾ ਲੇਖ : 'ਖਾਲਸਾ ਰਾਜ' ਸਮੇਂ ਸਮਾਜਕ ਸਥਿਤੀ—ਇਕ ਦ੍ਰਿਸ਼ਟੀਕੋਣ, ਸੇਧ, ਅਗਸਤ 1979 ਅੰਕ ।



ਹੁੰਦਾ, ਉਦੋਂ ਤਾਂ ਇਹ ਸਿਧਾਂਤ ਜਗਾ ਲੈਂਦੀ ਕਿ ਸਿੱਖੀ ਵਿਚ ਮਜ਼ਬ ਤ ਸਿਆਸਤ ਇਕ ਦੂਜੇ ਨਾਲੋਂ ਨਿਖੇੜੇ ਨਹੀਂ ਜਾ ਸਕਦੇ, ਪਰ ਗੁਰਬਾਣੀ ਦੇ ਬੁਰਜੁਆ ਪੈਂਤੜੇ ਦੇ ਟੀਕਾਕਾਰਾਂ ਤੇ ਉਸ ਦੇ ਵਿਆਖਿਆਕਾਰਾਂ ਨੇ ਗੁਰਬਾਣੀ ਦੇ ਸੱਚ ਤੇ ਸਿੱਖ ਲਹਿਰ ਦੀ ਕੀਤੀ ਨੂੰ ਬਿਲਕੁਲ ਨਿਖੇੜ ਦਿਤਾ । ਸਿੱਖ ਲਹਿਰ ਦੀ ਕੀਤੀ ਇਨਕਲਾਬੀ ਫ਼ੌਜੀ ਕਰਨੀ ਬਾਬਤ ਸਿਧਾਂਤ ਹੀ ਇਹ ਕੱਢ ਮਾਰਿਆ ਕਿ ਵੇਲੇ ਦੀ ਹਕੂਮਤ ਨੇ ਸਿੱਖ ਮਜ਼ਬ 'ਤੇ (ਮਜ਼ਬ ਦੇ ਸੌੜੇ, ਮਹਿਦੂਦ ਅਰਥਾਂ ਵਿਚ, ਸਾਰੀ ਤਰਜ਼ੇ-ਜ਼ਿੰਦਗੀ ਦੇ ਅਰਥਾਂ ਵਿਚ ਨਹੀਂ) ਜ਼ੁਲਮ ਕੀਤਾ, ਇਸ ਵਾਸਤੇ ਆਪਣੇ ਮਜ਼ਬ ਨੂੰ ਬਚਾਉਣ ਵਾਸਤੇ ਸਿੱਖਾਂ ਨੂੰ ਹੱਥਿਆਰਬੰਦ ਹੋ ਕੇ ਲੜਨਾ ਪਿਆ । ਇਨ੍ਹਾਂ ਵਿਆਖਿਆਕਾਰਾਂ ਨੇ ਲੋਕਾਂ ਦੇ ਮਨਾਂ ਤੋਂ ਇਹ ਤੱਥ ਹੀ ਪਰੋਖਿਆਂ ਕਰ ਦਿੱਤਾ ਕਿ ਖੁਸਰੋ ਨੂੰ ਮੂੰਹ ਲਾ ਕੇ ਪਹਿਲਾਂ ਲਹਿਰ ਨੇ ਸਟੇਟ 'ਤੇ ਹਮਲਾ ਕੀਤਾ ਸੀ, ਸਟੇਟ ਨੇ ਲਹਿਰ 'ਤੇ ਹਮਲਾ ਨਹੀਂ ਸੀ ਕੀਤਾ । ਬਣਾਏ ਇਸ ਸਿਧਾਂਤ ਨੇ ਸਿੱਖ ਲਹਿਰ ਦੀ ਸਰਬਤ ਦੀ ਆਜ਼ਾਦੀ ਵਾਸਤੇ ਕੀਤੀ ਜਦੋ-ਜਹਿਦ ਦਾ, ਲੰਮੇ ਅਰਸੇ ਲਈ ਕੀਤੀ ਗੁਰੀਲਾ ਜੰਗ ਦਾ ਘੁਟ ਭਰ ਲਿਆ ।

ਇਹਨਾਂ ਵਿਆਖਿਆਕਾਰਾਂ ਨੇ ਗੁਰਬਾਣੀ ਦੇ ਸਰਬਤ ਦੀ ਆਜ਼ਾਦੀ ਦੇ ਸੱਚ ਨੂੰ ਕੀ ਬਣਾ ਧਰਿਆ ? ਅੰਦਰਲੇ ਦੀ ਸ਼ਾਂਤੀ, ਮਨ ਦੀ ਸ਼ਾਂਤੀ, ਜਿਵੇਂ ਗੁਰਬਾਣੀ ਦਾ ਬੰਦੇ ਦੀ ਆਜ਼ਾਦੀ ਨਾਲ ਕੋਈ ਵਾਸਤਾ ਹੀ ਨਾ ਹੋਵੇ । ਸਿੱਖੀ ਚੂੰਕਿ ਵਿਚਾਰਧਾਰਕ ਕਲਚਰਲ ਅਡੰਬਰ ਸੀ ਤੇ ਜਿਸ ਤਰ੍ਹਾਂ ਫੀਊਡਲ ਨੇ ਇਸ ਨੂੰ ਇਸ ਦੇ ਇਨਕਲਾਬੀ ਪੈਂਤੜੇ ਤੋਂ ਚੁਕ ਕੇ ਇਸ ਨੂੰ ਆਪਣੇ ਪੈਂਤੜੇ ਦੇ ਹਿੱਤੀ ਬਣਾ ਤੋਰਿਆ ਸੀ, ਇਸ ਤਰ੍ਹਾਂ ਹੀ ਹੁਣ ਉਠਦੀ ਸਿੱਖ ਬੁਰਜੁਆਜ਼ੀ ਵਾਸਤੇ ਲਾਜ਼ਮੀ ਸੀ ਕਿ ਉਹ ਇਸ ਨੂੰ ਫੀਊਡਲ ਦੇ ਪੈਂਤੜੇ ਤੋਂ ਚੁਕ ਕੇ ਆਪਣੇ ਪੈਂਤੜੇ ਦੇ ਅਨੁਸਾਰੀ ਬਣਾਉਂਦੀ । ਸੋ ਬੁਰਜੁਆ ਪੈਂਤੜੇ ਨੇ ਫੀਊਡਲ-ਹਿੱਤੀ ਬਣੀ ਸਿੱਖੀ ਦਾ ਬਹੁਤ ਸੁਧਾਰ ਕੀਤਾ । ਇਸ ਵਿਚੋਂ ਬ੍ਰਾਹਮਣ ਸੰਸਥਾ ਬਤੌਰ ਸੰਸਥਾ, ਉਸ ਦੇ ਦੇਵੀ ਦਿਉਤਿਆਂ ਆਦਿ ਦਾ ਸਫ਼ਾਇਆ ਕੀਤਾ । ਪਰ ਬ੍ਰਾਹਮਣਵਾਦ ਦੇ ਬੁਨਿਆਦੀ ਅਸਲੇ ਜਾਤ-ਪਾਤ, ਊਚ ਨੀਚ ਦੇ ਖਿਲਾਫ਼ ਜ਼ਬਾਨੀ ਜਮ੍ਹਾਂ ਖ਼ਰਚ ਤਾਂ ਬਥੇਰਾ ਕੀਤਾ, ਲੱਖਾਂ ਕਰੋੜਾਂ ਲਫ਼ਜ਼ ਲਿਖੇ ਤੇ ਬੋਲੇ ਗਏ ਕਿ ਸਿੱਖੀ ਜਾਤ-ਪਾਤ ਦੇ ਵਿਰੁਧ ਹੈ, ਪਰ ਅਮਲੀ ਤੌਰ 'ਤੇ ਇਸ ਦੇ ਖ਼ਿਲਾਫ ਕੋਈ ਖਾਸ ਜਹਾਦ ਨਾ ਕੀਤਾ ਗਿਆ । ਬੁਰਜੁਆ ਨਿਜ਼ਾਮ ਦਾ ਢਾਂਚਾ ਹੀ ਚੂੰਕਿ ਦਰਜਾ-ਬਦਰਜੀ 'ਤੇ ਆਧਾਰਤ ਹੈ ਇਸ ਵਾਸਤੇ ਸਿੱਖ ਬੁਰਜੁਆਜ਼ੀ ਦੀ ਸਿਰਜੀ ਸਿੱਖੀ ਨੇ ਬ੍ਰਾਹਮਣਵਾਦ ਦੇ ਮੂਲ—ਜਾਤਪਾਤ—ਨਾਲ ਸਮਝੌਤਾ ਕਰ ਲਿਆ । ਉਸ ਨੂੰ ਅਮਲੀ ਪੱਧਰ 'ਤੇ ਪ੍ਰਵਾਨ ਕਰ ਲਿਆ । ਬੁਰਜੁਆਜ਼ੀ ਦੀ ਜ਼ਿੰਦ ਜਾਨ ਹੈ—ਜਮਾਤੀ ਸਮਾਜ ਵਾਲੀ ਨਿੱਜੀ ਜਾਇਦਾਦ ਤੇ ਉਸ ਦੀ ਆਪਣੀ ਮੁਨਾਫ਼ਾਖੋਰੀ—ਪੈਸੇ ਤੋਂ ਪੈਸਾ ਕਮਾਉਣਾ । ਗੁਰਬਾਣੀ ਦੀ ਤਰਜ਼ੇ-ਜ਼ਿੰਦਗੀ ਦੀ ਨੀਂਹ ਹੈ : ਸਹੁਰੜੀ ਵਥੁ ਸਭ ਕਿਛੁ ਸਾਂਝੀ ਪੇਵਕੜੇ ਧਨ ਵਖੇ / ਆਪਿ ਕੁਚਜੀ ਦੋਸ ਨਾ ਦੇਊ ਜਾਣਾ ਨਾਹੀ ਰਖੇ । ਗੁਰੂ ਨਾਨਕ (1171) ਆਮ ਸਾਧਾਰਨ ਬੋਲੀ ਵਿਚ, ਕੰਮ ਕਰਨ ਦੀ ਬੋਲੀ ਵਿਚ, ਉਸ ਦੀ ਨੀਂਹ ਹੈ—ਦਸਾਂ ਨਹੁੰਆਂ ਦੀ ਕਿਰਤ । ਇਹਨਾਂ ਦੋਹਾਂ ਪੁਜ਼ੀਸ਼ਨਾਂ ਦਾ ਆਪਸ ਵਿਚ ਵੈਰ ਹੈ, ਅੱਗ ਪਾਣੀ ਵਾਲਾ ਵੈਰ । ਪਰ ਜੇ ਸਿੱਖ ਬੁਰਜੁਆਜ਼ੀ ਤੇ ਉਸ ਦੇ ਗੁਰਬਾਣੀ ਦੇ ਵਿਚਾਰਧਾਰਕ ਇਸ ਨੁਕਤੇ 'ਤੇ ਕਾਮਯਾਬ ਨਾ ਹੁੰਦੇ ਤਾਂ ਸਿੱਖੀ ਬੁਰਜੁਆ ਪੈਂਤੜੇ ਵਾਸਤੇ ਵਿਚਾਰਧਾਰਕ ਅਡੰਬਰ ਨਹੀਂ ਸੀ ਬਣ ਸਕਦੀ ।

ਗੁਰਬਾਣੀ ਦੀ ਸਪੱਸ਼ਟ ਪੁਜ਼ੀਸ਼ਨ ਦੇ ਪ੍ਰਸੰਗ ਵਿਚ ਮੁਨਾਫ਼ਾ-ਖੋਰੀ ਤੇ ਪੈਸੇ ਤੋਂ ਪੈਸਾ ਕਮਾਉਣ ਦਾ ਸਿੱਧਾ ਪ੍ਰਚਾਰ ਹੋ ਨਹੀਂ ਸੀ ਸਕਦਾ । ਗੁਰਬਾਣੀ ਦੇ ਵਿਚਾਰਧਾਰਕਾਂ ਦੀ ਆਪਣੀ ਬਣਤਰ ਵੀ

ਚੂੰਕਿ ਬੁਰਜੂਆ ਸੀ ਉਹਨਾਂ ਅਚੇਤ ਹੀ ਇਹ ਮਸਲਾ ਏਜੰਡੇ 'ਤੇ ਹੀ ਨਾ ਲਿਆਂਦਾ। ਇਸ ਨੂੰ ਖੜਾ ਹੀ ਨਹੀਂ ਕੀਤਾ। ਇਸ ਦੀ ਐਸੀ ਘੁਟ ਭਰੀ ਜਿਵੇਂ ਗੁਰਬਾਣੀ ਵਿਚ ਇਹ ਮਸਲਾ ਹੋਵੇ ਹੀ ਨਾ। ਗੁਰਬਾਣੀ ਦੇ ਅਨੁਸਾਰ ਹਰਾਮ ਕੀ ਹੈ, ਹਲਾਲ ਕੀ ਹੈ—ਇਸ ਦੇ ਮੂਲ ਨੂੰ, ਅਸਲੇ ਨੂੰ, ਇਸ ਦੀ ਵਸਤੂ ਨੂੰ ਇਹਨਾਂ ਸਿਧਾਂਤਕਾਰਾਂ ਉਕਾ ਠੱਪ ਹੀ ਛੱਡਿਆ। ਨਤੀਜਾ ਇਹ ਨਿਕਲਿਆ ਕਿ ਪੈਸੇ ਦਾ ਪੈਸੇ ਨੂੰ ਕਮਾਉਣਾ, ਮੁਨਾਫ਼ਾਖੋਰੀ ਅਮਲੀ ਪੱਧਰ 'ਤੇ ਦਸਾਂ ਨੌਹਾਂ ਦੀ ਕਿਰਤ ਪ੍ਰਚਲਤ ਹੋ ਗਈ। ਬੁਰਜੂਆਜ਼ੀ ਦੀ ਖੂਨਖਾਰੀ, ਮੁਨਾਫ਼ਾਖੋਰੀ ਉਤੇ ਸਿੱਖੀ ਦੀ, ਗੁਰਬਾਣੀ ਦੀ ਪ੍ਰਵਾਨਗੀ ਦੀ ਮੋਹਰ ਲੱਗ ਗਈ। ਮੁਨਾਫ਼ਾਖੋਰ ਗੁਰਮੁਖ ਬਣ ਕੇ ਬਹਿ ਗਏ। ਗੁਰਬਾਣੀ ਦੇ ਬੁਰਜੂਆ ਵਿਚਾਰਧਾਰਕਾਂ ਇਕ ਹੋਰ ਮਸਨੂਈ ਮਸਲੇ ਨੂੰ ਬੇਅੰਤ ਤੂਲ ਦਿੱਤਾ। ਖੂਬ ਢੰਡੋਰਾ ਪਿੱਟਿਆ ਕਿ ਸਿੱਖੀ ਗ੍ਰਿਸਤ ਮਾਰਗ ਨੂੰ ਉਤਮ ਕਰਾਰ ਦੇਂਦੀ ਹੈ, ਤਿਆਗ ਨੂੰ ਨਹੀਂ ਮੰਨਦੀ। ਇਸ ਪਿੱਟੀ ਦੇ ਢੰਡੋਰੇ ਵਿਚ ਗੁਰਬਾਣੀ ਦੇ ਸੱਚ ਦਾ ਘਟ ਵੀ ਭਰਿਆ ਗਿਆ ਕਿ **ਸਿੱਖੀ ਤਿਆਗ ਕਰਦੀ ਹੈ ਮਾਇਆ ਦਾ, ਮਾਇਆ ਦੀ ਤਰਜ਼ੇ-ਜ਼ਿੰਦਗੀ ਦਾ, ਸੰਸਾਰ ਦਾ ਨਹੀਂ**। ਮਤਲਬ ਹੈ ਗੁਰਬਾਣੀ ਦੀ ਕੀਤੀ ਜਾ ਰਹੀ ਵਿਆਖਿਆ ਵਿਚ ਤਰਜ਼ੇ-ਜ਼ਿੰਦਗੀ ਦੀ ਕਿਸਮ ਜੋ ਗੁਰਬਾਣੀ ਨੂੰ ਪ੍ਰਵਾਨ ਹੈ ਉਸ ਨੂੰ ਦੇਸ ਨਿਕਾਲਾ ਦੇ ਦਿੱਤਾ ਗਿਆ। ਇਹ ਸਵਾਲ ਏਜੰਡੇ 'ਤੇ ਆਇਆ ਹੀ ਨਾ ਕਿ ਸਮਾਜ ਦੀ ਬਣਤਰ ਦੀ ਬੋਲੀ ਵਿਚ 'ਮਾਨਸ ਕੀ ਜਾਤਿ ਸਭੈ ਏਕੋ ਪਹਿਚਾਨਬੋ'' ਦਾ ਕੀ ਅਰਥ ਹੈ। ਵਿਸਥਾਰ ਵਿਚ ਜਾਣ ਦੀ ਲੋੜ ਨਹੀਂ। ਮੁਕਦੀ ਗੱਲ ਇਹ ਕਿ ਉਠਦੀ ਸਿੱਖ ਬੁਰਜੂਆਜ਼ੀ ਨੇ ਗੁਰਬਾਣੀ ਵਿਚ, ਸਿੱਖੀ ਵਿਚ ਆਪਣਾ ਜਮਾਤੀ ਹਿੱਤ ਪੁੜ ਲਿਆ। ਸਿੱਖੀ ਨੂੰ ਆਪਣੇ ਅਕਸ ਵਿਚ ਸਿਰਜ ਲਿਆ। ਆਜ਼ਾਦੀ ਦੇ ਪੈਂਤੜੇ ਕੋਲੋਂ ਇਨਕਲਾਬੀ ਵਿਰਸਾ ਖੋਹ ਕੇ ਉਸ ਨੂੰ ਆਪਣਾ ਜਾਮਾ ਪਹਿਨਾ ਲਿਆ। ਸਿੱਖ ਬੁਰਜੂਆਜ਼ੀ ਨੇ ਆਪ ਤਾਂ ਗੁਰੂ ਸਾਹਿਬਾਨ ਦੀ ਸਿੱਖੀ ਦੇ ਸੱਚੇ ਵਿਚ ਕੀ ਢਲਣਾ ਸੀ, ਉਸ ਨੇ ਉਹਨਾਂ ਦੀ ਸਿੱਖੀ ਨੂੰ ਆਪਣੇ ਜਮਾਤੀ ਹਿੱਤ ਦਾ ਸੰਦ ਬਣਾ ਲਿਆ। ਲੋਕਾਂ ਵਿਚ ਜੋ ਸਿੱਖੀ ਵਾਸਤੇ, ਗੁਰੂ ਸਾਹਿਬਾਨ ਵਾਸਤੇ ਜਜ਼ਬਾ ਸੀ (ਅਤੇ ਉਹ ਸਮਾਜਕ ਸਿਆਸੀ ਤਾਕਤ ਸੀ) ਉਸ ਨੂੰ ਆਪਣੇ ਕਾਬੂ ਕਰ ਲਿਆ। ਮੋਰਚਾ ਲਾਉਣ ਦੀ ਲੋੜ ਪਈ ਤਾਂ ਇਸ ਜਜ਼ਬੇ ਦੀ ਨਾੜ ਨੂੰ ਗਰਮਾ ਦਿੱਤਾ।

ਅੰਗਰੇਜ਼ ਗਿਆ ਤੇ ਸਟੇਟ 'ਤੇ ਮੁਲਕ ਦੀ ਬੁਰਜੂਆਜ਼ੀ ਦਾ ਕਬਜ਼ਾ ਹੋ ਗਿਆ। ਉਸ ਦੇ ਵਿਚਾਰਧਾਰਕ ਤੇ ਕਲਚਰਲ ਅਡੰਬਰ ਦਾ ਵੱਡਾ ਹਿੱਸਾ ਹਿੰਦੂ ਬੁਰਜੂਆ ਕਲਚਰ ਦਾ ਹੀ ਹੋਣਾ ਸੀ, ਸੋ ਹੋਇਆ। ਕਲਚਰਲ ਵਿਰਸਾ ਵੀ ਕੁਦਰਤੀ ਬ੍ਰਾਹਮਣੀ ਪ੍ਰਧਾਨ ਹੋਣਾ ਸੀ, ਸੋ ਹੋਇਆ। ਬੁਰਜੂਆਜ਼ੀ ਦਾ ਇਹ ਬੁਨਿਆਦੀ ਅਸਲਾ ਹੈ ਕਿ ਹਰ ਬੁਰਜੂਆਜ਼ੀ ਹੋਰ ਹਰ ਬੁਰਜੂਆਜ਼ੀ ਨੂੰ ਆਪਣਾ ਸਰੀਕ, ਹੋਣ ਵਾਲਾ ਦੁਸ਼ਮਣ ਸਮਝਦੀ ਹੈ। ਵੱਡੀ ਬੁਰਜੂਆਜ਼ੀ ਛੋਟੀ ਬੁਰਜੂਆਜ਼ੀ ਦਾ ਤੇ ਕੇਂਦਰੀ ਬੁਰਜੂਆਜ਼ੀ ਸਥਾਨਕ ਦਾ ਘੁਟ ਭਰਨਾ ਚਾਹੁੰਦੀ ਹੈ। ਅਤੇ ਸਾਡੇ ਮੁਲਕ ਵਿਚ ਜੋ ਮਜ਼੍ਹਬੋਂ ਵੀ ਬਿਗਾਨੀ ਹੋਵੇ ਉਸ ਦੇ ਖਿਲਾਫ਼ ਤਾਂ ਹੋਰ ਵੀ ਪਾੜਾ ਵਧ ਗਿਆ। ਜਿਸ ਤਰ੍ਹਾਂ ਸਨਅਤੀ ਤੌਰ 'ਤੇ ਉੱਸਰੇ ਹੋਏ ਪੱਛਮੀ ਮੁਲਕਾਂ ਵਿਚ ਬੁਰਜੂਆਜ਼ੀ ਦੇ ਹੱਥ ਵਿਚ ਰਾਸ਼ਟਰੀ ਜਜ਼ਬਾ ਹੈ ਅਤੇ ਅਮਰੀਕਾ ਵਿਚ ਰਾਸ਼ਟਰੀ ਦੇ ਨਾਲ ਨਸਲੀ ਜਜ਼ਬਾ ਹੈ, ਏਸੇ ਤਰ੍ਹਾਂ ਹੀ ਸਾਡੀ ਬੁਰਜੂਆਜ਼ੀ ਦੇ ਕੋਲ ਫਿਰਕੂ ਜਜ਼ਬਾ ਹੈ ਜੋ ਜਦੋਂ ਲੋੜ ਪਵੇ, ਵਰਤਿਆ ਜਾ ਸਕਦਾ ਹੈ। ਮੁਲਕ ਵਿਚ ਹਿੰਦੂ ਬੁਰਜੂਆਜ਼ੀ ਦੇ ਕਾਬਜ਼ ਹੁੰਦਿਆਂ ਹੀ ਸਿੱਖ ਬੁਰਜੂਆਜ਼ੀ ਬਿਲਕੁਲ ਘਰਾਂ ਤੋਂ ਚਲ ਗਈ। ਬਗ਼ੈਰ ਕਿਸੇ ਦਬਾਕੇ ਤੋਂ, ਬਗ਼ੈਰ ਕਿਸੇ ਘੂਰ ਤੋਂ, ਨਿਰੇ ਅੱਖ ਦੇ ਇਸ਼ਾਰੇ ਨਾਲ ਹੀ। ਰਾਤੋ ਰਾਤ ਪੰਜਾਬੀ



ਬੋਲੀ ਦੀ ਬਣਤਰ ਬਦਲ ਗਈ। ਅਰਬੀ, ਫ਼ਾਰਸੀ, ਉਰਦੂ ਵਲੋਂ ਆ ਕੇ ਠੇਠ ਪੰਜਾਬੀ ਬਣੇ ਹੋਏ ਲਫ਼ਜ਼ ਭਿੱਟੇ ਗਏ, ਜ਼ਹਿਰ ਸਮਝ ਕੇ ਉਹਨਾਂ ਨੂੰ ਬੋਲੀ ਵਿਚੋਂ ਦੇਸ-ਨਿਕਾਲਾ ਦੇ ਦਿੱਤਾ ਗਿਆ। ਉਹਨਾਂ ਦਾ ਕਾਗਜ਼ 'ਤੇ ਤਾਂ ਕੀ, ਜ਼ਬਾਨ 'ਤੇ ਲਿਆਉਣਾ ਵੀ ਵਤਨ-ਪ੍ਰਸਤੀ ਦੇ ਵਿਰੁਧ ਸਾਜ਼ਿਸ਼ ਹੋ ਗਈ। ਗੱਲ ਲਫ਼ਜ਼ਾਂ ਤਕ ਹੀ ਨਾ ਰਹੀ। ਇਹ ਵੀ ਹੋਣ ਲੱਗਾ ਕਿ ਪੰਜਾਬੀ ਵਿਚ ਸ਼ਬਦ-ਜੋੜ ਵੀ ਹਿੰਦੀ ਵਾਲੇ ਕਰ ਦਿਉ। ਬੋਲੀ 'ਤੇ ਵੀ ਗੱਲ ਮੁਕੀ ਨਾ। ਸਿੱਖ ਬੁਰਜੂਆਜ਼ੀ ਤੇ ਸਿੱਖ ਵਸੋਂ ਦੀ ਬਤੌਰ ਮਜ਼੍ਹਬੀ ਦਾਇਰੇ ਦੇ ਵਿਰਸੇ ਵਲੋਂ, ਕਲਚਰ ਵਲੋਂ ਨੀਂਹ ਤਾਂ ਸਿੱਖੀ ਸੀ, ਉਸ ਦਾ ਸਵਾਲ ਵੀ ਉਠਿਆ। ਘਰਾਂ ਤੋਂ ਚਲ ਗਈ ਸਿੱਖ ਬੁਰਜੂਆਜ਼ੀ ਨੇ ਆਪਣੀ ਗਤੀ ਹੁਣ ਕੇਂਦਰੀ ਹਿੰਦੂ ਬੁਰਜੂਆਜ਼ੀ ਦੇ ਦਰ 'ਤੇ ਪ੍ਰਵਾਨ ਹੋਣ ਵਿਚ ਸਮਝੀ। ਰਾਤੋ ਰਾਤ ਪੁਰਾਣੀ ਕੁੰਜ ਲਾਹੀ ਗਈ। 'ਹਮ ਹਿੰਦੂ ਨਹੀਂ ਹੈਂ' ਵਾਲਾ ਨਾਹਰਾ ਹੁਣ ਇਕ ਆਇਆ ਭਿਆਨਕ ਸੁਪਨਾ ਲਗਣ ਲਗ ਪਿਆ। ਗਤੀ ਹੁਣ ਉਸ ਤੋਂ ਦੂਰ ਭਜਣ ਵਿਚ ਹੀ ਸੀ। ਗੁਰਬਾਣੀ ਦੇ ਬੁਰਜੂਆ ਵਿਚਾਰਧਾਰਕਾਂ, ਸਿੱਖੀ ਦੇ ਵਿਆਖਿਆਕਾਰਾਂ ਨੂੰ ਹੁਣ ਉਹ ਸਾਰੂ ਗੁਨਾਹ ਤੋਂ ਵੀ ਵਧ ਭਾਸਣ ਲੱਗਾ। ਰਾਗ ਦੀਆਂ ਨਵੀਆਂ ਸੁਰਾਂ ਅਲਾਪਣੀਆਂ ਸ਼ੁਰੂ ਹੋ ਗਈਆਂ। ਪੇਸ਼ ਇਹ ਕੀਤਾ ਜਾਣ ਲਗਾ ਕਿ ਸਿੱਖੀ ਦੀ ਫਿਲਾਸਫ਼ੀ ਤਾਂ ਨਿਰੀ ਹਿੰਦੂ ਫਿਲਾਸਫ਼ੀ ਹੀ ਹੈ। ਕਈ ਤਾਂ ਇਸ ਹੱਦ ਤਕ ਕਹਿਣ ਲੱਗ ਪਏ ਕਿ ਗੁਰੂ ਗਰੰਥ ਸਾਹਿਬ ਲੋਕ-ਬੋਲੀ ਵਿਚ ਵੇਦਾਂ ਦਾ ਹੀ ਤਰਜਮਾ ਹੈ। ਇਸ ਤੱਥ ਦਾ ਘੁਟ ਹੀ ਭਰਿਆ ਗਿਆ ਕਿ ਮੋਟੇ ਤੌਰ 'ਤੇ ਹਿੰਦੂ ਫਿਲਾਸਫੀ ਵਿਚ ਮੁਕਤੀ ਲੈਣ ਵਾਸਤੇ ਸਮਾਜਕ ਮਨੁਖੀ ਜ਼ਿੰਦਗੀ ਦੇ ਤਿਆਗ ਦਾ ਰਾਹ ਹੈ, ਸਮਾਜ ਤੇ ਉਸ ਦੇ ਮਸਲਿਆਂ ਤੋਂ ਤੀਲੇ-ਤੋੜ ਕਰ ਜਾਣ ਦਾ ਰਾਹ ਹੈ, **ਪਰ ਸਿੱਖੀ ਵਿਚ ਮੁਕਤੀ ਦਾ ਰਾਹ ਹੈ ਮਾਇਆ ਦੇ ਵਿਰੁਧ, ਮਾਇਆ ਵਾਲੀ ਤਰਜ਼ੇ-ਜ਼ਿੰਦਗੀ ਦੇ ਖ਼ਿਲਾਫ਼ ਸਿਰ-ਧੜ ਦੀ ਲਾਉਣ ਦਾ**। ਸਿੱਖੀ ਦੇ ਇਤਿਹਾਸ ਵਿਚ ਚਾਲੀ ਮੁਕਤੇ ਸੰਸਾਰ ਦੇ ਤਿਆਗੀ ਨਹੀਂ ਸਨ। ਉਹ ਸਰਬਤ ਦੀ ਆਜ਼ਾਦੀ ਵਾਸਤੇ ਲੜਦੇ ਮੈਦਾਨੇ-ਜੰਗ ਦੇ ਜੋਧੇ ਸਨ। ਪਰ ਜਦੋਂ ਸਿਆਸੀ ਹਿੱਤ ਸੱਚ ਨੂੰ ਬੇਦਾਵੇ ਦੀ ਮੰਗ ਕਰਦਾ ਹੋਵੇ, ਸੱਚ ਵਿਚਾਰੇ ਦੀ ਕੀ ਮਜਾਲ ਕਿ ਉਹ ਬੁਰਜੂਆਜ਼ੀ ਜਾਂ ਉਸ ਦੇ ਵਿਚਾਰਧਾਰਕਾਂ ਸਾਹਮਣੇ ਆਣ ਮੂੰਹ ਵਿਖਾਵੇ।

ਬੁਰਜੂਆਜ਼ੀ ਜਨਮ ਤਾਂ ਬਪਾਰ ਵਿਚੋਂ, ਸ਼ਹਿਰ ਦੀ ਵਪਾਰੀ ਜਮਾਤ ਵਿਚੋਂ ਹੀ ਲੈਂਦੀ ਹੈ। ਪੈਦਾਵਾਰ ਦਾ ਬੁਰਜੂਆ ਰੂਪ ਪਹਿਲਾਂ ਸਨਅਤੀ ਖੇਤਰ ਵਿਚ ਹੀ ਮੱਲ ਮਾਰਦਾ, ਮੌਲਦਾ ਹੈ। ਕਾਸ਼ਤਕਾਰੀ ਦੇ ਖੇਤਰ ਵਿਚ ਸਰਮਾਇਆ ਮਗਰੋਂ ਆਣ ਕੇ ਕਬਜ਼ਾ ਕਰਦਾ ਹੈ। ਏਸ ਤਰ੍ਹਾਂ ਹੀ ਸਾਡੇ ਮੁਲਕ ਤੇ ਸਾਡੇ ਸੂਬੇ ਪੰਜਾਬ ਵਿਚ ਹੋਇਆ ਹੈ। ਪੰਜਾਬ ਵਿਚ ਹੁਣ ਪਿੰਡ ਦੇ ਸੀਨ 'ਤੇ ਸਰਮਾਏ ਦੀ ਸਰਦਾਰੀ ਹੈ ਅਤੇ ਬੁਰਜੂਆ ਰਿਸ਼ਤੇ ਕਾਬਜ਼ ਹਨ। ਪੰਜਾਬ ਵਿਚ ਤੇ ਖਾਸ ਕਰ ਸਿੱਖ ਦਾਇਰੇ ਵਿਚ ਪਿੰਡ ਦੇ ਸੀਨ 'ਤੇ ਜ਼ਮੀਨ ਦਾ ਮਾਲਕ ਜਾਤੋਂ ਜੱਟ ਸੀ। ਕਾਸ਼ਤਕਾਰੀ ਦੀ ਪੈਦਾਵਾਰ ਦੇ ਫ਼ੀਊਡਲ ਰੂਪ ਨੂੰ ਭੰਨ ਕੇ ਜਦੋਂ ਪੈਦਾਵਾਰ ਦੇ ਬੁਰਜੂਆ ਰੂਪ ਨੇ ਆਉਣਾ ਸੀ, ਤਾਂ ਉਪਰਲਿਆਂ ਹੀ ਉਪਰ ਰਹਿਣਾ ਸੀ, ਹੇਠਲਿਆਂ ਤਾਂ ਉਪਰ ਆ ਨਹੀਂ ਸੀ ਜਾਣਾ। ਸੋ ਏਸ ਤਰ੍ਹਾਂ ਹੀ ਹੋਇਆ। ਸਿੱਖ ਦਾਇਰੇ ਵਿਚ ਪਿੰਡ ਦੇ ਸੀਨ 'ਤੇ ਬੁਰਜੂਆਜ਼ੀ ਬਣੇ ਕੌਣ ? ਜੱਟ। ਜ਼ਮੀਨ ਦੇ ਮਾਲਕ ਜੂ ਉਹ ਹੀ ਸਨ ਤੇ ਉਹਨਾਂ ਵਿਚੋਂ ਹੀ ਪੇਂਡੂ ਬੁਰਜੂਆਜ਼ੀ ਉਠਣੀ ਸੀ। ਪਰ ਕੇਸੇ ਜੱਟ ? ਉਹ ਜਟ ਜੋ ਇਤਿਹਾਸਕ ਮੌਕਾ ਸੰਭਾਲਣ ਦੇ ਯੋਗ ਸਨ। ਕਾਸ਼ਤਕਾਰੀ ਵਿਚ ਜਦੋਂ ਸਰਮਾਏ ਨੇ ਆਪਣੀਆਂ ਤੰਦਵੇਂ ਵਾਲੀਆਂ ਤਾਰਾਂ ਫੈਲਾਈਆਂ ਤਾਂ ਇਕ ਤਾਂ ਉਹ ਜੱਟ ਬੁਰਜੂਆ ਬਣੇ ਜੋ ਪਹਿਲਾਂ

ਹੀ ਜਗੀਰਦਾਰ/ਸਰਦਾਰ ਸਨ । ਤੇ ਇਹਨਾਂ ਦੇ ਨਾਲ ਪਿੰਡ ਦੇ ਉਹ ਤੁਰਦੇ ਜੱਟ ਜਿਨ੍ਹਾਂ ਕੋਲ ਵਾਹਵਾਹ ਚੰਗੀ ਜ਼ਮੀਨ ਦਾ ਟੱਕ ਸੀ ਜਿਨ੍ਹਾਂ ਦੀ ਵਾਹੀ ਸਰੀ ਸੀ ਤੇ ਜਿਨ੍ਹਾਂ ਨੇ ਸਭ ਢੰਗੋ ਬੰਨ੍ਹੇ ਲਾ ਕੇ ਢੇਰ ਸਾਰੀ ਜ਼ਮੀਨ ਆਪਣੇ ਹਲਾਂ ਹੇਠ ਕਰ ਲਈ ਹੋਈ ਸੀ ਜਾਂ ਮੌਕਾ ਤਾੜ ਕੇ ਕਰ ਲਈ । ਤੇ ਜਿਨ੍ਹਾਂ ਦਾ ਰਾਜ-ਪ੍ਰਬੰਧ ਦੀ ਮਸ਼ੀਨ ਨਾਲ ਗਲ-ਘਸਾਵਾ ਸੀ ਜਾਂ ਜਿਨ੍ਹਾਂ ਹੁਸ਼ਿਆਰੀ ਨਾਲ ਉਸ ਨਾਲ ਆਪਣੇ ਹੱਥ ਰਲਾ ਲਏ ਸਨ, ਲੈਣ ਦੇਣ ਕਰ ਲਿਆ ਸੀ । ਤੇ ਕਾਸ਼ਤਕਾਰੀ ਦੇ ਖੇਤਰ ਨੂੰ ਮਿਲਦੀਆਂ ਸਰਕਾਰੀ ਸਹੂਲਤਾਂ ਨੂੰ ਵਲ-ਵਲਾ ਕੇ ਆਪਣੀ ਝੋਲੀ ਪਾਉਣ ਵਿਚ ਕਾਮਯਾਬ ਹੋ ਗਏ ਸਨ। ਸਿੱਖ ਵਸੋਂ ਦੀ ਭੰਨਵੀਂ ਬਹੁ-ਗਿਣਤੀ ਪੇਂਡੂ ਹੈ । ਇਹ ਤੱਥ ਇਤਿਹਾਸ ਦੀ ਪੈਦਾਵਾਰ ਹੈ । ਸਿੱਖ ਲਹਿਰ ਬੁਨਿਆਦੀ ਤੌਰ 'ਤੇ ਕਿਸਾਨਾਂ, ਕੰਮੀਆਂ, ਕਾਮਿਆਂ ਤੇ ਕਾਰੀਗਰਾਂ ਦੀ, ਆਪਣੀ ਆਜ਼ਾਦੀ ਵਾਸਤੇ ਕਾਬਜ਼ ਫੀਊਡਲ ਦੇ ਵਿਰੁਧ ਬਗ਼ਾਵਤ ਸੀ ।

**ਅਜ ਸਿਆਸੀ ਤਾਕਤ** ਸਰਮਾਏ ਦਾ ਮਸਲਾ ਹੈ, ਵੋਟਾਂ ਦਾ ਮਸਲਾ ਹੈ । ਤੇ ਵੋਟਾਂ ਵਾਸਤੇ ਪੈਸਾ ਵੀ ਚਾਹੀਏ । ਤੇ ਸਿੱਖ ਦਾਇਰੇ ਵਿਚ ਇਤਿਹਾਸਕ ਗੁਰਦੁਆਰੇ ਹਨ ਤੇ ਉਹਨਾਂ ਨੂੰ ਚੜ੍ਹਦਾ ਚੜ੍ਹਾਵਾ ਹੈ । ਤੇ ਉਥੇ ਕਿਸੇ ਦੀ ਜੱਦੀ ਮਾਲਕੀ ਨਹੀਂ । ਉਥੇ ਦੀ ਮਾਲਕੀ ਵੋਟਾਂ ਨਾਲ ਹੀ ਬਣਦੀ ਹੈ । ਉਠਦੀ ਪੇਂਡੂ ਬੁਰਜੁਆਜ਼ੀ ਤੇ ਉਸ ਦਾ ਪੈਸਾ ਸ਼ਹਿਰੀ ਬੁਰਜੁਆਜ਼ੀ ਦੀ ਅੱਖੋਂ ਵੀ ਓਹਲੇ ਨਹੀਂ। ਉਹ ਪੇਂਡੂ ਸਿੱਖ ਬੁਰਜੁਆਜ਼ੀ ਦੀ ਸਿਆਸਤ ਨੂੰ ਠੁੱਠ ਨਹੀਂ ਦਿਖਾ ਸਕਦੀ । ਸੋ ਪੇਂਡੂ ਸਿੱਖ ਬੁਰਜੁਆਜ਼ੀ ਦੇ ਪੱਲੇ, ਜੱਟ ਬੁਰਜੁਆਜ਼ੀ ਦੇ ਹੱਥ ਹੇਠ ਵੋਟਾਂ ਵੀ ਹੈਨ ਤੇ ਕਾਫ਼ੀ ਪੈਸੇ ਤਕ ਵੀ ਇਸ ਦੀ ਪਹੁੰਚ ਹੈ। ਸੋ ਸਿੱਖ ਬੁਰਜੁਆਜ਼ੀ ਦੇ, ਸ਼ਹਿਰੀ ਤੇ ਪੇਂਡੂ—ਸਨਅਤੀ ਬਿਉਪਾਰੀ ਤੇ ਕਾਸ਼ਤਕਾਰੀ-ਦੋਹਾਂ ਧੜਿਆਂ ਵਿਚੋਂ ਪਿੰਡ ਦੀ ਬੁਰਜਆਜੀ, ਜੱਟ ਬੁਰਜੁਆਜ਼ੀ ਜ਼ਿਆਦਾ ਤਾਕਤਵਰ ਸਾਬਤ ਹੋਈ ਹੈ । ਤੇ ਉਸ ਨੇ ਸਿੱਖ ਬੁਰਜੁਆਜ਼ੀ ਦੀ ਸਿਆਸੀ ਪਾਰਟੀ, ਅਕਾਲੀ ਪਾਰਟੀ ਉੱਤੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਬਜ਼ਾ ਕਰ ਲਿਆ ਹੈ । ਐਸ ਵੇਲੇ ਅਕਾਲੀ ਪਾਰਟੀ ਜੱਟ ਬੁਰਜੁਆਜ਼ੀ ਦੀ ਪਾਰਟੀ ਹੈ। ਸਾਰੇ ਮੁਲਕ ਵਿਚ ਇਕੋ ਇਕ ਸਿੱਖ ਦਾਇਰਾ ਹੀ ਹੈ ਜਿਥੇ ਅਜ ਪੇਂਡੂ ਬੁਰਜੁਆਜ਼ੀ ਸ਼ਹਿਰੀ, ਬਿਉਪਾਰੀ, ਸਨਅਤੀ ਬੁਰਜੁਆਜ਼ੀ ਨਾਲੋਂ ਸਿਆਸੀ ਤੌਰ 'ਤੇ ਵਧੇਰੇ ਜ਼ੋਰ ਵਾਲੀ ਤੇ ਅਗੇਤ ਹੈ! ਸਾਰੇ ਮੁਲਕ ਵਿਚ ਸ਼ਾਇਦ ਪੰਜਾਬ ਹੀ ਇਕ ਅਜਿਹਾ ਸੂਬਾ ਹੈ ਜਿਥੇ ਹਕੂਮਤ ਦੀ ਵਾਗ-ਡੋਰ ਪੇਂਡੂ ਬੁਰਜੁਆਜ਼ੀ ਦੀ ਸਿਆਸੀ ਪਾਰਟੀ ਦੇ ਹੱਥ ਹੈ ਜਾਂ ਹੱਥ ਹੋ ਸਕਦੀ ਹੈ । (ਵੈਸੇ ਤੇ ਰਾਇਤਵਾੜੀ (Ryotwari) ਰਾਜਾਂ ਵਿਚ ਦੂਸਰਿਆਂ ਦੇ ਮੁਕਾਬਲੇ 'ਤੇ ਕਿਸਾਨੀ ਖੇਤਰ ਨੇ ਪਹਿਲਾਂ ਕੰਨ ਖੜੇ ਕੀਤੇ ਤੇ ਸਿਆਸੀ ਤਾਕਤ ਦਾ ਹਿੱਸਾ ਮੰਗਿਆ । ਆਜ਼ਾਦੀ ਦੇ ਆਉਣ ਤੋਂ ਦਹਾਕਾ ਕੁ ਮਗਰੋਂ ਹੀ ਤਾਮਲਨਾਡੂ, ਮਹਾਰਾਸ਼ਟਰਾ ਤੇ ਆਂਧਰਾ ਪ੍ਰਦੇਸ਼ ਵਿਚ ਕਾਸ਼ਤਕਾਰੀ ਦੇ ਖੇਤਰ ਦੇ ਆਗੂਆਂ ਦੇ ਹੱਥ ਵਲ ਨੂੰ ਕੁਝ ਸਿਆਸੀ ਤਾਕਤ ਸਰਕਣੀ ਸ਼ੁਰੂ ਹੋ ਗਈ ਸੀ) ਕੇਂਦਰੀ ਤੇ ਸਥਾਨਕ ਹਿੰਦੂ ਬੁਰਜੁਆਜ਼ੀਆਂ ਨੂੰ ਇਹੋ ਗਲ ਵੱਢ ਵੱਢ ਖਾਂਦੀ ਹੈ ਕਿ ਹੋਵੇ ਕਾਸ਼ਤਕਾਰੀ ਦੀ, ਪਿੰਡ ਦੀ ਬੁਰਜੁਆਜ਼ੀ ਤੇ ਉਹ ਵੀ ਘਟ-ਗਿਣਤੀ ਵਾਲੀ ਮਜ਼੍ਹਬੀ ਵਸੋਂ ਦੀ ਤੇ ਲੈ ਜਾਵੇ ਸੂਬੇ ਦੀ ਹਕੂਮਤ । ਜਿਵੇਂ ਜਿਵੇਂ ਪਿੰਡ ਦੇ ਸੀਨ 'ਤੇ ਸਰਮਾਇਆ ਲੱਗ ਰਿਹਾ ਹੈ, ਤਕਰੀਬਨ ਸਾਰੇ ਮੁਲਕ ਵਿਚ ਹੀ ਪੇਂਡੂ ਬੁਰਜੁਆਜ਼ੀ ਅੱਗੇ ਨਾਲੋਂ ਸਿਰ ਚੁਕ ਰਹੀ ਹੈ, ਆਪਣੀ ਜ਼ਬਾਨ ਖੋਲ੍ਹ ਰਹੀ ਹੈ । (ਚਰਨ ਸਿੰਘ ਤੇ ਉਸ ਦੀ ਆਰਥਕ ਸਿਆਸੀ ਭੋਂ ਇਸੇ ਤੱਥ ਦਾ ਇਜ਼ਹਾਰ ਹੈ) ਪਰ ਸਾਰੇ ਦੇਸ ਵਿਚੋਂ ਹੋਰ ਕਿਸੇ ਸੂਬੇ ਦੀ ਪੇਂਡੂ ਬੁਰਜੁਆਜ਼ੀ ਸਿਆਸੀ ਤੌਰ 'ਤੇ ਏਨੀ ਅਗੇਤ ਨਹੀਂ ਜਿੰਨੀ ਪੰਜਾਬ ਦੀ ਜੱਟ ਬੁਰਜੁਆਜ਼ੀ ਹੈ ।

**ਸਾਡੇ ਮੁਲਕ** ਵਿਚ ਜਮਾਤੀ ਸਮਾਜ ਦੇ ਮੁਢ ਲਾਅ ਤੋਂ ਹੀ ਜਾਤ-ਪਾਤ ਦੀ ਸੰਸਥਾ ਤੇ



ਜਾਤਪਾਤੀ ਕਲਚਰ, ਸਮਾਜ ਦ ਜਮਾਤੀ ਅੰਗ ਦਾ ਉਹ ਬੰਨ੍ਹ ਰਹੀ ਹੈ, ਜੋ ਕਿਸੇ ਹੋਰ ਮੁਲਕ ਦੇ ਸਮਾਜ ਦੇ ਜਮਾਤੀ ਅੰਗ ਨੂੰ ਨਸੀਬ ਨਹੀਂ ਹੋਇਆ । ਇਹ ਸੰਸਥਾ ਤੇ ਇਹ ਕਲਚਰ ਉਹ ਗਾਜਰਾਂ ਹਨ ਜਿਨ੍ਹਾਂ ਵਿਚ ਸਾਡੀਆਂ ਹਾਕਮ ਜਮਾਤਾਂ ਨੇ ਸਦਾ ਵਿਚੇ ਰੰਬਾ ਰਖਿਆ ਹੈ ਤੇ ਜਿਨ੍ਹਾਂ ਦੇ ਆਸਰੇ ਮਹਿਕੂਮਾਂ ਦੀ ਆਪਣੇ ਵਿਰੁਧ ਬਗਾਵਤ ਵਲੋਂ ਉਹ ਸਿਰਹਾਣੇ ਹੇਠ ਬਾਂਹ ਦੇ ਕੇ ਸੌਂਦੀਆਂ ਆਈਆਂ ਹਨ । ਇਹ ਸੰਸਥਾ ਤੇ ਇਹ ਕਲਚਰ ਐਸੀਆਂ ਚੀੜ੍ਹੀਆਂ ਹਨ ਜਿਵੇਂ ਇਹ ਸਾਡੇ ਮੁਲਕ ਦੀ ਵਸੋਂ ਦੇ ਲਹੂ ਵਿਚ ਹੀ ਰਲ ਗਈਆਂ ਹੋਣ । ਸਦੀਆਂ ਤੋਂ ਸਾਡੀ ਵਸੋਂ ਦੀ ਫ਼ਿਤਰਤ ਦਾ ਇਹ ਤਨੀ ਅੰਗ ਬਣੀਆਂ ਆ ਰਹੀਆਂ ਹਨ । ਇਹਨਾਂ ਬਾਬਤ ਭਿਆਨਕ ਗੱਲ ਇਹ ਹੈ ਕਿ ਜਿਨ੍ਹਾਂ ਜਾਤੀਆਂ, ਜਮਾਤਾਂ ਵਾਸਤੇ ਇਹ ਘੋਰ ਗੁਲਾਮੀ ਦੇ ਸੰਗਲ ਹਨ, ਜਿਨ੍ਹਾਂ ਦੀ ਜ਼ਿੰਦਗੀ ਵਾਸਤੇ ਇਹ ਨਿਰਾ ਕੇਂਸਰ ਹਨ ਉਹ ਵੀ ਇਹਨਾਂ ਨੂੰ ਪ੍ਰਵਾਨ ਕਰੀ ਆ ਰਹੀਆਂ ਹਨ ਤੇ ਇਹਨਾਂ ਦੀਆਂ ਤੋਰੀਆਂ ਤੁਰਦੀਆਂ ਹਨ । ਫ਼ੀਊਡਲ ਸਮਾਜ ਤਾਂ ਇਕ ਤਰ੍ਹਾਂ ਜੰਮ ਕੇ ਬੈਠੀ ਹੋਈ ਬਣਤਰ ਵਾਲਾ ਸੀ; ਉਸ ਦੀ ਹੱਦਬੰਦੀ ਨੂੰ ਟੱਪਣਾ ਔਖਾ ਸੀ । ਸਰਮਾਏਦਾਰੀ ਐਸਾ ਨਿਜ਼ਾਮ ਹੈ ਕਿ ਇਹ ਇਕ ਥਾਂ ਜੱਮ ਕੇ ਖੜੋ ਹੀ ਨਹੀਂ ਸਕਦਾ । ਤੇਜ਼ ਤਬਦੀਲੀ ਇਸ ਦਾ ਬੁਨਿਆਦੀ ਜੁੱਸਾ ਹੈ । ਇਹ ਆਪਣੀ ਵਸੋਂ ਦਾ ਵੀ ਖ਼ੂਬ ਗੁਤਾਵਾ ਕਰਦਾ ਹੈ । ਕਾਫ਼ੀ ਖਿਆਲ ਸੀ ਕਿ ਇਸਦੇ ਕਰੀਦੇ ਆਉਂਦੇ ਗੁਤਾਵੇ ਨਾਲ, ਇਸ ਦੀ ਮਸ਼ੀਨ ਦੀ ਅਸੈਂਬਲੀ ਲਾਈਨ ਨਾਲ ਜਾਤ-ਪਾਤ ਦਾ ਜਕੜ ਖ਼ਤਮ ਹੋ ਜਾਵੇਗੀ (ਸ਼ਹਿਰਾਂ ਆਦਿ ਵਿਚ ਇਹ ਜਕੜ ਅੱਗੇ ਨਾਲੋਂ ਕਦਰੇ ਢਿੱਲੀ ਤਾਂ ਹੋਈ ਹੈ) ਪਰ ਬੁਰਜੁਆਜ਼ੀ ਨੇ ਇਸ ਨਾਲ ਆਪਣੀ ਰਾਸ ਰਲਾ ਲਈ ਹੈ ਅਤੇ ਆਪਣੀ ਸਿਆਸਤ ਆਦਿ ਵਿਚ ਇਸ ਨੂੰ ਆਪਣਾ ਸੰਦ ਬਣਾ ਕੇ ਖੂਬ ਵਰਤ ਰਹੀ ਹੈ । ਉਸਨੇ ਆਪਣੇ ਅਮਲੀ ਤਜਰਬੇ ਤੋਂ ਵੇਖ ਲਿਆ ਹੈ ਕਿ ਸਮਾਜ ਦੇ ਮੇਹਨਤਕਸ਼ ਤਬਕੇ ਦੇ ਇਕ-ਮੁੱਠ ਹੋਣ ਦੇ ਰਾਹ ਵਿਚ ਇਹ ਲੋਹੇ-ਜੜੀ ਰੁਕਾਵਟ ਹੈ । ਇਸ ਨੂੰ ਬਰਕਰਾਰ ਰਖਣਾ, ਲੋੜ ਅਨੁਸਾਰ ਇਸ ਨੂੰ ਭੜਕਾਉਣਾ ਉਸ ਦੇ ਹਿੱਤ ਵਿਚ ਹੈ । ਅਸਲੀਅਤ ਇਹ ਹੈ ਕਿ ਫ਼ਿਰਕੂ ਜਜ਼ਬਾ ਤੇ ਜਾਤਪਾਤੀ ਜਜ਼ਬਾ, ਇਹ ਦੋ ਤਅੱਸਬ, ਸਾਡੀ ਬੁਰਜੁਆਜ਼ੀ ਦੇ ਹੱਥ ਐਸੇ ਆਏ ਹੋਏ ਹਨ ਕਿ ਜਦੋਂ ਉਸ ਦਾ ਜੀ ਚਾਹੇ ਇਹਨਾਂ ਦੀ ਤਾਰ ਨੂੰ ਹਿਲਾ ਕੇ, ਇਹਨਾਂ ਨੂੰ ਭੜਕਾ ਕੇ ਲੋਕਾਂ ਨੂੰ ਇਕ ਦੂਸਰੇ ਦਾ ਦੁਸ਼ਮਣ ਬਣਾ ਸਕਦੀ ਹੈ । ਜਾਤਪਾਤ ਦਾ ਤਅੱਸਬ ਤਾਂ ਫਿਰਕੂ ਤਅੱਸਬ ਨਾਲੋਂ ਵੀ ਸਦੀਆਂ ਪੁਰਾਣਾ ਤੇ ਪਤਾ ਨਹੀਂ ਸਾਡੀ ਵਸੋਂ ਦੀ ਬਣਤਰ ਵਿਚ ਕਿੰਨਾ ਗਹਿਰਾ ਹੈ ਕਿ ਇਸ ਦਾ ਕੜ ਹੀ ਟੁੱਟਾ ਪਿਆ ਹੈ ।

**ਜੱਟ ਦੀ ਜਾਤ ਵਿਚ** ਜਟਊਪੁਣਾ ਦਾ ਇਕ ਪ੍ਰਬਲ, ਡੁਲ੍ਹ ਡੁਲ੍ਹ ਪੈਂਦਾ ਜਜ਼ਬਾ ਹੈ ਜਿਸ 'ਤੇ ਉਸ ਨੂੰ ਬੇਅੰਤ ਮਾਣ ਹੈ। ਦੂਸਰੇ ਲਫ਼ਜ਼ਾਂ ਵਿਚ, ਜਟਊਪੁਣਾ ਜੱਟ ਦੀ ਕਲਚਰ ਹੈ । ਪਿੰਡ ਦੇ ਸੀਨ 'ਤੇ ਜੱਟ ਬੁਰਜੁਆਜ਼ੀ ਦੀ ਪੁਜੀਸ਼ਨ ਕੀ ਹੈ ? ਉਸ ਦਾ ਹਿੱਤ ਕੀ ਹੈ ? ਇਕ ਤਾਂ ਉਸ ਦਾ ਹਿੱਤ ਇਹ ਹੈ ਕਿ ਸ਼ਹਿਰੀ ਬਿਉਪਾਰੀ, ਸਨਅਤੀ ਬੁਰਜੁਆਜ਼ੀ ਦਾ ਕੋਈ ਪ੍ਰਤੀਨਿਧ, ਕੋਈ ਗੈਰ-ਜੱਟ ਪਿੰਡਾ ਦੇ ਹਲਕੇ ਵਿਚੋਂ ਆਣ ਕੇ ਚੋਣਾਂ ਵਿਚ ਜਿੱਤ ਨਾ ਸਕੇ । ਇਸ ਵਿਚ ਜੱਟ ਬੁਰਜੁਆਜ਼ੀ ਸੋਲਾਂ ਆਨੇ ਕਾਮਯਾਬ ਹੈ । ਕਾਹਦੇ ਆਸਰੇ ? ਜਟਊਪੁਣੇ ਦੇ ਸਿਰ 'ਤੇ । ਸੁ, ਸ਼ਹਿਰੀ, ਸਨਅਤੀ ਬੁਰਜੁਆ ਸ਼ਰੀਕ ਤਾਂ ਮਗਰੋਂ ਲੱਥਾ । ਦੂਸਰੇ ਪਾਸੇ, ਜੱਟ ਬੁਰਜੁਆਜ਼ੀ ਦਾ ਸ਼ਿਕਾਰ ਹੈ ਖੇਤ ਮਜ਼ਦੂਰ, ਪਿੰਡ ਦਾ ਕਾਮਾ, ਕਮੀਨ ਕਾਂਦੂ, ਕਾਰੀਗਰ ਆਦਿ । ਪਿੰਡ ਵਿਚ ਨਾ ਸਿਰਫ਼ ਜ਼ਮੀਨ ਹੀ ਜੱਟਾਂ ਦੀ ਮਾਲਕੀ ਹੈ, ਪਿੰਡ ਦੇ ਸੀਨ 'ਤੇ ਪੈਦਾਵਾਰ ਦੇ ਵਸੀਲੇ ਵੀ ਉਹਨਾਂ ਦੇ ਹੱਥ ਵਿਚ ਹਨ, ਬਲਕਿ ਪਿੰਡਾਂ ਵਿਚ ਹੈ ਵੀ ਜੱਟਾਂ ਦੀ ਬਹੁਗਿਣਤੀ । ਕਾਮੇ ਕਮੀਨ ਜੇ ਸਭ ਆਪਸ ਵਿਚ ਰਲ ਵੀ ਜਾਣ ਤਾਂ ਵੀ ਉਹ ਜੱਟਾਂ ਜਿੰਨੇ ਨਹੀਂ ਬਣਦੇ । ਬੁਰਜੁਆ ਆਰਥਕਤਾ ਦਾ ਵੇਗ ਪਿੰਡ ਵਿਚ, ਜੱਟਾਂ ਵਿਚ ਜਮਾਤੀ ਨਿਖੇੜ ਕਰ ਰਿਹਾ ਹੈ ।

ਹਰ ਪਿੰਡ ਵਿਚ ਉਂਗਲਾਂ 'ਤੇ ਗਿਣਨ ਜੋਗੇ ਜੱਟ ਟਰੈਕਟਰ ਆਦਿ ਦੀ ਵਾਹੀ ਨਾਲ ਬੁਰਜੁਆ ਬਣ ਰਹੇ ਹਨ। ਬਹੁਤਿਆਂ ਜੱਟਾਂ ਦੀ ਜ਼ਮੀਨ ਆਈ ਪੀੜ੍ਹੀ ਭੁਰਦੀ ਜਾਂਦੀ ਹੈ ਤੇ ਉਹ ਹੱਥਲ ਹੁੰਦੇ ਜਾਂਦੇ ਹਨ। ਜੇ ਨਿਰਾ ਆਰਥਕ ਹਿਤ ਹੀ ਪ੍ਰਵੇਸ਼ ਕਰੇ, ਜੇ ਹੱਥਲ ਹੋ ਰਹੇ ਜੱਟ ਜਮਾਤੀ ਤੌਰ 'ਤੇ ਚੇਤੰਨ ਹੋਣ ਤਾਂ ਪਿੰਡ ਵਿਚ ਜਮਾਤੀ ਪਾੜਾ ਪੈਣਾ ਚਾਹੀਦਾ ਹੈ—ਜੱਟ ਬੁਰਜੁਆਜ਼ੀ ਦੇ ਖਿਲਾਫ। ਪਰ ਨਿਰਾ ਆਰਥਕ ਹਿੱਤ ਪ੍ਰਵੇਸ਼ ਨਹੀਂ ਕਰ ਰਿਹਾ। ਸਭਨਾਂ ਵਿਚ ਹੀ, ਪਰ ਖਾਸ ਕਰ ਜੱਟਾਂ ਵਿਚ, ਬੰਦਿਆਂ ਦੇ ਤੌਰ ਤੌਰ ਰਹੀ ਹੈ ਕਲਚਰ ਵੀ; ਜੱਟਾਂ ਵਿਚ ਜਟਊਪੁਣਾ। ਜੱਟ ਭੁੱਖਾ ਨੰਗਾ ਹੋਵੇ, ਘਰ ਭਾਵੇਂ ਉਸ ਦੇ ਭੰਗ ਭੁਜਦੀ ਹੋਵੇ, ਆਰਥਕ, ਜਮਾਤੀ ਹਿੱਤ ਉਸ ਦਾ ਭਾਵੇਂ ਕਾਮਿਆਂ ਕੰਮੀਆਂ ਵਲ 'ਵਾਜਾਂ ਮਾਰੇ, ਪਰ ਉਹ ਉਹਨਾਂ ਦੀ ਸਫ ਵਿਚ ਰਲਣ ਲਈ ਬਿਲਕੁਲ ਤਿਆਰ ਨਹੀਂ। ਭੁਖ ਨੰਗ ਦੀਆਂ ਜੁੱਤੀਆਂ ਜਿੰਨੀਆਂ ਮਰਜ਼ੀ ਹੈ ਪਈ ਜਾਣ, ਜਿੰਨਾਂ ਚਿਰ ਜੱਟ ਜਟਊਪੁਣੇ ਵਿਚ ਘੁਟ ਕੇ ਬੱਝੇ ਹੋਏ ਨੇ ਪਿੰਡ ਦੀ ਜੱਟ ਬੁਰਜੁਆਜ਼ੀ ਨੂੰ ਕੀ ਤੌਖਲਾ? ਜਦ ਤਕ ਸੂਬੇ ਵਿਚ ਭਰਵੀਂ, ਭੰਨਵੀਂ ਮਾਰਕਸਵਾਦੀ ਲਹਿਰ ਨਹੀਂ ਉਠਦੀ ਪਿੰਡ ਦੇ ਕਮੀਨ ਕਾਂਦੂ ਤੇ ਕਾਮੇ ਭਲਾ ਕਾਮਯਾਬੀ ਨਾਲ ਕੁਸਕ ਸਕਦੇ ਨੇ? ਜੱਟ ਬੁਰਜੁਆਜ਼ੀ ਨੇ ਰਬੋਂ ਉਰੇ ਹੋਰ ਲੈਣਾ ਕੀ ਹੈ? ਉਸ ਦੇ ਵਾਸਤੇ ਜਟਊਪੁਣਾ, ਜੱਟਵਾਦ ਉਹ ਜਹਾਜ਼ ਹੈ ਜਿਸ 'ਤੇ ਚੜ੍ਹਿਆਂ ਉਸ ਦੇ ਜਮਾਤੀ ਹਿੱਤ ਦਾ ਪਾਰ ਉਤਾਰਾ ਹੋ ਰਿਹਾ ਹੈ। ਉਹ ਮੂਰਖ ਹੈ ਕਿ ਉਹ ਤਣਿਆਂ ਤਕ ਜ਼ੋਰ ਲਾ ਕੇ ਇਸ ਨੂੰ ਹੋਰ ਪੱਕਿਆਂ ਨਹੀਂ ਕਰੇਗੀ? ਹੁਣ ਵਾਲਾ ਜਟਊਪੁਣਾ ਪੁਰਾਣਾ ਜਟਊਪੁਣਾ ਨਹੀਂ, ਫੀਊਡਲ ਵੇਲੇ ਵਾਲਾ ਵੀ ਨਹੀਂ। ਨਾਂਅ ਤਾਂ ਉਹ ਹੀ ਹੈ ਪਰ ਅਸਲਾ ਇਸ ਦਾ ਨਾ ਫੀਊਡਲ ਹੈ ਤੇ ਨਾ ਉਸ ਤੋਂ ਪਹਿਲਾਂ ਵਾਲਾ। ਜੇ ਉਸ ਦਾ ਅਸਲਾ ਫੀਊਡਲ ਆਦਿ ਹੁੰਦਾ ਤਾਂ ਇਹ ਮੁਰਝਾ ਰਿਹਾ ਹੁੰਦਾ। ਪਰ ਇਸ ਦਾ ਅਸਲਾ ਹੈ ਬੁਰਜੁਆ। ਇਹ ਆਪਣੀ ਚੜ੍ਹਤ ਵਿਚ ਹੈ। ਅਜੇ ਇਹ ਭਰ ਜਵਾਨ ਨਹੀਂ ਹੋਇਆ। ਇਸ ਨੇ ਅਜੇ ਆਪਣਾ ਪੂਰਾ ਅਸਲ ਰੰਗ ਨਹੀਂ ਦਿਖਾਇਆ। ਮੁਲਕ ਦੀ ਬੁਰਜੁਆਜ਼ੀ ਨੂੰ, ਹਿੰਦੂ ਬੁਰਜੁਆਜ਼ੀ ਨੂੰ ਇਕ ਪਾਸੇ ਤੋਂ ਤਾਂ ਸਿੱਖ ਬੁਰਜੁਆਜ਼ੀ (ਕਿਸੇ ਸੈਕਟਰ ਦੀ ਵੀ ਹੋਵੇ) ਚੁਭਦੀ ਹੈ, ਪਰ ਨਿਜ਼ਾਮ ਦੀ ਪਕਿਆਈ ਦੇ ਨੁਕਤੇ ਤੋਂ ਉਹ ਨਹੀਂ ਚਾਹੁੰਦੀ ਕਿ ਜਟਊਣਪੁਣਾ ਜੋ ਜੱਟ ਬੁਰਜੁਆਜ਼ੀ ਦੀ ਅਮੁਕ ਤਾਕਤ ਹੈ, ਮਰੇ। ਇਹ ਬਗੈਰ ਵਰਦੀਉਂ ਬੁਰਜੁਆ ਨਿਜ਼ਾਮ ਦੀ, ਬੁਰਜੁਆ ਰਿਸ਼ਤਿਆਂ ਦੀ ਰਾਖੀ ਵਾਸਤੇ ਪੁਲੀਸ ਹੈ ਜੋ ਹਰ ਜੱਟ ਦੇ ਅੰਦਰ ਵੜ ਕੇ ਬੈਠੀ ਹੋਈ ਹੈ। ਤੇ ਖਰਚ ਇਸ 'ਤੇ ਨਾ ਧੇਲਾ, ਨਾ ਪੈਲਾ। ਇਸ ਨੁਕਤੇ ਤੋਂ ਸ਼ਹਿਰੀ ਬੁਰਜੁਆਜ਼ੀ ਨੇ ਹੋਰ ਲੈਣਾ ਕੀ ਹੈ? ਪਿੰਡ ਦੇ ਸੀਨ ਵਲੋਂ ਉਹ ਨਿਸ਼ਚਿੰਤ ਹੈ। ਅੱਖਾਂ ਖੁਲ੍ਹਣੀਆਂ ਚਾਹੀਦੀਆਂ ਨੇ ਬੰਦੇ ਦੀ ਆਜ਼ਾਦੀ ਦੇ ਰਾਹ ਵਾਲਿਆਂ ਦੀਆਂ। ਜਟਊਪੁਣੇ ਦੀ ਪੂਰੀ ਭਿਆਨਕਤਾ ਦਾ ਅਹਿਸਾਸ ਹੋਣਾ ਚਾਹੀਦਾ ਹੈ ਉਹਨਾਂ ਨੂੰ। ਜਿੰਨਾਂ ਚਿਰ ਜੱਟਾਂ ਵਿਚ ਜਮਾਤੀ ਨਿਖੇੜ ਨਹੀਂ ਹੁੰਦਾ ਤੇ ਗਰੀਬ ਜੱਟ ਆਪਣੇ ਜਮਾਤੀ ਪੈਂਤੜੇ 'ਤੇ, ਸਨਅਤੀ ਮਜ਼ਦੂਰ ਦੇ ਪੈਂਤੜੇ 'ਤੇ ਜਮਾਤੀ ਤੌਰ 'ਤੇ ਚੇਤੰਨ ਹੋ ਕੇ ਨਹੀਂ ਆਉਂਦਾ, ਪਿੰਡ ਦੇ ਸੀਨ 'ਤੇ ਜਮਾਤੀ ਜਦੋ-ਜਹਿਦ ਬਹੁਤ ਤਾਕਤ ਨਹੀਂ ਪਕੜ ਸਕਦੀ ਤੇ ਪਿੰਡ ਦੇ ਸੀਨ 'ਤੇ ਆਜ਼ਾਦੀ ਦਾ ਰਾਹ ਬਹੁਤਾ ਖੁਲ੍ਹ ਨਹੀਂ ਸਕਦਾ।

ਸਿੱਖ ਬੁਰਜੁਆਜ਼ੀ ਦੀ ਅੰਤ ਵਾਰਸ, ਧੜਾ ਭਾਵੇਂ ਕੋਈ ਹੋਵੇ, ਸਿੱਖੀ ਹੈ। ਏਥੇ ਸਿੱਖੀ ਦਾ ਮਤਲਬ ਗੁਰੂ ਸਾਹਿਬਾਨ ਦੀ ਸਿਰਜੀ, ਸਰਬਤ ਦੀ ਆਜ਼ਾਦੀ ਵਾਲੇ ਪੈਂਤੜੇ ਦੀ ਸਿੱਖੀ ਨਹੀਂ। ਬੁਰਜੁਆਜ਼ੀ ਦਾ ਤੇ ਆਜ਼ਾਦੀ ਦੇ ਪੈਂਤੜੇ ਦਾ ਅੱਗ ਪਾਣੀ ਵਾਲਾ ਵੈਰ ਹੈ। ਸੋ ਗੁਰੂ ਸਾਹਿਬਾਨ ਵਾਲੀ ਸਿੱਖੀ ਤਾਂ ਬੁਰਜੁਆਜ਼ੀ ਨੂੰ ਪੁਗ ਹੀ ਨਹੀਂ ਸਕਦੀ। ਉਸ ਸਿੱਖੀ ਨੂੰ ਵਿਗਾੜ ਕੇ, ਉਸ ਨੂੰ ਉਸ ਦੇ ਅਸਲਿਉਂ ਬੇਅਸਲ ਕਰ ਕੇ ਮਾਇਆ ਦੇ ਵਿਰੋਧੀ ਪੈਂਤੜੇ ਤੋਂ ਚੁਕ ਕੇ, ਮਾਇਆ ਦੇ ਹਿੱਤੀ



ਕਰ ਕੇ, ਉਸ ਵਿਚ ਉਸ ਦੇ ਮੂਲ ਦੇ ਵਿਰੋਧੀ ਬੁਰਜੁਆ ਹਿੱਤ ਪਾ ਕੇ, ਉਸ ਨੂੰ ਪੈਸੇ ਦੀ ਸਰਦਾਰੀ ਦੇ ਵਿਰੋਧੀ ਪੈਂਤੜੇ ਤੋਂ ਚੁਕ ਕੇ ਪੈਸੇ ਦੀ ਸਰਦਾਰੀ 'ਤੇ ਲਿਆ ਕੇ, ਉਸ ਨੂੰ ਆਪਣੇ ਜਮਾਤੀ ਅਕਸ ਵਿਚ ਢਾਲ ਕੇ ਹੀ ਸਿੱਖ ਬੁਰਜੁਆਜ਼ੀ ਸਿੱਖੀ ਨੂੰ ਆਪਣੇ ਸੂਤ ਕਰ ਸਕਦੀ ਹੈ, ਉਸ ਨੂੰ ਆਪਣੀ ਤਾਕਤ ਬਣਾ ਸਕਦੀ ਹੈ। ਇਹ ਅਸੀਂ ਵੇਖ ਚੁਕੇ ਹਾਂ ਕਿ ਸਿੱਖ ਬੁਰਜੁਆਜ਼ੀ ਨੇ ਸਿੱਖੀ ਨੂੰ ਆਪਣੇ ਹਿੱਤ ਦਾ ਪੁਤਲਾ ਬੜੀ ਦੇਰ ਦਾ ਬਣਾ ਲਿਆ ਹੋਇਆ ਹੈ ਤੇ ਉਸ ਨੂੰ ਆਪਣੇ ਹਿੱਤ ਵਾਸਤੇ ਲੜਨ ਲਈ ਪਹੁਲ ਛਕਾ ਕੇ ਤਿਆਰ-ਬਰ-ਤਿਆਰ ਕਰ ਕੇ ਸਿਆਸੀ ਮੈਦਾਨ ਵਿਚ ਲਿਆਂਦਾ ਹੋਇਆ ਹੈ। ਸੋ ਏਥੇ ਸਿੱਖੀ ਦਾ ਅਰਥ ਉਹ ਜਜ਼ਬਾ ਹੈ ਜੋ ਅਜ ਜੀਉਂਦੀ ਸਿੱਖ ਵਸੋਂ ਵਿਚ, ਗੁਰੂ ਸਾਹਿਬਾਨ ਵਾਸਤੇ, ਸਿੱਖ ਲਹਿਰ ਦੀ ਕੀਤੀ ਵਾਸਤੇ, ਤੇ ਗੁਰਬਾਣੀ, ਗੁਰੂ ਸਾਹਿਬ ਦੀ ਸਿੱਖੀ, ਵਾਸਤੇ ਹੈ। ਬੁਰਜੁਆ ਕਲਚਰ ਨੇ, ਸਿੱਖ ਬੁਰਜੁਆਜ਼ੀ ਦੇ ਪੈਂਤੜੇ ਦੀ ਕੀਤੀ ਕੋਸ਼ਿਸ਼ ਨੇ ਗੁਰਬਾਣੀ ਦੇ ਸੱਚ ਵਲੋਂ ਸਿੱਖ ਵਸੋਂ ਨੂੰ ਕਾਮਯਾਬੀ ਨਾਲ ਗਿਆਨ-ਵਿਹੂਣੀ ਬਣਾ ਲਿਆ ਹੈ। ਮਸਲਾ ਕੀ ਹੈ? ਤਾਕਤ ਸਿੱਖ ਲੋਕਾਂ ਦੀ, ਸਿੱਖ ਵਸੋਂ ਦੀ ਹੈ। ਉਹ ਤਾਕਤ ਵਰਤਣੀ ਹੈ ਸਿੱਖ ਬੁਰਜੁਆਜ਼ੀ ਜਾਂ ਉਸ ਦੇ ਕਿਸੇ ਧੜੇ ਨੇ। ਬੁਰਜੁਆ ਪੈਂਤੜੇ ਦੀ ਪਹੁਲ ਤਾਂ ਸਿੱਖੀ ਨੂੰ ਛਕਾਈ ਜਾ ਚੁਕੀ ਹੈ। ਅਤੇ ਉਸ ਛਕਾਈ ਪਹੁਲ ਦੇ ਆਸਰੇ ਸਿੱਖ ਬੁਰਜੁਆਜ਼ੀ ਲੋਕਾਂ ਦੇ ਸਿਖੀ ਵਾਸਤੇ ਜਜ਼ਬੇ ਦੀ ਤਾਰ ਨੂੰ ਹਿਲਾ ਕੇ, ਉਹਨਾਂ ਦੀ ਤਾਕਤ ਨਾਲ ਆਪਣਾ ਆਰਥਕ ਸਿਆਸੀ ਹਿੱਤ ਪੂਰਦੀ ਆਈ ਹੈ।

ਹੁਣ ਝਗੜਾ ਹੈ ਸਿੱਖ ਬੁਰਜੁਆਜ਼ੀ ਦੇ ਦੋਹਾਂ ਧੜਿਆਂ ਦਾ ਆਪਸ ਵਿਚ। ਤਾਕਤ ਸਿੱਖ ਲੋਕਾਂ ਦੀ ਹੈ। ਉਸ ਤਾਕਤ ਦੀ ਅਜ ਕੁੰਜੀ ਹੈ (ਮੁਲਕ ਵਿਚ ਫ਼ਿਰਕੂ ਫ਼ਿਜ਼ਾ ਦੇ ਪ੍ਰਸੰਗ ਵਿਚ) ਲੋਕਾਂ ਵਿਚ ਸਿੱਖੀ ਵਾਸਤੇ ਜਜ਼ਬਾ। ਅਜ ਦੇ ਪ੍ਰਸੰਗ ਵਿਚ ਲੋਕਾਂ ਦਾ ਸਿੱਖੀ ਵਾਸਤੇ ਜਜ਼ਬਾ ਸਿਆਸੀ ਤਾਕਤ ਹੈ ਜਿਸ ਨੂੰ ਕੋਈ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ। ਸਵਾਲ ਹੈ ਕਿ ਇਸ ਤਾਕਤ ਦੀ ਕੁੰਜੀ ਸਿੱਖ ਬੁਰਜੁਆਜ਼ੀ ਦੇ ਕਿਸ ਧੜੇ ਕੋਲ ਹੈ—ਜੱਟ ਬੁਰਜੁਆਜ਼ੀ ਕੋਲ ਜਾਂ ਸ਼ਹਿਰੀ ਬਿਊਪਾਰੀ ਆਦਿ ਬੁਰਜੁਆਜ਼ੀ ਕੋਲ। ਪੰਜਾਬ ਵਿਚ ਸਿੱਖ ਜੱਟ ਬੁਰਜੁਆਜ਼ੀ ਸੂਬੇ ਦੇ ਰਾਜ ਦਾ ਮੂੰਹ ਵੇਖ ਚੁਕੀ ਹੈ। ਸਿੱਖੀ ਬੁਰਜੁਆ ਤਾਂ ਬਣਾਈ ਹੀ ਜਾ ਚੁਕੀ ਹੈ। ਉਸ ਦੀ ਬਾਬਤ ਤਾਂ ਜੱਟ ਬੁਰਜੁਆਜ਼ੀ ਨੂੰ ਕਿਸੇ ਕਿਸਮ ਦੀ ਕੋਸ਼ਿਸ਼ ਕਰਨ ਦੀ ਲੋੜ ਨਹੀਂ। ਉਸ ਦੀ ਲੋੜ ਹੈ ਬੁਰਜੁਆ ਬਣੀ ਸਿੱਖੀ ਨੂੰ ਜੱਟ ਬੁਰਜੁਆ ਸਿੱਖੀ ਬਣਾਉਣਾ। ਜੇ ਜੱਟ ਬੁਰਜੁਆਜ਼ੀ ਨੇ ਸੂਬੇ 'ਤੇ ਰਾਜ ਕਰਨਾ ਹੈ ਤਾਂ ਉਸ ਦੇ ਵਾਸਤੇ ਲਾਜ਼ਮੀ ਹੈ ਕਿ ਉਹ ਲੋਕਾਂ ਵਿਚ ਸਿੱਖੀ ਵਾਸਤੇ ਜੋ ਜਜ਼ਬਾ ਹੈ ਉਸ ਨੂੰ ਆਪਣੀ ਮੁਠ ਵਿਚ ਕਰੇ। ਪਿੰਡਾਂ ਵਿਚ ਸਿੱਖਾਂ ਦੀ ਬਹੁਗਿਣਤੀ ਜੱਟਾਂ ਦੀ ਹੈ। ਸੋ ਜੱਟ ਬੁਰਜੁਆਜ਼ੀ ਵਾਸਤੇ ਜ਼ਰੂਰੀ ਹੈ ਕਿ ਉਹ ਜੱਟਾਂ ਨੂੰ, ਉਹਨਾਂ ਦੀ ਤਾਕਤ ਨੂੰ ਆਪਣੀ ਰੀੜ੍ਹ ਦੀ ਹੱਡੀ ਬਣਾਵੇ। ਜੱਟਾਂ ਵਿਚ ਬੁਨਿਆਦੀ ਦੋ ਜਜ਼ਬੇ ਹਨ। ਇਕ ਜਾਤੋਂ ਜੱਟ ਹੋਣ ਦਾ, ਜਟਊਪੁਣੇ ਦਾ ਤੇ ਦੂਸਰਾ ਸਿੱਖੀ ਦਾ। ਇਹਨਾਂ ਦੋਹਾਂ ਜਜ਼ਬਿਆਂ ਦੀਆਂ ਜੜ੍ਹਾਂ ਐਨੀ ਦੂਰ ਤਕ ਹਨ ਕਿ ਇਸ ਦਾ ਅੰਦਾਜ਼ਾ ਲਾਉਣਾ ਸੌਖਾ ਨਹੀਂ। ਜਾਤ ਪਾਤ ਦੀ ਸੰਸਥਾ ਦਾ, ਉਸ ਦੀ ਕਲਚਰ ਦਾ ਸਾਰਾ ਇਤਿਹਾਸ ਜਟਊਪੁਣੇ ਵਿਚ ਹੈ ਤੇ ਸਿੱਖੀ ਦਾ ਸਾਰਾ ਇਤਿਹਾਸ ਸਿੱਖੀ ਦੇ ਜਜ਼ਬੇ ਵਿਚ। ਸੋ ਅੰਨ੍ਹਿਆਂ ਨੂੰ ਵੀ ਦਿਸਦਾ ਹੈ ਕਿ ਜੱਟ ਬੁਰਜੁਆਜ਼ੀ ਵਾਸਤੇ ਹੋਰ ਕੋਈ ਰਾਹ ਹੀ ਨਹੀਂ ਸਿਵਾਏ ਇਸ ਦੇ ਕਿ ਉਹ ਸਿੱਖ ਲਹਿਰ ਦੀ ਕੀਤੀ, ਸਿੱਖ ਇਤਿਹਾਸ ਤੇ ਸਿੱਖ ਮਜ਼੍ਹਬ 'ਤੇ ਕਬਜ਼ਾ ਮਾਰੇ ਅਤੇ ਉਹਨਾਂ ਨੂੰ ਜੱਟਵਾਦ ਦੀ ਪਹੁਲ ਛਕਾਵੇ।

ਇਹਨਾਂ ਦੋਹਾਂ ਨੂੰ ਜੱਟਵਾਦ ਦੀ ਪਹੁਲ ਛਕਾਉਣ ਵਿਚ ਵਸਤੂ ਕੀ ਹੈ? ਵਸਤੂ ਇਹ ਹੈ

ਕਿ ਏਸ ਤਰ੍ਹਾਂ ਕੀਤਿਆਂ ਦੋਵੇਂ ਜਜ਼ਬੇ ਇਕ ਹੁੰਦੇ ਹਨ, ਇਕ-ਜਾਨ ਹੀ ਨਹੀਂ ਹੁੰਦੇ। ਸਿੱਖੀ
ਜਜ਼ਬਾ ਜਟਊਪੁਣੇ ਦੇ ਜਜ਼ਬੇ ਦੇ ਅਧੀਨ ਹੋ ਕੇ ਉਸ ਦੇ ਅੱਗੇ ਲਗ ਤੁਰਦਾ ਹੈ। ਜ਼ਾਹਿਰ
ਏਸ ਤਰ੍ਹਾਂ ਜਜ਼ਬਿਆਂ ਦੀ ਤਾਕਤ ਜੱਟ ਬੁਰਜੁਆਜ਼ੀ ਦੇ ਹੱਥ ਆਉਂਦੀ ਹੈ। ਸਵਾਲ ਸਿਰਫ਼
ਨੇ—ਪਹਿਲਾ, ਸਿੱਖੀ ਨੂੰ ਜੱਟਵਾਦ ਬਣਾਉਣਾ ਤੇ ਫੇਰ ਜੱਟਾਂ ਦੇ ਜਾਤਪਾਤੀ ਜਜ਼ਬੇ ਨੂੰ, ਜੱਟ
ਨੂੰ ਹੋਰ ਉਭਾਰਨਾ ਤੇ ਪੱਕਿਆਂ ਕਰਨਾ। ਜੱਟਵਾਦ ਨੂੰ ਸ਼ਾਵਨਿਜ਼ਮ ਦੀ ਪੁਠ ਦੇਣਾ। ਜੱਟ ਬੁਰਜੁ
ਵਾਸਤੇ ਇਹ ਕੋਈ ਵੱਡੀ ਮੁਸ਼ਕਲ ਗੱਲ ਨਹੀਂ। ਬੁਨਿਆਦੀ ਤੱਥਾਂ ਨੂੰ ਸਿਰਫ਼ ਮਰੋੜਾ ਦੇਣ
ਮਸਲਾ ਹੈ; ਇਕ ਪੈਂਤੜੇ ਦੇ ਤੱਥਾਂ ਨੂੰ ਉਸ ਦੇ ਵਿਰੋਧੀ ਦੇ ਬਣਾਉਣ ਦਾ ਹੈ। ਬੁਰਜੁਆਜ਼ੀ
ਐਸੀ ਹੱਥ-ਫੇਰੀ ਖੱਬੇ ਹੱਥ ਦਾ ਕਰਤਬ ਹੈ। ਇਹ ਤਾਂ ਸਿੱਧਾ ਅੰਨ੍ਹਿਆਂ ਨੂੰ ਵੀ ਦਿਸਦਾ ਤੱਥ
ਕਿ ਸਿੱਖ ਲਹਿਰ ਵਿਚ ਕਿਸਾਨ —ਜੱਟ, ਕਾਰੀਗਰ, ਕਮੀਨ ਤੇ ਕਾਮੇਂ ਫੀਊਡਲ ਤੇ ਉਸ ਦੀ ਸਟੇ
ਵਿਰੁਧ ਲੜੇ। ਜੱਟਾਂ ਦੀ ਚੂੰਕਿ ਪਿੰਡਾਂ ਦੀ ਵਸੋਂ ਵਿਚ ਗਿਣਤੀ ਜ਼ਿਆਦਾ ਸੀ, ਸੁ ਸਿੱਖ ਲਹਿਰ
ਵੀ ਉਹਨਾਂ ਦੀ ਗਿਣਤੀ ਜ਼ਿਆਦਾ ਸੀ। ਜੱਟ-ਬੁਰਜੁਆਜ਼ੀ ਨੇ ਹੁਣ ਹੱਥ-ਫੇਰੀ ਕੀ ਕਰਨੀ
ਇਹ ਵਜਾਉਣਾ ਹੈ ਕਿ ਲੜੇ ਹੀ ਸਿਰਫ਼ ਜੱਟ ਸਨ, ਬਾਕੀ ਤਾਂ ਐਵੇਂ ਆਟੇ ਵਿਚ ਲੂਣ ਹੀ
ਇਹ ਇਕ ਨੁਕਤਾ ਹੈ। ਇਸ ਤੋਂ ਵੀ ਬੁਨਿਆਦੀ, ਸਿੱਖੀ ਨੂੰ ਜਟਊਪੁਣਾ ਬਣਾਉਣ ਦਾ
ਨੁਕਤਾ ਹੈ। ਉਹ ਸਾਰੀ ਗੱਲ ਦਾ ਮੂਲ ਹੈ। ਚਲੋ ਜੱਟ ਲੜੇ ਪਰ ਲੜੇ ਕਿਸ ਪੈਂਤੜੇ ਤੋਂ
ਇਤਿਹਾਸ ਗੁਆਹ ਹੈ ਕਿ ਗੁਰੂ ਸਾਹਿਬਾਨ ਦੀ ਸਿਰਜੀ ਸਿੱਖ ਲਹਿਰ ਲਈ ਪਲੈਬੀਅਨ ਦੇ ਪੈਂ
ਤੋਂ, ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ,। ਜੱਟ ਬੁਰਜੁਆਜ਼ੀ ਨੇ ਏਸ ਤੱਥ ਨੂੰ ਰੱਦੂ ਬੱਦੂ
ਹੈ। ਗੁਰੂ ਸਾਹਿਬਾਨ ਨੇ ਤਕਰੀਬਨ ਦੋ ਸੌ ਸਾਲ ਇਸ ਪੈਂਤੜੇ ਨੂੰ, ਆਜ਼ਾਦੀ ਦੇ ਪੈਂਤੜੇ ਨੂੰ
ਕਰਨ 'ਤੇ ਲਾਏ, ਕਲਚਰਲ ਇਨਕਲਾਬ ਲਿਆਉਣ 'ਤੇ ਲਾਏ। ਤੇ ਅੰਤ ਜਦੋਂ ਅਨੰਦਪੁਰ
ਖਾਲਸਾ ਸਾਜਿਆ ਤਾਂ ਲਿਆਂਦੇ ਕਲਚਰਲ ਇਨਕਲਾਬ ਦੀ ਕਾਮਯਾਬੀ ਦਾ ਐਲਾਨ ਕੀਤ
ਕੁਲ ਨਾਸ਼, ਕਰਮ ਨਾਸ਼, ਧਰਮ ਨਾਸ਼ ਆਦਿ ਖਾਲਸਾ ਸਾਜਿਆ ਤੇ ਪਹਿਲੇ ਸਭ ਕੁਛ ਦੇ ਨਾਸ
ਦਾ ਐਲਾਨ ਕੀਤਾ। ਇਸ ਹੱਦ ਤੱਕ ਕਿ ਮਾਂ ਪਿਉ ਵੀ ਬਦਲੇ। ਇਸ ਦਾ ਅਰਥ ਕੀ
ਅਰਥ ਇਹ ਸੀ ਕਿ ਸਾਜਿਆ ਸਭ ਖਾਲਸਾ ਪਹਿਲੇ ਪੈਂਤੜੇ ਦੇ ਗੰਦ ਤੋਂ ਪਾਕ ਹੋ
ਆਜ਼ਾਦੀ ਦੇ ਪੈਂਤੜੇ 'ਤੇ ਪਹੁੰਚ ਗਿਆ ਹੈ। ਉਸ ਦੀ ਕਾਇਆਂ-ਪਲਟੀ ਪੂਰੀ ਹੋ
ਹੈ। ਗੁਲਾਮ ਬੰਦੇ ਤੋਂ ਉਹ ਆਜ਼ਾਦ ਬੰਦਾ ਬਣ ਗਿਆ ਹੈ। ਤੇ ਸਰਬਤ ਦੀ ਆਜ਼
ਵਾਸਤੇ ਸਿਰ ਤਲੀ 'ਤੇ ਰੱਖ ਲਿਆ ਸੁ। ਜੱਟ ਜਟਊਪੁਣੇ ਵਾਲਾ ਜੱਟ ਨਹੀਂ ਰਿ
ਉਹ ਹੋਰਨਾਂ ਦੇ ਨਾਲ ਗੁਰੂ ਗੋਬਿੰਦ ਸਿੰਘ ਦਾ ਪੁੱਤ ਸਾਜਿਆ ਗਿਆ ਹੈ ਤ ਆਜ਼
ਵਾਸਤ ਲੜਨ ਵਾਲਿਆ ਸਭਸ ਦਾ ਮਾਂ ਪਿਉ ਜਾਇਆ ਭਾਈ ਹੋ ਗਿਆ ਹੈ।
ਬਾਟਿਉਂ ਅਮ੍ਰਿਤ ਛਕ ਲਿਆ ਹੈ। ਮਤਲਬ ਹੈ ਸਭਸ ਦੀ ਤਲਵਾਰ ਇਕੋ ਮਿਆਨ
ਤਲਵਾਰ ਹੋ ਗਈ ਹੈ।

ਆਪਣ ਹੱਕ ਦਾ ਰੈਸ਼ਨੇਲ ਬਣਾਉਣਾ ਤਾਂ ਕੋਈ ਔਖੀ ਗੱਲ ਨਹੀਂ ਹੁੰਦੀ। ਤੱਥਾਂ
ਮਰੋੜਾ ਚਾੜ੍ਹਿਆ, ਸੱਚ ਨੂੰ ਨਿਚੋੜ ਕੇ ਬਾਹਰ ਮਾਰਿਆ ਤੇ ਤੱਥਾਂ ਨੂੰ ਜਿਸ ਪੰਜਾਲੀ ਮਰਜ਼ੀ ਹੈ
ਲਿਆ। ਕਿੱਸਾ ਕੋਤਾ ਤਾਂ ਵਿਚੋਂ ਇਹ ਹੀ ਹੈ ਨਾ ਕਿ ਗੁਰੂ ਸਾਹਿਬਾਨ ਦੇ ਲਿਆਂਦੇ ਕਲਚ
ਇਨਕਲਾਬ ਦਾ, ਕੀਤੀ ਬੰਦਿਆਂ ਦੀ ਕਾਇਆਂ-ਪਲਟੀ ਦਾ ਘੁੱਟ ਭਰਿਆ ਜਾਵੇ। ਉਸ ਨੂੰ
ਕੰਡੀਆਂ ਰਲਾਇਆ ਜਾਵੇ। ਉਸ ਨੂੰ ਅੱਖਾਂ ਤੋਂ ਪਰੋਖਿਆਂ ਐਸਾ ਕੀਤਾ ਜਾਵੇ ਕਿ ਮੁੜ



ਉਹ ਕਿਸੇ ਨੂੰ ਦਿਸੇ ਹੀ ਨਾ। ਬਹੁਤ ਹੱਦ ਤਕ ਸਿੱਖ ਬੁਰਜੁਆਜ਼ੀ ਨੇ ਇਹ ਕਾਰਾ ਕਰ ਛੱਡਿਆ
ਹੈ। ਜੱਟ ਬੁਰਜੁਆਜ਼ੀ ਨੇ ਸਿਰਫ਼ ਲੋ ਹੀ ਲਾਉਣਾ ਹੈ ਕਿ ਸਿੱਖ ਲਹਿਰ ਵਿਚ ਲੜਦਾ ਜੱਟ, ਜੱਟ
ਹੀ ਸੀ, ਜਿਸ ਦਾ ਅਜ ਦੇ ਪ੍ਰਸੰਗ ਵਿਚ ਕੁਦਰਤੀ ਮਤਲਬ ਕੱਢਿਆ ਜਾਵੇਗਾ—ਜਟਊਪੁਣੇ ਵਾਲਾ
ਜੱਟ, ਜਿਸ ਦੀ ਅੱਜ ਵਾਗ ਡੋਰ ਹੈ ਜੱਟ ਬੁਰਜੁਆਜ਼ੀ ਕੋਲ। ਜੱਟਵਾਦ ਨੂੰ ਸਿੱਖੀ ਦੇ ਮੂਲ
ਬਣਾਉਣ ਵਿਚ ਕਰਨਾ ਕੀ ਹੈ? ਬਹੁਤੇ ਲੰਮ ਚੌੜਾਅ ਦੀ ਲੋੜ ਨਹੀਂ। ਗੁਰੂ ਸਾਹਿਬਾਨ ਨੇ ਉਸ
ਵੇਲੇ ਸ਼ੂਦਰ ਜਾਤੀਆਂ ਨੂੰ—ਜੱਟਾਂ, ਕਾਰੀਗਰਾਂ, ਕੰਮੀਆਂ, ਕਾਮਿਆਂ ਨੂੰ—ਸਭਸ ਨੂੰ ਸਰਬਤ ਦੀ
ਆਜ਼ਾਦੀ ਦੇ ਪੈਂਤੜੇ 'ਤੇ ਲਿਆਂਦਾ ਤੇ ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਵਿਰੁਧ ਸਿਰ ਧੜ ਦੀ
ਲਾਈ? ਇਸ ਤੱਥ ਨੂੰ ਮਰੋੜ ਕੇ ਜੱਟ ਬੁਰਜੁਆਜ਼ੀ ਤੇ ਉਸ ਦੇ ਵਿਚਾਰਧਾਰਕਾਂ ਆਪਣਾ ਰੈਸ਼ਨੇਲ
ਤੋਰਨ ਵਾਸਤੇ ਬਣਾਉਣਾ ਕੀ ਹੈ? ਬਣਾਉਣਾ ਇਹ ਹੈ ਕਿ ਗੁਰੂ ਤੇ ਉਹਨਾਂ ਦੇ ਚੇਲੇ ਤਾਂ ਮਾਲਾ
ਫੇਰਨ ਵਾਲੇ, ਸਮਾਧੀਆਂ ਲਾਉਣ ਵਾਲੇ ਸੀ। ਜੱਟ ਬਾਬੇ ਧੜਾ ਧੜ ਆਏ। ਗੁਰੂ ਨੂੰ ਲਾਇਆ
ਅੱਗੇ। ਲਹਿਰ ਹੋ ਗਈ ਹਥਿਆਰਬੰਦ। ਜੱਟ ਹਥਿਆਰੋਂ ਬਗ਼ੈਰ ਤੁਰਦਾ ਕਦੋਂ ਸੀ? ਜੱਟਾਂ ਆਪਣਾ
ਪਿਤਾ ਪੁਰਖੀ ਕਰਤਵ ਕੀਤਾ। ਖੰਡਾ ਖੜਕਾਇਆ। ਗੁਰੀਲਾ ਜੰਗ ਕੀਤੀ। ਮੁਗਲ ਮਾਰਿਆ।
ਅਬਦਾਲੀ ਭਜਾਇਆ। ਰਾਜ ਲੈ ਲਿਆ...ਜੱਟ ਬੁਰਜੁਆਜ਼ੀ ਦਾ ਰੈਸ਼ਨੇਲ ਬਣਿਆ ਬਣਾਇਆ
ਹੀ ਤਾਂ ਹੈ।

ਇਸ ਰੈਸ਼ਨੇਲ ਦਾ ਜਦ ਜੱਟਵਾਦ ਵਿਚ ਗੁੱਟ, ਜਟਊਪੁਣੇ ਵਿਚ ਸਿਰੋਂ ਪੈਰਾਂ ਤੀਕ ਗੁੱਸੇ ਹੋਏ,
ਗਿਆਨ-ਵਿਹੂਣੇ, ਅਨਪੜ੍ਹ ਜੱਟਾਂ ਵਿਚ ਛੱਟਾ ਦਿੱਤਾ ਗਿਆ ਤਾਂ ਉਸ ਜ਼ਮੀਨ ਵਿਚੋਂ ਇਹ ਰੈਸ਼ਨੇਲ
ਉਗੇਗਾ ਕੀ ਬਣ ਕੇ? ਆਪਣੀ ਜਟਊਪੁਣੇ ਦੀ ਹੈਂਕੜ ਵਿਚ ਬਿਸ਼ਨ ਪਤੇ ਇਹ ਬੋਲਣਗੇ—
'ਭੁਲਿਆ ਲੋਕਾ, ਗਲ ਕਰ, ਗੁਰੂਆਂ ਨੂੰ ਗੁਰੂ ਬਣਾਇਆ ਕਿਸ? ਅਸਾਂ ਜੱਟਾਂ ਨੇ। ਜੱਟ ਤਿਲਕ
ਲਾਉਂਦਾ ਸੀ ਤਾਂ ਜਾ ਕੇ ਗੁਰੂ ਗੱਦੀ 'ਤੇ ਬਹਿੰਦਾ ਸੀ। ਜੱਟਾਂ ਤੋਂ ਪਹਿਲਾਂ ਗੁਰੂਆਂ ਦੇ ਸਿੱਖ
ਸਨ ਕੀ? ਖਤਰੀ, ਰੋੜੇ, ਕਰਾੜ ਤੇ ਕਿਤੇ ਕਿਤੇ ਵੱਢੀ ਟੁਕੀ ਜਾਤ। ਇਹਨਾਂ 'ਚ ਜਾਨ, ਸਿੱਖੀ
ਵਿਚ ਜਾਨ ਕਿਸ ਪਾਈ? ਅਸਾਂ ਜੱਟਾਂ ਨੇ। ਭੋੜਿਆ, ਤੂੰ ਸਿਆਣਾ ਏਂ ਜੱਟ ਜੰਮਦੇ ਦੇ ਹੱਥ
ਹਥਿਆਰ। ਸ਼ੇਰਨੀ ਦੇ ਦੁਧ ਦੀ ਉਹਨੂੰ ਗੁੜ੍ਹਤੀ। ਅਸੀਂ—ਜੱਟ ਗਏ, ਨਾਲ ਸਾਡੀ ਤਲਵਾਰ ਗਈ।
ਤਾਕਤ ਸੋਹਣਿਆਂ ਕੀ ਏ? ਤਲਵਾਰ? ਤੇ ਗੁਰੂਆਂ ਦੀ ਤਾਕਤ ਕੀ ਸੀ? ਸਾਡੀ ਜੱਟਾਂ ਦੀ
ਤਲਵਾਰ। ਮੁਗ਼ਲਾਂ ਨੂੰ ਵੰਗਾਰ ਕੇ ਚਿਥਿਆ ਕਿਸ? ਦੱਗਲ ਉਹਨਾਂ ਨੂੰ ਕੀਤਾ ਕਿਸ? ਅਸਾਂ
ਜੱਟਾਂ। ਰਾਜ ਖੋਹਿਆ ਅਸਾਂ। ਅੰਤ ਪੰਜਾਬ 'ਤੇ ਰਾਜ ਕੀਤਾ ਕਿਸ? ਜੱਟ ਨੇ, ਜੱਟ ਦੇ ਪੁੱਤ ਨੇ।
ਇਹ ਕੀ ਹੈ? ਸਿੱਧੀ ਸ਼ਾਵਨਿਜ਼ਮ ਦੀ ਫੂਕੀ ਹੋਈ ਰੂਹ। ਜਦੋਂ ਇਹ ਰੈਸ਼ਨੇਲ ਜਟਊਪੁਣੇ ਵਾਲੀ
ਇਸ ਹੈਂਕੜ ਵਿਚ ਜੱਟ ਮੁਲਖੱਈਏ ਦੇ ਮੂੰਹ ਚੜ੍ਹ ਬੋਲਿਆ ਤਾਂ ਇਹ ਜੱਟ ਬੁਰਜੁਆ ਪੈਂਤੜੇ ਦੀ,
ਬੁਰਜੁਆ ਪੈਂਤੜੇ ਦੀ ਵਹਿਸ਼ਤ ਦੀ ਭਿਆਨਕ ਤਾਕਤ ਬਣ ਜਾਵੇਗਾ। ਤੇ ਉਹ ਵੀ ਬਗੈਰ
ਕਿਸੇ ਹਿੰਗ ਫਟਕੜੀ ਦੇ ਖਰਚ ਦੇ! ਇਸ ਨਸ਼ੇ ਵਿਚੋਂ ਮੰਦੇ ਹਾਲ ਹੁੰਦਾ ਹੋਇਆ ਜੱਟ ਨਿਕਲ
ਸਕੇਗਾ? ਨਿਕਲੇਗਾ ਤੇ ਕਦੋਂ ਤੇ ਕਿਸ ਤਰ੍ਹਾਂ? ਇਹ ਜੱਟਵਾਦ ਦੀ ਕਲਚਰ ਦਾ, ਜਟਊਪੁਣੇ ਦਾ
ਜ਼ੋਰ ਨਹੀਂ ਤੇ ਹੋਰ ਕਿਸ ਦਾ ਹੈ? ਹੱਥਲ ਹੋ ਰਿਹਾ ਜੱਟ ਜਟਊਪੁਣੇ ਨੂੰ ਹਿੱਕ ਨਾਲ ਲਾਈ
ਫਿਰਦਾ ਹੈ। ਜਿੰਨਾ ਕੰਗਾਲ ਹੁੰਦਾ ਜਾਂਦਾ ਹੈ ਉਨਾ ਹੀ ਉਹ ਇਸ ਨੂੰ ਆਪਣੇ ਕਲੇਜੇ ਨਾਲ ਹੋਰ
ਘੁੱਟਦਾ ਹੈ। ਉਸ ਨੂੰ ਪਤਾ ਨਹੀਂ ਕਿ ਇਹ ਮਿੱਠਾ ਮਹੁਰਾ ਹੈ ਜੋ ਉਸ ਦੀ ਜੜ੍ਹੀਂ ਤੇਲ ਦੇ ਰਿਹਾ
ਹੈ। ਉਹ ਏਸ ਗਲੋਂ ਐਨਾ ਅਣਭੋਲ ਹੈ ਕਿ ਸੱਪ ਨੂੰ ਦੁਧ ਪਿਆਈ ਜਾਂਦਾ ਹੈ। ਇਸ ਦੇ ਆਸਰੇ

ਉੱਸਰ ਉੱਸਰ ਬਹਿਦਾ ਹੈ, ਫੜ੍ਹਾਂ ਮਾਰਦਾ ਹੈ, ਤੇ ਰੱਬੋਂ ਉਰੇ ਕਿਸੇ ਨੂੰ ਮਿਥਦਾ ਨਹੀਂ। ਜਿੰਨਾਂ ਚਿਰ ਗਰੀਬ ਹੁੰਦਾ ਜਾਂਦਾ ਜੱਟ ਜਟਊਪੁਣੇ ਦੇ ਲੜ ਲੱਗਾ ਰਿਹਾ, ਪਿੰਡ ਦੇ ਸੀਨ 'ਤੇ ਆਜ਼ਾਦੀ ਦਾ ਰਾਹ ਖੁਲ੍ਹਣਾ, ਆਜ਼ਾਦੀ ਦੇ ਪੈਂਤੜੇ ਦਾ ਬੱਝਣਾ ਬੜਾ ਔਖਾ ਹੋਵੇਗਾ।

ਪਿੰਡ ਦੇ ਸੀਨ 'ਤੇ ਆਜ਼ਾਦੀ ਦੀ ਜਦੋ-ਜਹਿਦ ਵਾਸਤੇ ਜੇ ਰਾਹ ਖੁਲ੍ਹਣਾ ਹੈ ਤਾਂ ਸਿੱਖੀ ਦੇ ਮੂਲ ਬਣਾਏ ਜਾ ਰਹੇ ਜੱਟਵਾਦ ਨਾਲ ਹੀ ਨਹੀਂ, ਸਾਰੇ ਜਟਊਪੁਣੇ ਨਾਲ ਹੀ ਲੋਹਾ ਲੈਣਾ ਪਵੇਗਾ। ਜਟਊਪੁਣਾ ਫੂਕ ਮਾਰਿਆਂ ਉਡ ਜਾਣ ਵਾਲੀ ਕਲਚਰ ਨਹੀਂ। ਆਰਥਕ, ਸਮਾਜਕ, ਸਿਆਸੀ, ਵਿਚਾਰਧਾਰਕ ਤੇ ਕਲਚਰ ਦੀ ਪੱਧਰ 'ਤੇ ਲੰਮੇ ਅਰਸੇ ਵਾਸਤੇ ਲਹੂ ਪਾਣੀ ਇਕ ਕੀਤਿਆ ਬਗੈਰ ਇਹ ਹਿਲਣ ਵਾਲੀ ਨਹੀਂ। ਵੈਸੇ ਤਾਂ ਜਾਤ ਪਾਤ ਦੀ ਸਾਰੀ ਕਲਚਰ ਹੀ ਬਰੂ ਦਾ ਬੂਟਾ ਹੈ ਜਿਸ ਦੀ ਇਕ ਜੜ੍ਹ ਪੁਟੋ ਤੇ ਦੂਸਰੀ ਉਸ ਨੂੰ ਲੈ ਤੁਰਦੀ ਹੈ। ਬੂਟਾ ਮਰਨ ਵਿਚ ਆਉਂਦਾ ਹੀ ਨਹੀਂ। ਪਰ ਜਟਊਪੁਣੇ ਦਾ ਹੱਡ ਤਾਂ ਹੋਰ ਵੀ ਕਰੜਾ ਹੈ ਤੇ ਜਿਨਾਂ ਇਸ ਦਾ ਹੱਡ ਕਰੜਾ ਹੈ ਉਨਾਂ ਹੀ ਇਹ ਵਹਿਸ਼ੀ ਤੇ ਭਿਆਨਕ ਹੈ। ਐਸ ਵੇਲੇ ਜੱਟ ਜਟਊਪੁਣੇ 'ਤੇ ਐਨਾ ਮਾਣ ਕਰਦੇ ਨੇ, ਇਸ 'ਤੇ ਐਨਾ ਮਰਦੇ ਨੇ, ਜਿਵੇਂ ਟਬੋਂ ਉਰੇ ਇਸ ਤੋਂ ਵੱਡਮੁਲੀ ਚੀਜ਼ ਕੋਈ ਹੋਰ ਹੋਵੇ ਹੀ ਨਾ। ਬੁਰਜੁਆ ਆਰਥਕ ਵੇਗ ਆਪਣੇ ਆਪ ਜਮਾਤੀ ਨਿਖੇੜ ਕਰ ਰਿਹਾ ਹੈ। ਉਸ ਦੇ ਮੁਤਵਾਜ਼ੀ, ਉਸ ਦੇ ਹਾਣੀ ਜੇ ਜਮਾਤੀ ਨਿਖੇੜ ਨਹੀਂ ਹੋ ਰਿਹਾ ਤਾਂ ਉਸਾਰ ਦੀ ਪੱਧਰ 'ਤੇ, ਕਲਚਰ ਦੀ ਪੱਧਰ 'ਤੇ, ਮਨੁਖੀ ਬਰਤਾਉ ਦੀ ਪੱਧਰ 'ਤੇ ਨਹੀਂ ਹੋ ਰਿਹਾ। ਪਿੰਡ ਦੇ ਸੀਨ 'ਤੇ ਆਰਥਕ ਪੱਧਰ 'ਤੇ ਜਮਾਤੀ ਨਿਖੇੜ ਹੋਣ ਦੇ ਬਾਵਜੂਦ ਜੇ ਉਸਾਰ ਦੀ ਪੱਧਰ 'ਤੇ, ਸਿਆਸੀ ਬਰਤਾਉ ਦੀ ਪੱਧਰ 'ਤੇ ਇਹ ਜਮਾਤੀ ਨਿਖੇੜ ਨਹੀਂ ਹੋ ਰਿਹਾ, ਤਾਂ ਇਹ ਜਟਊਪੁਣੇ ਦੀ ਤਾਕਤ ਹੈ, ਜੱਟਵਾਦ ਦੀ ਕਲਚਰ ਦੀ ਕਰਾਮਾਤ ਹੈ। ਇਹ ਜੱਟ ਬੁਰਜੁਆਜ਼ੀ ਦੀ ਚਾਂਦੀ ਹੈ ਤੇ ਆਜ਼ਾਦੀ ਦੇ ਰਾਹ ਦਾ ਸੋਗ। ਇਹ ਕੰਮ ਵੀ ਕੀਤਿਆਂ ਹੀ ਹੋਣਾ ਹੈ। ਕੰਮ ਕੋਈ ਵੀ ਕੀਤਿਆਂ ਬਗੈਰ ਨਹੀਂ ਹੁੰਦਾ। ਆਜ਼ਾਦੀ ਦੇ ਰਾਹ ਵਾਲਿਆਂ ਵਾਸਤੇ ਲਾਜ਼ਮੀ ਹੈ ਕਿ ਉਹ ਸਮਕਾਲੀ ਜੱਟਵਾਦ ਦੀ ਅਸਲੀਅਤ ਨੂੰ ਸਮਝਣ ਤੇ ਇਸ ਨੂੰ ਜੜ੍ਹਾਂ ਤੋਂ ਉਖੇੜਨ ਦੇ ਰਾਹ ਪੈਣ। ਪਿੰਡ ਦੇ ਸੀਨ 'ਤੇ ਇਸ ਨੂੰ ਕਲਚਰ ਦੇ ਮੁਹਾਜ਼ ਦਾ, ਤਾਕਤ ਦੇ ਮੁਹਾਜ਼ ਦਾ ਮੂਲ ਅਸਲਾ ਸਮਝ ਕੇ ਇਸ ਨੂੰ ਮੁਖਾਤਬ ਹੋਣ।

---

Send subscriptions & donations to :

* Mrs. S. SAINI
  95, BURNS AVE.,
  SOUTHALL, MIDDX
  U.K.

* Mr. G. S. PANNU
  3362 E, 29th AVE.,
  VANCOUVER-16 (B.C.)
  CANADA

Price : Rs. 2.00 per copy
Subscription :
Annual (India) : Rs. 20
U.K., U.S.A., Canada : Rs. 100 (By air)
(Pakistan) : Rs. 40
Life membership : Rs. 200 (India)
Rs. 1,000 (Foreign)



ਮਾਰਕਸਵਾਦੀ ਸਿਧਾਂਤ ਦੀ ਇਹ ਨਿਰਣੇਜਨਕ ਮੰਗ ਹੈ ਕਿ ਹਰ ਸਮਾਜਕ ਮਸਲੇ ਨੂੰ ਨਿਰਧਾਰਿਤ ਇਤਿਹਾਸਕ ਹੱਦਾਂ ਦੇ ਵਿਚ ਰੱਖ ਕੇ ਹੀ ਵਿਚਾਰਿਆ ਜਾਵੇ ਤੇ ਜੇਕਰ ਇਹ ਮਸਲਾ ਕਿਸੇ ਖਾਸ ਦੇਸ਼ ਨਾਲ ਸੰਬੰਧਤ ਹੈ ਤਾਂ ਉਨ੍ਹਾਂ ਵਿਸ਼ੇਸ਼ਤਾਵਾਂ ਦਾ ਜ਼ਰੂਰ ਖ਼ਿਆਲ ਰੱਖਿਆ ਜਾਵੇ ਜੋ ਉਸੇ ਕਾਲ ਵਿਚ ਇਸ ਦੇਸ਼ ਨੂੰ ਬਾਕੀ ਦੇਸ਼ਾਂ ਨਾਲੋਂ ਵਖਰਾਉਂਦੀਆਂ ਹਨ। —ਲੈਨਿਨ

ਭਗਵਾਨ ਸਿੰਘ ਜੋਸ਼

## ਮਾਰਕਸਵਾਦ, ਗਾਂਧੀ ਤੇ ਕੌਮੀ ਆਜ਼ਾਦੀ ਦੀ ਲਹਿਰ—2

ਜਦੋਂ ਅਸੀਂ ਏਸ਼ੀਆ ਮਹਾਂਦੀਪ ਦੇ ਉਨ੍ਹਾਂ ਦੇਸ਼ਾਂ ਉਪਰ ਨਜ਼ਰ ਮਾਰਦੇ ਹਾਂ ਜੋ ਕਿਸੇ ਨਾ ਕਿਸੇ ਰੂਪ ਵਿਚ ਸਾਮਰਾਜ ਦੀ ਮਾਰ ਹੇਠ ਆਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕੇਵਲ ਭਾਰਤ ਵਿਚ ਹੀ ਇਕ ਵਖਰੀ ਕਿਸਮ ਦੀ ਸਿਆਸਤ ਨੇ ਸਾਮਰਾਜ ਦਾ ਵਿਰੋਧ ਕਰ ਕੇ ਇਕ ਨਵੇਂ ਰਾਜ-ਪ੍ਰਬੰਧ ਦੀ ਨੀਂਹ ਰੱਖੀ, ਤੇ ਕੇਵਲ ਇਥੋਂ ਦੇ ਕਮਿਊਨਿਸਟ ਹੀ ਚੀਨ, ਵੀਤਨਾਮ ਆਦਿ ਦੇ ਕਮਿਊਨਿਸਟਾਂ ਵਾਂਗ ਉਭਰ ਰਹੀ ਕੌਮੀ ਆਜ਼ਾਦੀ ਦੀ ਲਹਿਰ ਦੇ ਮੋਹਰੀ ਬਣਨ ਦੀ ਬਜਾਏ ਥੋੜ੍ਹਾ ਪ੍ਰਭਾਵ ਰੱਖਣ ਵਾਲੀ ਛੋਟੀ ਜਿਹੀ ਪਾਰਟੀ ਖੜ੍ਹੀ ਕਰ ਸਕੇ। ਚੀਨ ਦੇ ਕਮਿਊਨਿਸਟਾਂ ਦੀ ਕਾਮਯਾਬੀ ਦਾ ਇਕ ਰਾਜ਼ ਇਹ ਵੀ ਸੀ ਕਿ ਮਾਓ ਨੇ ਆਪਣੀਆਂ ਲਿਖਤਾਂ ਵਿਚ ਬਾਰ ਬਾਰ ਚੀਨ ਦੀ ਰੂਸ ਨਾਲੋਂ ਭਿੰਨਤਾ ਉਪਰ ਜ਼ੋਰ ਦਿੱਤਾ ਤੇ ਰੂਸੀ ਇਨਕਲਾਬ ਦੇ ਤਜਰਬੇ ਨੂੰ ਚੀਨੀ ਹਾਲਤਾਂ ਉਪਰ ਅੰਨ੍ਹੇਵਾਹ ਠੋਸੇ ਜਾਣ ਦਾ ਤਿੱਖਾ ਵਿਰੋਧ ਕੀਤਾ। ਉਸ ਨੇ ਤੀਜੀ ਕੌਮਾਂਤਰੀ ਤੋਂ ਭਰਾਤਰੀ ਪਦਾਰਥਕ ਮਦਦ ਤਾਂ ਲਈ ਪਰ ਉਨ੍ਹਾਂ ਦੀਆ ਇਸ ਗੱਲ ਬਾਰੇ—ਕਿ ਚੀਨ ਵਿਚ ਇਨਕਲਾਬ ਕਿਵੇਂ ਕਰਨਾ ਹੈ ?— ਦਿੱਤੀਆਂ ਹਿਦਾਇਤਾਂ ਨੂੰ ਮੰਨਣ ਤੇ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਦੇ ਉਲਟ ਭਾਰਤੀ ਕਮਿਊਨਿਸਟਾਂ ਨੇ ਤੀਜੀ ਕੌਮਾਂਤਰੀ ਦੀਆਂ ਹਿਦਾਇਤਾਂ ਨੂੰ ਅਨ੍ਹੇਵਾਹ ਸਿਰ ਮੱਥੇ ਮੰਨਿਆ ਤੇ ਭਾਰਤ ਦੀਆਂ ਵਿਸ਼ੇਸ਼ ਹਾਲਤਾਂ ਨੂੰ ਸਮਝਣ ਵਲ ਉੱਕਾ ਹੀ ਕੋਈ ਧਿਆਨ ਨਹੀਂ ਦਿੱਤਾ। ਉਹ ਭਾਰਤ ਦੀ ਜਾਂ ਤਾਂ ਇੰਨ ਬਿੰਨ ਰੂਸ ਨਾਲ ਤੇ ਜਾਂ ਫਿਰ ਚੀਨ ਨਾਲ ਤੁਲਨਾ ਕਰਦੇ ਰਹੇ; ਇਥੋਂ ਦੀਆਂ ਘਟਨਾਵਾਂ ਤੇ ਉਨ੍ਹਾਂ ਦੇ ਵਿਕਾਸ ਨੂੰ ਰੂਸ ਦੇ ਇਨਕਲਾਬ ਦੇ ਤਜਰਬੇ ਦੀ ਐਨਕ ਰਾਹੀਂ ਵਾਚਦੇ, ਪਰਖਦੇ ਤੇ ਆਪਣਾ ਪੈਂਤੜਾ ਤਿਆਰ ਕਰਦੇ ਰਹੇ। ਗਾਂਧੀਵਾਦ ਦੇ ਰੋਲ ਨੂੰ ਵਧੇਰੇ ਠੋਸ ਢੰਗ ਨਾਲ ਸਮਝਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਇਸ ਗੱਲ ਨੂੰ ਸਪੱਸ਼ਟ ਕਰੀਏ ਕਿ 'ਨਿਰਧਾਰਿਤ ਇਤਿਹਾਸਕ ਹੱਦਾਂ' ਭਾਵ ਸਾਮਰਾਜ ਦੀ ਮਾਰ ਹੇਠ ਹੁੰਦਿਆਂ ਹੋਇਆਂ ਵੀ ਭਾਰਤ ਕਿਵੇਂ ਚੀਨ, ਵੀਤਨਾਮ ਅਤੇ ਬਾਕੀ ਬਸਤੀਵਾਦੀ ਦੇਸ਼ਾਂ ਨਾਲੋਂ ਭਿੰਨ ਸੀ ਤੇ ਇਸ ਇਤਿਹਾਸ ਦੀ ਭਿੰਨਤਾ ਕਾਰਨ ਅੱਜ ਇਸ ਦਾ ਵਰਤਮਾਨ ਵੀ ਭਿੰਨ ਹੈ। ਤਾਂ ਫਿਰ ਉਹ ਕਿਹੜੀਆਂ ਵਿਸ਼ੇਸ਼ਤਾਵਾਂ ਸਨ ਜੋ ਭਾਰਤ ਨੂੰ ਨਾ ਕੇਵਲ ਗੈਰ-ਬਸਤੀਵਾਦੀ ਦੇਸ਼ਾਂ ਤੋਂ ਹੀ ਵਖਰਾਉਂਦੀਆਂ ਸਨ ਸਗੋਂ ਉਸ ਨੂੰ ਆਪਣੇ ਪਰਵਾਰ ਦੇ ਬਾਕੀ ਦੇ ਬਸਤੀਵਾਦੀ ਦੇਸ਼ਾਂ ਤੋਂ ਵੀ ਅੱਡਰਾ ਕਰਦੀਆਂ ਸਨ ?

ਰੂਸੀ ਮਾਰਕਸਵਾਦੀਆਂ, ਖ਼ਾਸ ਕਰ ਲੈਨਿਨ ਤੇ ਟਰਾਟਸਕੀ, ਨੇ ਆਪਣੇ ਦੇਸ਼ ਦੀਆਂ ਖਾਸ ਵਿਸ਼ੇਸ਼ਤਾਵਾਂ ਨੂੰ ਸਮਝਣ ਉਪਰ ਬਹੁਤ ਜ਼ੋਰ ਦਿੱਤਾ ਸੀ ਤੇ ਬਾਰ ਬਾਰ ਲਿਖਿਆ ਕਿ ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਸਮਝਿਆਂ ਬਗ਼ੈਰ ਇਤਿਹਾਸ ਸਿਰਜਣ ਦੀ ਗੱਲ ਤਾਂ ਕਿਧਰੇ ਰਹੀ, ਇਤਿਹਾਸ ਲਿਖਣਾ ਵੀ ਮੁਸ਼ਕਲ ਹੈ। ਇਹ ਇਸੇ ਕਾਰਨ ਕਰਕੇ ਹੀ ਹੈ ਕਿ ਟਰਾਟਸਕੀ ਦੇ ਰੂਸ ਇਨਕਲਾਬ ਬਾਰੇ ਤਿੰਨ ਜਿਲਦਾਂ ਵਿਚ ਲਿਖੇ ਇਤਿਹਾਸ ਦਾ ਪਹਿਲਾ ਚੈਪਟਰ ਹੀ ਇਨ੍ਹਾਂ ਵਿਸ਼ੇਸ਼ਤਾਵਾਂ ਬਾਰੇ ਹੈ—Peculiarities of Russia's Development.

ਇਨਕਲਾਬੀ ਘਟਨਾਵਾਂ ਦਾ ਇਤਿਹਾਸ ਲਿਖਣਾ ਅਸਲ ਵਿਚ ਜਦੋ-ਜਹਿਦ ਕਰ ਰਹੇ ਮਨੁੱਖਾਂ ਦੀ ਚੇਤਨਤਾ ਵਿਚ ਹੋ ਰਹੇ ਸਰਬ-ਪੱਖੀ ਵਿਕਾਸ ਨੂੰ ਹੀ ਕਲਮਬੰਦ ਕਰਨਾ ਹੁੰਦਾ ਹੈ। ਪਰ ਇਸ ਚੇਤਨਤਾ ਦੇ ਵਿਕਾਸ ਦੀ ਟੇਡੀ-ਮੇਡੀ, ਗੁੰਝਲਦਾਰ ਤੇ ਔਕੜਾਂ-ਭਰਪੂਰ ਪ੍ਰਕ੍ਰਿਆ ਨੂੰ ਅੱਗੇ ਹੋਰ ਸਮਾਜਕ ਪੱਖਾਂ ਦੇ ਪ੍ਰਸੰਗ ਵਿਚ ਵਾਚਣਾ ਹੁੰਦਾ ਹੈ ਜੋ ਇਸ ਪ੍ਰਕ੍ਰਿਆ ਦੇ ਵਿਕਾਸ ਦੀ ਤੋਰ, ਰੂਪ ਤੇ ਡੂੰਘਾਈ ਨੂੰ ਸਪੱਸ਼ਟ ਕਰਨ ਵਿਚ ਸਾਡੀ ਮਦਦ ਕਰਦੇ ਹਨ। ਖਾਸ ਸਮਾਜਕ ਵਿਰੋਧਤਾਵਾਂ ਦੇ ਨਤੀਜੇ ਵਜੋਂ ਉਪਜ ਰਹੀ ਤੇ ਵਿਕਾਸ ਕਰ ਰਹੀ ਇਸ ਚੇਤਨਤਾ ਦਾ ਰੂਪ ਤੇ ਰੰਗ-ਢੰਗ ਕਿਹੋ ਜਿਹਾ ਹੈ ? ਇਸ ਦੇ ਵੱਖ ਵੱਖ ਪੱਖ ਅੰਦਰੋਂ ਕਿਵੇਂ ਇਕ ਦੂਸਰੇ ਨਾਲ ਸੰਬੰਧਤ ਹਨ ? ਇਹ ਗੱਲਾਂ ਹੀ ਕਿਸੇ ਵਿਅਕਤੀ ਜਾਂ ਵਿਚਾਰਧਾਰਾ ਨੂੰ (ਤੇ ਇਥੋਂ ਤੱਕ ਕਿ ਕਿਸੇ 'ਚਲਾਕੀ ਜਾਂ ਸਾਜਿਸ਼' ਨੂੰ ਵੀ) ਉਸ ਪ੍ਰਸੰਗ ਵਿਚ ਬਲਵਾਨ ਰੋਲ ਅਦਾ ਕਰ ਸੱਕਣ ਦੀ ਆਗਿਆ ਦਿੰਦੇ ਹਨ। ਟਰਾਟਸਕੀ ਦੇ ਸ਼ਬਦਾਂ ਵਿਚ :

"However, the processes taking place in the consciousness of the masses are not unrelated and independent. No matter how the idealists and eclectics rage, consciousness is nevertheless determined by conditions. In the historic conditions which formed Russia, her economy, her classes, her state, in the action upon her of other states, we ought to be able to find the premises both of the February revolution and of the October revolution which replaced it. Since the enigma is the fact that a backward country was the first to place the proletariat in power, it behoves us to seek the solution of that enigma in the peculiarities of that backward country—that is, in its differences from other countries." The History of the Russian Revolution by Leon Trotsky, Vol.I, Sphere Books, p. 17

ਉਹ ਦੋ ਮੁੱਖ ਗੱਲਾਂ ਜਿੰਨ੍ਹਾਂ ਕਰਕੇ ਭਾਰਤ ਬਸਤੀਵਾਦੀ ਪਰਵਾਰ ਵਿਚ ਹੁੰਦਾ ਹੋਇਆ ਵੀ ਉਨ੍ਹਾਂ ਨਾਲੋਂ ਅਨੋਖਾ ਤੇ ਵਖਰਾ ਸੀ, ਹੇਠ ਲਿਖੀਆਂ ਹਨ : ਉਭਰ-ਰਹੀ-ਨਵੀਂ-ਕੌਮੀ-ਬਣਤਰ (Nation-in-the-making)। ਬਹੁਤ ਵੇਰ ਕੌਮ ਅਤੇ ਕੌਮੀਅਤਾਂ ਦੇ ਸੰਕਲਪਾਂ ਨੂੰ ਆਪਸ ਵਿਚ ਗੱਡਮੱਡ ਕਰ ਦਿਤਾ ਜਾਂਦਾ ਹੈ ਪਰ ਇਹ ਆਪਣੇ ਆਪ ਵਿਚ ਦੋ ਵਖਰੀਆਂ ਇਤਿਹਾਸਕ ਪ੍ਰਕ੍ਰਿਆਵਾਂ ਹਨ ਜੋ ਸਮੇਂ ਤੇ ਸਥਾਨ ਵਿਚ ਅਲੱਗ ਅਲੱਗ ਵੀ ਵਾਪਰ ਸਕਦੀਆਂ ਹਨ ਜਾਂ ਇਕੋ ਵੇਲੇ ਇਕ ਦੂਸਰੀ 'ਤੇ ਸਵਾਰ (overlap) ਹੋ ਤੁਰਦੀਆਂ ਹਨ। ਕੌਮ ਬਣਨ ਲਈ ਜ਼ਰੂਰੀ ਹੈ ਕਿ ਕਿਸੇ ਖਿਤੇ ਦੇ ਲੋਕਾਂ ਦਾ ਸਮੂਹ ਪਹਿਲਾਂ ਜਾਤਪਾਤ, ਕਬੀਲਾਪੁਣਾ ਤੇ ਧਾਰਮਿਕ



ਕੱਟੜਤਾ ਦੇ ਤੰਗ ਨਜ਼ਰੀਆਂ ਤੋਂ ਉਪਰ ਉਠ ਕੇ, ਨਵੀਂ ਚੇਤਨਤਾ ਵਿਕਸਤ ਕਰ ਕੇ ਆਪਣੀਆਂ ਵਫ਼ਾਦਾਰੀਆਂ ਭਾਸ਼ਾ ਅਤੇ ਸਭਿਆਚਾਰ ਦੇ ਸੈਕੂਲਰ ਸੰਕਲਪਾਂ ਨੂੰ ਅਰਪਨ ਕਰਨ। ਇਹ ਪੁਰਾਣੀਆਂ ਪਛਾਣਾਂ ਛੱਡਣ ਤੇ ਨਵੀਆਂ ਗ੍ਰਹਿਣ ਕਰਨ ਦੀ ਵਿਧੀ, ਇਤਿਹਾਸਕ ਵਿਧੀ ਹੁੰਦੀ ਹੈ, ਜਿਸ ਵਿਚ ਚੇਤੰਨ ਬੁੱਧੀਜੀਵੀ ਅਤੇ ਸਿਆਸੀ ਪਾਰਟੀਆਂ ਮੁਖ ਰੋਲ ਅਦਾ ਕਰ ਸਕਦੀਆਂ ਹਨ। ਪੰਜਾਬੀਅਤ ਦੇ ਸੰਕਲਪ ਨੂੰ ਵੀ ਇਸੇ ਪ੍ਰਸੰਗ ਵਿਚ ਸਮਝਿਆ ਜਾਣਾ ਚਾਹੀਦਾ ਹੈ। ਹੋ ਸਕਦਾ ਹੈ ਕਿਸੇ ਖਿੱਤੇ ਵਿਚ ਰਹਿ ਰਹੀ ਕੌਮੀਅਤ ਅਗੇ ਵਿਕਾਸ ਕਰ ਕੇ ਕੌਮ ਦਾ ਰੂਪ ਧਾਰ ਕੇ ਆਪਣੀ ਹੋਂਦ ਨੂੰ ਕੌਮੀ ਰਿਆਸਤ ਰਾਹੀਂ ਪ੍ਰਗਟਾਏ ਜਾਂ ਕਈ ਕੌਮੀਅਤਾਂ ਇਕੋ ਵੇਲੇ ਖਾਸ ਹਾਲਾਤਾਂ ਹੇਠਾਂ ਵਿਕਾਸ ਕਰਦੀਆਂ ਕਰਦੀਆਂ ਆਪਣੇ ਆਪ ਨੂੰ ਅੱਡਰੀਆਂ ਅੱਡਰੀਆਂ ਕੌਮਾਂ ਦੀਆਂ ਰਿਆਸਤਾਂ ਵਿਚ ਪ੍ਰਗਟਾਉਣ ਦੀ ਬਜਾਏ, ਇਕ ਕੌਮ ਦੀ ਰਿਆਸਤ ਦੇ ਰੂਪ ਵਿਚ ਪ੍ਰਗਟਾਉਣ। ਮਨੁੱਖੀ ਇਤਿਹਾਸ ਵਿਚ ਇਹ ਦੋਵੇਂ ਤਰ੍ਹਾਂ ਦਾ ਤਜਰਬਾ ਵੇਖਣ ਵਿਚ ਆਇਆ ਹੈ। ਕੌਮ ਅਤੇ ਕੌਮੀਅਤ ਦੇ ਸੰਕਲਪਾਂ ਵਿਚ ਅੰਤਰ ਇਹ ਹੈ ਕਿ ਦੂਜੇ ਸੰਕਲਪ ਦਾ ਇਤਿਹਾਸਕ ਪੱਖ ਤੋਂ ਇਸਤੇਮਾਲ ਸਰਮਾਏਦਾਰੀ-ਪੂਰਵ ਯੁਗ ਵਿਚ ਲੋਕਾਂ ਦੇ ਉਸ ਸਮੂਹ ਨੂੰ ਨਿਰਧਾਰਿਤ ਕਰਨ ਵਾਲੀ ਪ੍ਰਕ੍ਰਿਆ ਲਈ ਵਰਤਿਆ ਜਾਂਦਾ ਹੈ ਜਿਸ ਰਾਹੀਂ ਇਹ ਸਮੂਹ ਇਤਿਹਾਸਕ ਵਿਕਾਸ ਰਾਹੀਂ ਆਪਣੀ ਭਾਸ਼ਾਈ, ਇਲਾਕਾਈ, ਆਰਥਕ ਤੇ ਮਾਨਸਕ ਬਣਤਰ ਜਾਂ Interiority ਨੂੰ ਸਥਾਪਤ ਕਰਦਾ ਹੈ। ਕੌਮ ਦੇ ਸੰਕਲਪ ਦਾ ਇਸਤੇਮਾਲ ਕੇਵਲ ਸਰਮਾਏਦਾਰੀ ਯੁੱਗ ਦੀਆਂ ਹੱਦਾਂ ਦੇ ਅੰਦਰ ਹੀ ਹੁੰਦਾ ਹੈ। ਭਾਵ ਸਰਮਾਏਦਾਰੀ ਯੁੱਗ ਵਿਚ ਵੀ ਕੌਮ ਸਥਾਪਤ ਕਰਨ ਵਾਲੀ ਨਵ-ਜਨਮੀ ਇਤਿਹਾਸਕ ਵਿਧੀ ਦੇ ਨਾਲ ਨਾਲ ਪਹਿਲਾਂ ਤੋਂ ਚਲੀ ਆ ਰਹੀ ਕੌਮੀਅਤ ਸਥਾਪਤ ਕਰਨ ਦੀ ਇਤਿਹਾਸਕ ਪ੍ਰਕ੍ਰਿਆ ਵੀ ਜਲਦੀ ਰਹਿ ਸਕਦੀ ਹੈ ਤੇ ਭਾਰਤ ਵਿਚ ਇੰਜ ਹੀ ਹੋਇਆ।

ਵੀਹਵਿਆਂ ਵਿਚ ਵੀ (ਤੇ ਅੱਜ ਕਲ੍ਹ ਵੀ) ਕਾਫੀ ਕੌਮਵਾਦੀ ਇਹ ਸਮਝਦੇ ਸਨ ਕਿ ਭਾਰਤ ਵਿਚ ਕੌਮ ਬਣਨ ਦੀ ਪ੍ਰਕ੍ਰਿਆ ਦਾ ਜਨਮ ਸਾਮਰਾਜ ਵਲੋਂ ਭਾਰਤ ਨੂੰ ਇਕ ਆਰਥਕ ਤੇ ਸਿਆਸੀ ਇਕਾਈ ਵਿਚ ਇਕੱਠਾ ਕਰ ਕੇ ਰਾਜ ਕਰਨ ਤੇ ਆਰਥਕ ਲੁਟ ਕਰਨ ਦੀ ਲਾਲਸਾ ਵਿਚੋਂ ਨਹੀਂ ਹੋਇਆ ਸਗੋਂ ਭਾਰਤ ਤਾਂ ਪੁਰਾਤਨ ਸਮਿਆਂ ਤੋਂ ਹੀ, ਯੁੱਗਾਂ ਯੁੱਗਾਂ ਤੋਂ ਹੀ ਇਕ ਕੌਮ ਹੈ ਜੋ ਪਹਿਲਾਂ ਮੁਸਲਮਾਨਾਂ ਦੀ ਗੁਲਾਮ ਸੀ ਤੇ ਹੁਣ ਅੰਗਰੇਜ਼ਾਂ ਦੀ ਗੁਲਾਮ ਹੈ। ਇਹ 'ਹਿੰਦੂ ਕੌਮ' ਦਾ ਅ-ਇਤਿਹਾਸਕ ਸੰਕਲਪ ਹੈ ਜੋ ਹੁਣ ਵੀ ਆਰ. ਐਸ. ਐਸ. ਅਤੇ ਜਨ-ਸੰਘ ਦੀ ਵਿਚਾਰਧਾਰਾ ਦਾ ਆਧਾਰ ਹੈ। ਇਸ ਗਲਤ ਸਮਝ ਉਪਰ ਹੀ ਇਤਿਹਾਸ ਨੂੰ ਹਿੰਦੂ-ਯੁੱਗ, ਮੁਸਲਮ-ਯੁੱਗ ਅਤੇ ਬਰਤਾਨਵੀ-ਯੁਗ ਵਿਚ ਵੰਡਣ ਦੀ ਗਲਤ ਹਿਸਟੋਰੀਓਗ੍ਰਾਫੀ ਨਿਰਭਰ ਹੈ। ਇਸ ਤੇ ਉਲਟ ਬਹੁਤੇ ਕੌਮਵਾਦੀਆਂ ਨੇ ਇਸ ਗੱਲ ਉਪਰ ਜ਼ੋਰ ਦਿਤਾ ਕਿ ਭਾਰਤ ਮੁੱਢ ਤੋਂ ਹੀ ਕੌਮ ਨਹੀਂ ਹੈ ਭਾਵ ਕੌਮ ਦਾ ਸੰਕਲਪ ਅ-ਇਤਿਹਾਸਕ ਤੇ ਸਦੀਆਂ ਪੁਰਾਣਾ ਨਹੀਂ ਹੈ, ਸਗੋਂ ਭਾਰਤ ਉਪਰ ਇਹ ਸੰਕਲਪ ਸਰਦਾਏਦਾਰੀ ਮੰਡੀ ਵਿਚ ਜੁੜਨ ਉਪਰੰਤ ਹੀ ਲਾਗੂ ਹੁੰਦਾ ਹੈ। ਇੰਜ ਇਹ ਮਾਡਰਨ ਤੇ ਸੈਕੂਲਰ ਹੈ। ਬਰਤਾਨਵੀ ਸਾਮਰਾਜ ਨੇ ਭਾਰਤ ਉਪ-ਮਹਾਂਦੀਪ ਨੂੰ ਇਕ ਆਰਥਕ ਇਕਾਈ ਤੇ ਸਿਆਸੀ ਤੌਰ 'ਤੇ ਬਸਤੀਵਾਦੀ ਰਿਆਸਤ ਵਿਚ ਬੰਨ੍ਹ ਦਿਤਾ। ਇੰਜ ਸੰਸਾਰ ਮੰਡੀ ਵਿਚ ਇਕ ਬਸਤੀ ਦੇ ਤੌਰ 'ਤੇ ਜੁੜਨ ਕਾਰਨ ਭਾਰਤ ਦੀ ਹੋਣੀ ਬਾਕੀ ਸੰਸਾਰ ਨਾਲ ਬੱਝ ਗਈ। ਇਸ ਕਾਰਨ ਇਸ ਭੂਗੋਲਿਕ ਖਿੱਤੇ ਵਿਚ ਕੌਮੀਅਤਾਂ ਸਥਾਪਤ ਕਰਨ ਦੀ ਚਲੀ ਆਉਂਦੀ ਆਜ਼ਾਦ ਇਤਿਹਾਸਕ ਵਿਧੀ ਵਿਚ ਅਚਾਨਕ ਸਾਮਰਾਜੀ ਦਖਲ ਨੇ ਇਹਨਾਂ ਸਾਰੀਆਂ ਕੌਮੀਅਤਾਂ ਨੂੰ ਇਕ ਆਰਥਕ ਤੇ ਸਿਆਸੀ ਪ੍ਰਬੰਧ ਹੇਠ ਲੈ ਆਂਦਾ ਤੇ ਇੰਜ ਹੁਣ ਉਹਨਾਂ ਦੀ ਹੋਣੀ

ਇਕ ਦੂਸਰੀ ਨਾਲ ਅਟੁੱਟ ਤੌਰ 'ਤੇ ਬੰਨ੍ਹ ਦਿਤੀ । ਉਹਨਾਂ ਦੀ ਇਕੱਲੀ ਇਕੱਲੀ ਦੀ ਮੁਕਤੀ ਹੁਣ ਇਸ ਸਮੁੱਚੇ ਆਰਥਕ ਅਤੇ ਸਿਆਸੀ ਪ੍ਰਬੰਧ ਦੀ ਇਕਾਈ ਦੀ ਮੁਕਤੀ ਤੋਂ ਬਿਨਾਂ ਅਸੰਭਵ ਸੀ ਤੇ ਇਸ ਇਤਿਹਾਸਕ ਲੋੜ ਵਿਚੋਂ ਹੀ ਕੌਮ ਬਣਨ ਦੀ ਪ੍ਰਕ੍ਰਿਆ ਦਾ ਉਦੈ ਹੋਇਆ । ਹੁਣ ਸੱਚੇ ਅਰਥਾਂ ਵਿਚ ਪੰਜਾਬੀ, ਬੰਗਾਲੀ ਜਾਂ ਮਦਰਾਸੀ ਤਦ ਹੀ ਬਣਿਆ ਜਾ ਸਕਦਾ ਸੀ ਜੇਕਰ ਪਹਿਲਾਂ ਇਹਨਾਂ ਅਰਥਾਂ ਵਿਚ ਹੀ ਭਾਰਤੀ ਬਣਿਆ ਜਾ ਸਕਦਾ । ਇਸ ਦਾ ਅਰਥ ਨਵੀਂ ਚੇਤਨਤਾ ਦਾ ਜਨਮ ਸੀ ਜਿਸ ਨੇ ਉਪਰ ਜ਼ਿਕਰ ਕੀਤੀ ਇਤਿਹਾਸਕ ਲੋੜ ਦੀ ਪਛਾਣ ਨੂੰ ਮਾਨਸਕ ਤੌਰ 'ਤੇ ਮਹਿਸੂਸ ਕਰਨ ਤੇ ਬੌਧਿਕ ਤੌਰ 'ਤੇ ਬਸਤੀਵਾਦ ਦਾ ਕਰੀਟੀਕ ਵਿਕਸਤ ਕਰਨ ਵਜੋਂ ਪੈਦਾ ਹੋਣਾ ਸੀ । ਦੂਸਰੇ ਸ਼ਬਦਾਂ ਵਿਚ, ਅਜਿਹੀ ਕੌਮੀ ਚੇਤਨਤਾ ਦਾ ਉਭਾਰ ਜਿਸ ਵਿਚ ਮਨੁੱਖਾਂ ਨੇ ਇਸ ਆਪਣੀਆਂ ਤੰਗ ਪਛਾਣਾਂ (identities) ਤੇ ਵਫ਼ਾਦਾਰੀਆਂ (loyalties) ਜਿਵੇਂ ਧਾਰਮਿਕ ਕੱਟੜਤਾ, ਜਾਤਪਾਤ, ਫ਼ਿਰਕਾ-ਪ੍ਰਸਤੀ, ਕਬੀਲਾ-ਪ੍ਰਸਤੀ, ਇਲਾਕਾ-ਪ੍ਰਸਤੀ ਆਦਿ ਤੋਂ ਉਪਰ ਉਠ ਕੇ ਇਕ ਨਵੀਂ ਪਛਾਣ ਤੇ ਵਫ਼ਾਦਾਰੀ ਨੂੰ ਗ੍ਰਹਿਣ ਕਰਨਾ ਸੀ । ਜਿਵੇਂ ਜਿਵੇਂ ਇਸ ਪ੍ਰਕ੍ਰਿਆ ਨੇ ਸ਼ਕਤੀਸ਼ਾਲੀ ਬਣਨਾ ਸੀ ਭਾਵ ਕੌਮੀ-ਚੇਤਨਤਾ ਦਾ ਫੈਲਾਅ ਹੋਣਾ ਸੀ ਤਿਵੇਂ ਤਿਵੇਂ ਸਾਮਰਾਜ-ਵਿਰੋਧੀ ਲਹਿਰ ਨੇ ਸ਼ਕਤੀਸ਼ਾਲੀ ਬਣਨਾ ਸੀ । ਜਿਨਾਂ ਹੀ ਕੌਮੀ ਚੇਤਨਤਾ ਦਾ ਫੈਲਾਅ ਵਿਸ਼ਾਲ ਤੇ ਡੂੰਘਾ ਹੋਣਾ ਸੀ ਉਨਾਂ ਹੀ ਅੱਗੇ ਸਮਾਜ-ਵਾਦੀ ਵਿਚਾਰਧਾਰਾ ਦੇ ਪ੍ਰਭਾਵ ਤੇ ਇੰਜ ਕਮਿਊਨਿਸਟਾਂ ਤੇ ਸਮਾਜਵਾਦੀਆਂ ਦੇ ਪ੍ਰਭਾਵ ਦੀਆਂ ਸੰਭਾਵ-ਨਾਵਾਂ ਉਜਾਗਰ ਹੋਣੀਆਂ ਸਨ । ਇੰਜ ਉਹ ਲੋਕ ਜਾਂ ਨੇਤਾ ਜੋ ਕੌਮ ਬਣਨ ਦੀ ਇਤਿਹਾਸਕ ਪ੍ਰਕ੍ਰਿਆ ਦੀ ਵਿਚਾਰਧਾਰਕ ਅਗਵਾਈ ਕਰ ਰਹੇ ਸਨ ਬਹੁਤ ਹੀ ਮੁਖ ਤੇ ਅਤਿ ਲੋੜੀਂਦੀ ਭੂਮਿਕਾ ਨਿਭਾ ਰਹੇ ਸਨ । ਧਾਰਮਿਕ ਕਟੜਤਾ, ਜਾਤ-ਪਾਤ, ਫਿਰਕਾ-ਪ੍ਰਸਤੀ, ਕਬੀਲਾ-ਪ੍ਰਸਤੀ ਤੇ ਇਲਾਕਾ-ਪ੍ਰਸਤੀ ਤੋਂ ਉਪਰ ਉਠ ਕੇ ਕੌਮ ਦੇ ਸੈਕੂਲਰ ਸੰਕਲਪ ਦੇ ਰਾਹ ਦਾ ਪੱਲਾ ਫੜਨ ਦੀ ਇਤਿਹਾਸਕ ਪ੍ਰਕ੍ਰਿਆ ਅਮਲ ਵਿਚ ਜਮਾਤਾਂ ਬਣਨ ਦੀ ਪ੍ਰਕ੍ਰਿਆ ਵੀ ਹੋਣੀ ਸੀ । ਜਿਥੇ ਮਜ਼ਦੂਰ ਜਮਾਤ ਨੂੰ ਇਹ ਤੰਗ ਪਛਾਣਾਂ ਆਪਸ ਵਿਚ ਵੰਡਦੀਆਂ ਹੋਣ ਉਥੇ ਕਾਮੇ ਲੋਕ ਆਪਣੀ ਏਕਤਾ ਕਾਇਮ ਨਹੀਂ ਰੱਖ ਸਕਦੇ । ਸੋ ਭਾਰਤੀ ਕੌਮਵਾਦ ਨੇ ਜਮਾਤਾਂ ਦੀ ਰੂਪ-ਰੇਖਾ ਘੜਨ ਵਿਚ ਵੀ ਮਦਦ ਕਰਨੀ ਸੀ । ਸਗੋਂ ਇਸ ਕੌਮਵਾਦੀ ਚੇਤਨਤਾ ਜਿਸ ਨੇ ਲੋਕਾਂ ਨੂੰ ਸੈਕੂਲਰਿਜ਼ਮ ਅਤੇ ਸਾਮਰਾਜ-ਵਿਰੋਧੀ ਭਾਵਨਾਵਾਂ ਨਾਲ ਓਤ-ਪੋਤ ਕਰਨਾ ਸੀ, ਦੇ ਫੈਲਣ ਪਿਛੋਂ ਹੀ, ਸਮਾਜਵਾਦ ਦੇ ਵਿਚਾਰਾਂ ਦੇ ਫੈਲਣ ਦਾ ਰਾਹ ਪੱਧਰਾ ਹੋਣਾ ਸੀ । ਉਪਰ ਜ਼ਿਕਰ ਕੀਤੀਆਂ ਤੰਗ ਪਛਾਣਾਂ ਦੀ ਚੇਤਨਤਾ ਵਿਚ ਗ੍ਰਸੇ ਲੋਕ ਭਲਾ ਸਮਾਜਵਾਦੀ ਵਿਚਾਰਾਂ ਨੂੰ ਕਿਵੇਂ ਗ੍ਰਹਿਣ ਕਰ ਸਕਦੇ ਹਨ ?

ਸੋ ਭਾਰਤ ਦੇ ਹਾਲਾਤ ਰੂਸ ਵਰਗੇ ਨਹੀਂ ਸਨ ਜਿਥੇ ਦੇਸ਼ ਦੇ ਅੰਦਰ ਹੀ ਰੂਸੀ ਕੌਮ ਖਿੱਤੇ ਦੀਆ ਬਾਕੀ ਕੌਮੀਅਤਾ ਜਿਵੇਂ ਯੂਕਰੇਨੀਅਨ, ਜਾਰਜੀਅਨ, ਪੋਲ, ਫਿਨਜ਼ ਆਦਿ ਉਪਰ ਧੌਂਸ ਜਮਾ ਰਹੀ ਸੀ ਤੇ ਇੰਜ ਉਨ੍ਹਾਂ ਦੇ ਆਜ਼ਾਦ ਆਰਥਕ ਤੇ ਸਭਿਆਚਾਰਕ ਵਿਕਾਸ ਨੂੰ ਦਬਾ ਰਹੀ ਸੀ । ਇਥੇ ਤਾਂ ਗੱਲ ਹੋਰ ਹੀ ਸੀ। ਇਥੇ ਇਸ ਖਿੱਤੇ ਦੀਆਂ ਸਾਰੀਆਂ ਕੌਮੀਅਤਾਂ ਨੂੰ ਇਕ ਬਾਹਰਲੀ ਕੌਮ ਦਬਾ ਰਹੀ ਸੀ ਜਿਸ ਤੋਂ ਮੁਕਤੀ ਪ੍ਰਾਪਤ ਕਰਨ ਲਈ ਹੁਣ ਇਹ ਇਤਿਹਾਸਕ ਲੋੜ ਬਣ ਗਈ ਕਿ ਇਸ ਖਿੱਤੇ ਦੀਆਂ ਵੱਖ ਵੱਖ ਕੌਮੀਅਤਾਂ ਆਪਣੀਆਂ ਤੰਗ ਪਛਾਣਾਂ ਤਿਆਗ ਕੇ ਇਕ ਕੌਮ ਭਾਰਤੀ ਕੌਮ ਵਜੋਂ ਬੱਝ ਜਾਣ । ਕੌਮੀਅਤਾਂ ਦੇ ਮੁਕਤ ਵਿਕਾਸ ਲਈ ਹੁਣ ਕੌਮ ਦਾ ਮੁਕਤ ਵਿਕਾਸ ਪਹਿਲੀ ਸ਼ਰਤ ਸੀ ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਭਾਰਤੀ ਕਮਿਊਨਿਸਟਾਂ ਨੂੰ ਇਸ ਵਿਸ਼ੇਸ਼ਤਾ ਦੀ ਕੋਈ ਸੋਝੀ



ਸੀ ? ਇਸ ਦਾ ਜਵਾਬ ਨਾਂਹ ਵਿਚ ਦੇਣਾ ਪੈਂਦਾ ਹੈ । ਇਸ ਸੋਝੀ ਦੀ ਅਣਹੋਂਦ ਦੇ ਭਿਆਨਕ ਸਿੱਟੇ ਨਿਕਲੇ । ਇਸ ਵਿਸ਼ੇਸ਼ਤਾ ਨੂੰ ਨਾ ਸਮਝਣ ਕਾਰਨ ਉਨ੍ਹਾਂ ਨੇ 1941 ਵਿਚ ਭਾਰਤੀ ਹਾਲਤਾਂ 'ਤੇ ਰੂਸੀ ਹਾਲਤਾਂ ਵਿਚ ਅੰਨ੍ਹੀ ਤੁਲਨਾ ਕਰ ਕੇ ਰੂਸੀ ਤਜਰਬਾ ਭਾਰਤੀ ਸਥਿਤੀ ਦੇ ਗਲ ਮੜ੍ਹ ਦਿੱਤਾ । ਇੰਜ ਉਨ੍ਹਾਂ ਨੇ ਮੁਸਲਮ ਲੀਗ ਦੀ ਅਗਵਾਈ ਹੇਠ ਮੁਸਲਮ ਫਿਰਕਾਪ੍ਰਸਤੀ ਦੀ ਵਖਰੇਵੇਂਵਾਦੀ ਲਹਿਰ (separatist movement) ਨੂੰ 'ਕੌਮੀਅਤਾਂ ਦੀ ਖੁਦਮੁਖਤਾਰੀ' ਦੇ ਸਿਧਾਂਤ ਦਾ ਰੰਗ ਚਾੜ੍ਹ ਦਿੱਤਾ ਤੇ ਇੰਜ ਮੁਸਲਮਾਨਾਂ ਤੇ ਸਿੱਖਾਂ ਨੂੰ ਵੱਖਰੀਆਂ ਵੱਖਰੀਆਂ ਕੌਮਾਂ ਕਰਾਰ ਦੇ ਕੇ, ਮੁਸਲਮ ਲੀਗ ਨਾਲ ਕੇਵਲ ਹੱਥ ਹੀ ਨਹੀਂ ਮਿਲਾਏ ਸਗੋਂ, ਪੀ. ਸੀ. ਜੋਸ਼ੀ ਅਨੁਸਾਰ, ਲੀਗ ਤੋਂ ਵੀ ਵਧੇਰੇ ਜੋਸ਼ ਤੇ ਉਤਸ਼ਾਹ ਨਾਲ 'ਪਾਕਿਸਤਾਨ ਦੇ ਵਿਚਾਰ' ਨੂੰ ਫ਼ੈਲਾਇਆ । ਆਪਣੇ ਕਾਡਰ ਨੂੰ ਮੁਸਲਮ-ਲੀਗ ਵਿਚ ਭੇਜਿਆ ਜਿਨ੍ਹਾਂ ਵਿਚੋਂ ਕਈ ਮੁੜ ਕੇ ਵਾਪਿਸ ਨਹੀਂ ਆਏ । ਉਨ੍ਹਾਂ ਨੇ ਇਸ ਵਿਸ਼ੇਸ਼ ਤੱਥ ਦੀ ਹੋਂਦ ਤੋਂ ਹੀ ਇਨਕਾਰ ਕਰ ਦਿੱਤਾ ਕਿ ਭਾਰਤ ਉਸ ਵੇਲੇ ਕੌਮ ਬਣਨ (nation-in-the-making) ਦੀਆਂ ਜੰਮਣ-ਪੀੜਾਂ ਵਿਚੋਂ ਦੀ ਗੁਜ਼ਰ ਰਿਹਾ ਸੀ ।* ਇਸ ਸਮੁਚੀ ਸਮਝ ਨੂੰ ਪ੍ਰੋ: ਬਿਪਨ ਚੰਦਰ ਨੇ ਹੇਠਲੀ ਫਾਰਮੂਲੇਸ਼ਨ ਵਿਚ ਕਲਮਬੰਦ ਕੀਤਾ ਹੈ :

"The colonialisation of the Indian economy, society and polity produced many-sided consequences. One was the initiation of the prolonged historical process of welding the Indian people into a nation. Another was the rise of a national, anti-imperialist movement as the central contradiction between imperialism and the interests of the Indian people. The national movement was based on the phenomenon of the nation-in-the-making while it was itself a powerful factor contributing to this phenomenon. Its growing strength depended in part on the extent to which the people became conscious of their being part of a nation whose essential interests required a struggle for the overthrow of imperialism. This consciousness of nationhood—of being a people—did not, however, flow automatically from the objective reality. It had to be a hard, painstaking process in self-discovery in which the anti-imperialist struggle itself would play a crucial role. But by its very nature, the process of the nation-in-the-making was, and is, a differential process. Moreover, the formation of new social classes and strata and the impact of imperialism on the people also occurred in a differential manner leading to the emergence of a varied relationship between imperialism and the different sections of the Indian society. This resulted in the extremely uneven development, both in time and space, of national and anti-imperialist consciousness among different social classes and strata as well as people belonging to different religions, castes, linguistic areas, etc.

* ਇਸ ਸੰਬੰਧ ਵਿਚ ਵਧੇਰੇ ਵਿਸਤਾਰ ਲਈ ਵੇਖੋ—ਮੇਰੀ ਪੁਸਤਕ Communist Movement in Punjab (1926-47) ਦਾ ਆਖਰੀ ਕਾਂਡ ।

One of the major tasks facing the leadership of the national movement was to impart a common national consciousness to the Indian people and to unite them in the common struggle against imperialism." (quoted in Communist Movement in Punjab by Bhagwan Josh, p. 170)

ਇਸ ਇਕ ਵਿਸ਼ੇਸ਼ਤਾ ਨੂੰ ਨਾ ਸਮਝਣ ਕਾਰਨ ਹੀ ਸੀ ਕਿ ਭਾਰਤੀ ਕਮਿਊਨਿਸਟ, ਲੀਗ ਨਾਲ ਮਿਲ ਕੇ ਤੇ ਉਸ ਦੀ ਮਦਦ ਕਰ ਕੇ ਆਪਣੇ ਵਲੋਂ ਸਾਮਰਾਜ-ਵਿਰੋਧੀ ਤਾਕਤਾਂ ਨੂੰ ਤਕੜਾ ਬਣਾਉਣਾ ਚਾਹੁੰਦੇ ਸਨ, ਪਰ ਅਜਿਹਾ ਕਰ ਕੇ ਉਨ੍ਹਾਂ ਨੇ ਉਲਟਾ ਇਸ ਏਕਤਾ ਨੂੰ ਕਮਜ਼ੋਰ ਕੀਤਾ ਤੇ ਕਾਂਗਰਸ ਦੀ ਫਿਰਕਾਪ੍ਰਸਤੀ ਵਿਰੁਧ ਠੀਕ ਦਾਅ-ਪੇਚ ਤੇ ਯੁੱਧ-ਨੀਤੀ ਵਿਕਸਤ ਕਰਨ ਵਿਚ ਮਦਦ ਨਹੀਂ ਕੀਤੀ। ਕਾਂਗਰਸ ਦੇ ਮੁਖ ਆਗੂਆਂ ਮੋਤੀ ਲਾਲ ਨਹਿਰੂ ਤੇ ਗਾਂਧੀ ਨੇ ਕੇਵਲ ਇਸ ਵਿਸ਼ੇਸ਼ਤਾ ਨੂੰ ਸਮਝਿਆ ਹੀ ਨਹੀਂ ਸਗੋਂ ਬਾਰ ਬਾਰ ਇਹ ਦਰਸਾਉਣ ਦਾ ਯਤਨ ਕੀਤਾ ਕਿ ਇਸ ਪ੍ਰਕਿਆ ਦੀ ਪੂਰਤੀ ਤੋਂ ਬਿਨਾਂ ਭਾਵ (ਕੌਮ ਬਣਨ ਤੋਂ ਬਿਨਾਂ) ਆਧੁਨਿਕ ਭਾਰਤ (ਭਾਵੇਂ ਉਹ ਸਰਮਾਏਦਾਰੀ ਪ੍ਰਬੰਧ ਵਾਲਾ ਹੋਵੇ ਤੇ ਭਾਵੇਂ ਸਮਾਜਵਾਦੀ ਪ੍ਰਬੰਧ ਵਾਲਾ) ਦਾ ਨਿਰਮਾਣ ਅਸੰਭਵ ਹੈ। 1909 ਵਿਚ ਆਗਰੇ (ਯੂ. ਪੀ.) ਵਿਚ ਇਕ ਕਾਨਫਰੰਸ ਵਿਚ ਬੋਲਦਿਆਂ ਮੋਤੀ ਲਾਲ ਨਹਿਰੂ ਨੇ ਕਿਹਾ: "Our great ambition is to build a united Indian Nation. Can we expect to achieve that ambition by obtaining political concession alone ? There is no process of legislation or diplomacy by which these millions with all their diversities of caste and creed could be fused into a harmonious whole...Now let us assume the converse case. Imagine for a moment that there was no caste system in India, that Hindus and Musalmans, and the numerous sub-divisions of these two great communities sink their differences and meet together as children of common mother. Suppose we reached such a social, moral and physical perfection, could any power on earth keep us from obtaining the fullest political privileges enjoyed by the most advanced nations of the world ?" (quoted in Nanda, B. R., THE NEHRUS, p. 107)

ਗਾਂਧੀ ਨੇ ਇਸ ਪ੍ਰਕਿਆ ਨੂੰ ਸਮਝ ਕੇ ਇਹ ਨਤੀਜਾ ਕੱਢਿਆ ਕਿ ਜੇਕਰ ਭਾਰਤ ਨੇ ਮੁਕਤੀ ਪ੍ਰਾਪਤ ਕਰਨੀ ਹੈ ਤਾਂ ਸਾਮਰਾਜ-ਵਿਰੋਧੀ ਲਹਿਰ ਤਾਕਤਵਰ ਬਣੇ, ਇਹ ਤਾਕਤਵਰ ਉਸ ਹੱਦ ਤਕ ਹੋਵੇਗੀ ਜਿਸ ਹੱਦ ਤਕ ਭਾਰਤ ਦੇ ਵਖਰੇਵਿਆਂ-ਭਰਪੂਰ ਲਕ ਇਕ ਕੌਮ ਬਣਨਗੇ ਭਾਵ ਕੌਮ ਹੋਣ ਦੀ ਚੇਤਨਤਾ ਗ੍ਰਹਿਣ ਕਰਨਗੇ। ਇਹ ਚੇਤਨਤਾ ਉਸ ਹੱਦ ਤੱਕ ਜੜ੍ਹਾਂ ਫੜੇਗੀ ਜਿਸ ਹੱਦ ਤਕ ਜਾਤ-ਪਾਤ, ਧਾਰਮਿਕ ਕੱਟੜਤਾ ਤੇ ਇਲਾਕਾਈ ਤੰਗ-ਦਿਲੀ ਦੀਆਂ ਹੱਦਾਂ ਟੁੱਟਣਗੀਆਂ। ਸੋ ਅੰਗਰੇਜ਼ ਸਾਮਰਾਜ ਦੇ ਵਿਰੁਧ ਲਹਿਰ ਖੜੀ ਕਰਨ ਲਈ ਇਨ੍ਹਾਂ ਵਖਰੇਵਿਆਂ 'ਤੇ ਆਧਾਰਤ ਵੰਡੀਆਂ ਨੂੰ ਤੋੜਨਾ ਸੀ ਤੇ ਸਾਮਰਾਜ ਦੀ ਤਾਕਤ ਉਨ੍ਹਾਂ ਨੂੰ ਬਣਾਈ ਰਖਣ ਵਿਚ ਸੀ। ਇਸੇ ਲਈ ਤਾਂ ਉਹ ਧਰਮ ਅਤੇ ਜਾਤ-ਪਾਤ ਦੇ ਆਧਾਰ 'ਤੇ ਵੱਖਰੀ ਚੋਣ-ਪ੍ਰਣਾਲੀ ਦੇਣ ਉਪਰ ਤੁਲੇ ਹੋਏ ਸਨ ਤੇ ਗਾਂਧੀ ਉਨ੍ਹਾਂ ਦੇ ਵਿਰੁਧ ਡੱਟਿਆ ਹੋਇਆ ਸੀ। ਇਕ ਹੋਰ ਗੱਲ ਜੋ ਗਾਂਧੀ ਨੇ ਸਮਝੀ ਉਹ ਇਹ ਕਿ ਆਰਥਕ ਵਿਕਾਸ ਇਹ ਵੰਡੀਆਂ ਤੇ ਪਛਾਣਾਂ ਨੂੰ ਆਪਣੇ ਆਪ ਨਹੀਂ ਮਿਟਾਉਂਦਾ। ਇਸ ਲਈ



ਵਿਚਾਰਧਾਰਕ ਜਦੋ-ਜਹਿਦ ਦੀ ਲੋੜ ਹੈ। ਇਹ ਗੱਲ ਬਿਲਕੁਲ ਸੱਚੀ ਨਿਕਲੀ ਹੈ। ਭਾਰਤ ਵਿਚ ਸਰਮਾਏਦਾਰੀ ਦੇ ਵਿਕਾਸ ਨੇ ਜਾਤ-ਪਾਤ ਦੇ ਅਹਿਸਾਸ ਤੇ ਫਿਰਕਾਪ੍ਰਸਤੀ ਨੂੰ ਮਿਟਾਉਣ ਦੀ ਬਜਾਏ ਤਿੱਖਾ ਕੀਤਾ ਹੈ। ਸੋ ਸਪਸ਼ਟ ਹੈ ਕਿ ਜਾਤ-ਪਾਤ ਤੇ ਫਿਰਕਾਪ੍ਰਸਤੀ ਭਾਰਤ ਵਿਚ ਮਾਡਰਨ ਵਿਚਾਰਧਰਾਵਾਂ ਹਨ ਭਾਵ ਇਨ੍ਹਾਂ ਦੀ ਸਹਿਹੋਂਦ ਸਰਮਾਏਦਾਰੀ ਪ੍ਰਬੰਧ ਨਾਲ ਵੀ ਹੋ ਸਕਦੀ ਹੈ।

ਇਸ ਵਿਚਾਰਧਾਰਕ ਜਦੋ-ਜਹਿਦ ਨੂੰ ਗਾਂਧੀ ਨੇ ਤਿੰਨ ਨਾਹਰਿਆਂ ਰਾਹੀਂ ਠੋਸ ਰੂਪ ਵਿਚ ਪ੍ਰਗਟਾਇਆ : ਜਾਤ-ਪਾਤ ਦਾ ਖਾਤਮਾ, ਖਦਰ (ਕੌਮ ਦਾ ਅਹਿਸਾਸ ਤੇ ਸਵੈਮਾਨ) ਅਤੇ ਹਿੰਦੂ-ਮੁਸਲਿਮ-ਸਿੱਖ ਏਕਤਾ। ਇੰਜ ਗਾਂਧੀ ਨੇ nation-in-the-making ਦੀ ਵਿਚਾਰਧਾਰਾ ਨੂੰ ਠੋਸ ਪ੍ਰੋਗਰਾਮ ਦੇ ਤੌਰ 'ਤੇ ਸਪਸ਼ਟ ਕੀਤਾ। ਕਮਿਊਨਿਸਟਾਂ ਨੇ ਇਸ ਵਿਚਾਰਧਾਰਾ ਦੀਆਂ ਸੀਮਾਵਾਂ ਦਿਖਾ ਕੇ ਇਸ ਨੂੰ ਅੱਗੇ ਵਧਾਉਣ ਵਿਚ ਤਾਂ ਕੀ ਰੋਲ ਪਾਉਣਾ ਸੀ, ਉਨ੍ਹਾਂ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਭਾਰਤੀ ਸਮਾਜ ਵਿਚ ਹੋ ਕੀ ਰਿਹਾ ਹੈ ਤੇ ਹਾਲਤ ਨੂੰ ਮੁਖ ਰਖਦਿਆਂ ਉਨ੍ਹਾਂ ਦੀਆਂ priorities ਕੀ ਹਨ। ਉਨ੍ਹਾਂ ਦਾ ਜ਼ੋਰ 'ਜਮਾਤੀ ਜਦੋ-ਜਹਿਦ ਕਰੋ' ਦੇ ਖਾਲੀ ਨਾਹਰੇ ਉਪਰ ਸੀ, ਨਾ ਕਿ ਇਸ ਦੇ ਠੋਸ ਰੂਪ ਉਪਰ। ਗਾਂਧੀ ਨੂੰ ਇਸ ਕੌਮ ਬਣਨ ਦੀ ਪ੍ਰਕ੍ਰਿਆ ਦੇ ਰਾਹ ਵਿਚਲੇ ਰੋੜਿਆਂ ਦਾ ਕਿੰਨਾ ਅਹਿਸਾਸ ਸੀ, ਇਹ ਹੇਠਲੀ ਟੂਕ ਤੋਂ ਸਪਸ਼ਟ ਹੋ ਜਾਵੇਗਾ !

"We cannot attain national regeneration—even salvation from motives of expediency and no higher motives. We have problems which no other country has to deal with. We have to deal with so many sections, diverse elements. How are we to achieve unity between them except by means which are open and truthful ? A Bengali thinks that India must be merged in Bengal. Gujrati thinks it must rule the whole of India. The brave Maratha feels he must shape India's, destiny. Musalman also thinks so with his still later traditions. We are sitting on a mine which might explode any moment. I have, therefore, launched on a policy of non-violence and truthfulness." DAY TO DAY WITH GANDHI by Mahadev Desai, 1970, p. 250.

ਬਸਤੀਵਾਦੀ ਸਟੇਟ : ਭਾਰਤ ਜਿਥੇ ਰੂਸ ਤੇ ਚੀਨ ਨਾਲੋਂ ਉਪਰ ਦੱਸੀ ਵਿਸ਼ੇਸ਼ਤਾ ਕਰਕੇ ਭਿੰਨ ਸੀ ਉਥੇ ਆਪਣੇ ਸਿਆਸੀ ਖਾਸੇ ਵਿਚ ਵੀ ਉਨ੍ਹਾਂ ਨਾਲੋਂ ਭਿੰਨ ਸੀ। ਬਰਤਾਨਵੀ ਸਾਮਰਾਜ ਨੇ ਜਿਸ ਤਰ੍ਹਾਂ ਭਾਰਤ ਦੇ ਵੱਖ ਵੱਖ ਭਾਗਾਂ, ਵੱਖ ਵੱਖ ਬੋਲੀਆਂ ਬੋਲਣ ਵਾਲੇ ਤੇ ਵੱਖ ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਨੂੰ ਵਿਸ਼ਾਲ ਇਲਾਕੇ ਦੀ ਵਸੋਂ ਵਾਲੇ ਇਕ ਆਰਥਕ ਸਿਆਸੀ ਪ੍ਰਬੰਧ ਵਿਚ ਬੰਨ੍ਹਿਆ ਉਹ ਵੀ ਆਪਣੇ ਆਪ ਵਿਚ ਅਨੋਖਾ ਸੀ। ਇਸ ਗੱਲ ਉਪਰ ਮੈਂ ਜ਼ੋਰ ਦੇਣਾ ਚਾਹਾਂਗਾ ਕਿ ਚੀਨ ਕਦੇ ਵੀ ਭਾਰਤ ਵਾਂਗ ਸਮੁੱਚੇ ਦਾ ਸਮੁੱਚਾ ਇਕ ਕੇਂਦਰੀ ਪ੍ਰਬੰਧ ਹੇਠ ਨਹੀਂ ਸੀ। ਇਕ ਨਹੀਂ ਸਗੋਂ ਕਈ ਸਾਮਰਾਜੀ ਤਾਕਤਾਂ ਇਸ ਦੀਆਂ ਬੰਦਰਗਾਹਾਂ ਤੇ ਉਨ੍ਹਾਂ ਨਾਲ ਲਗਦੇ ਇਲਾਕਿਆਂ ਲਈ ਭਿੜ ਰਹੀਆਂ ਸਨ ਤੇ ਕੇਂਦਰੀ ਰਿਆਸਤ ਦੀ ਅਣਹੋਂਦ ਕਾਰਨ ਚੀਨ ਵਿਚ ਆਪਸ ਵਿਚ ਲਗਾਤਾਰ ਲੜ ਰਹੇ ਵਾਰ-ਲਾਰਡਜ਼ ਨੂੰ ਆਪਣੇ ਆਪਣੇ ਪੱਖ ਵਿਚ ਕਰਨ ਵਿਚ ਰੁੱਝੀਆਂ ਰਹਿੰਦੀਆਂ ਸਨ। ਭਾਰਤ ਦੇ ਉਲਟ ਚੀਨ ਦੀ ਖ਼ਾਸੀਅਤ ਹੀ ਇਹ ਸੀ : ਕੇਂਦਰੀ ਸਰਕਾਰ ਦੀ ਅਣਹੋਂਦ ਤੇ ਵਾਰ-ਲਾਰਡਜ਼ ਦੀ ਆਪਸ

ਵਿਚ ਲਗਾਤਾਰ ਲੜਾਈ; ਸੰਚਾਰ ਪ੍ਰਬੰਧਾਂ ਤੇ ਉਨ੍ਹਾਂ ਦੇ ਕੇਂਦਰੀਕਰਨ ਦੀ ਅਣਹੋਂਦ। ਮਾਓ ਨੇ ਆਪਣੀਆਂ ਲਿਖਤਾਂ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਹੈ।

ਚੀਨ ਦੇ ਉਲਟ ਭਾਰਤ ਵਿਚ ਕੇਂਦਰੀ ਸਰਕਾਰ ਨੇ ਪਿੰਡ ਪਿੰਡ ਤੱਕ ਆਪਣਾ ਪ੍ਰਬੰਧ ਫੈਲਾਇਆ ਹੋਇਆ ਸੀ ਤੇ ਲੋੜੀਂਦੇ ਸੰਚਾਰ ਸਾਧਨਾਂ ਦਾ ਪ੍ਰਬੰਧ ਸੀ। ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਜ਼ਮੀਨਾ ਦੇ ਨਵੇਂ ਬੰਦੋਬਸਤਾਂ ਰਾਹੀਂ ਨਵਾਂ ਜਮਾਤੀ ਪ੍ਰਬੰਧ ਕਾਇਮ ਕੀਤਾ ਤੇ ਭਾਰੂ ਜਮਾਤਾਂ ਦੀ ਸੇਵਾ-ਭਗਤੀ ਜਿੱਤੀ। ਇਸ ਪ੍ਰਬੰਧ ਨੂੰ ਚਾਲੂ ਰੱਖਣ ਲਈ ਨਵੇਂ ਵਿਦਿਅਕ ਢਾਂਚੇ ਨੂੰ ਦਾਖਲ ਕੀਤਾ। ਰੋਜ਼ਾਨਾ ਜ਼ਿੰਦਗੀ ਤੇ ਜਾਇਦਾਦ ਤੋਂ ਉਪਜੇ ਝਗੜਿਆਂ ਝੇੜਿਆਂ ਨੂੰ ਕਾਨੂੰਨੀ ਪ੍ਰਬੰਧਾਂ ਵਿਚ ਬੰਨ੍ਹ ਕੇ ਚਲਾ ਦਿੱਤਾ। ਦੂਸਰੇ ਸ਼ਬਦਾਂ ਵਿਚ, ਸਾਰੇ ਭਾਰਤੀਆਂ ਲਈ ਇਕੋ ਜਿਹਾ ਸ਼ਹਿਰੀ ਸਮਝਣ ਵਾਲਾ ਲਾਅ-ਐਂਡ-ਆਰਡਰ ਪ੍ਰਬੰਧ ਦਾਖਲ ਕੀਤਾ ਜੋ ਪਛਮ ਦੀਆਂ ਮਾਡਰਨ ਰਿਆਸਤਾਂ ਦੀ ਖ਼ਾਸੀਅਤ ਸੀ। ਬਦੇਸ਼ੀ ਅਤੇ ਦੇਸ਼ੀ ਅਫ਼ਸਰਸ਼ਾਹੀ ਨੂੰ ਇਕੋ ਵਿਚਾਰਧਾਰਾ ਨਾਲ ਲੈਸ ਕਰ ਦਿੱਤਾ। ਇੰਜ ਕੁਝ ਕੁ ਲੱਖ ਦੀ ਭਾਰਤੀ ਲੋਕਾਂ ਵਿਚੋਂ ਹੀ ਫ਼ੌਜ ਤੇ ਪੁਲਸ ਖੜ੍ਹੀ ਕਰ ਕੇ ਕਰੋੜਾਂ ਭਾਰਤੀਆਂ ਉਪਰ ਰਾਜ ਕਰਨ ਦੇ ਢਾਂਚੇ ਦੀਆਂ ਨੀਹਾਂ ਉਸਾਰੀਆਂ ਤੇ ਫੇਰ ਇਸ ਢਾਂਚੇ ਨੂੰ ਇਕ ਬਦੇਸ਼ੀ ਸਟੇਟ ਦੀ ਸੇਵਾ ਵਿਚ ਲੀਨ ਕਰ ਦਿੱਤਾ। ਇਸ ਸਮੁੱਚੇ ਯਤਨ ਦਾ ਮਕਸਦ ਇਕ ਅਜਿਹੀ ਰਿਆਸਤ ਦੀ ਕਾਇਮੀ ਸੀ ਜੋ ਮਾਡਰਨ ਬੁਰਜਵਾ ਸਟਟ ਵਾਂਗ ਸਮਾਜ ਦੀਆਂ ਜਮਾਤਾਂ ਵਿਚ ਸੰਵਿਧਾਨਕ ਢੰਗ ਰਾਹੀਂ ਆਪਣੀਆਂ ਜੜ੍ਹਾਂ ਧਸਾਵੇ ਤੇ ਸੰਮਤੀ (consent) ਪ੍ਰਾਪਤ ਕਰੇ ਤੇ ਨਾਲ ਹੀ ਇਸ ਸਟੇਟ ਦਾ ਸਮੁੱਚਾ ਕੰਮ ਬਦੇਸ਼ੀਆਂ ਦੇ ਹਿੱਤਾਂ ਦੀ ਰਾਖੀ ਹੋਵੇ। ਭਾਵ ਇਹ ਸਟੇਟ ਹੋਵੇ ਤਾਂ ਸਾਰੇ ਪੱਖਾਂ ਤੋਂ ਬੁਰਜਵਾ ਸਟੇਟ ਹੀ, ਪਰ ਕੌਮੀ ਸਟੇਟ (National state) ਨਾ ਹੋਵੇ। ਇੰਜ ਭਾਰਤ ਵਿਚ ਸਟੇਟ ਦਾ ਇਕ ਅਨੋਖਾ ਤੇ ਨਵਾਂ ਰੂਪ ਹੋਂਦ ਵਿਚ ਆਇਆ ਜਿਸ ਨੂੰ 'ਬਸਤੀਵਾਦੀ ਸੰਵਿਧਾਨਕ ਸਟੇਟ' ਕਿਹਾ ਜਾ ਸਕਦਾ ਹੈ। ਇਹ ਸਟੇਟ ਜਾਇਦਾਦ ਵਾਲੀਆਂ ਸ਼੍ਰੇਣੀਆਂ ਦੀ ਚੇਤਨਤਾ ਤੇ ਹਿੱਤਾਂ ਨੂੰ ਮੁੱਖ ਰੱਖ ਕੇ, ਉਨ੍ਹਾਂ ਦੀ ਡੈਮੋਕ੍ਰੇਟਿਕ ਅਦਾਰਿਆਂ ਦੀ ਮੰਗ ਨੂੰ ਮੁੱਖ ਰੱਖ ਕੇ ਉਨ੍ਹਾਂ ਨੂੰ ਰਾਜ ਭਾਗ ਵਿਚ ਸੀਮਤ ਭਿਆਲੀ Subordinate ਰੂਪ ਵਿਚ ਦੇਣਾ ਚਾਹੁੰਦੀ ਸੀ। ਜਦੋਂ ਇਸ ਸਟੇਟ ਉਪਰ ਪੂਰੇ ਡੈਮੋਕ੍ਰੇਟਿਕ ਅਦਾਰਿਆਂ ਦੀ ਪ੍ਰਾਪਤੀ ਲਈ ਜ਼ੋਰ ਪਾਇਆ ਜਾਂਦਾ ਤਾਂ ਇਹ ਇਸ ਮੰਗ ਨੂੰ ਅੱਧਾ ਪਹਿਲਾਂ ਦ ਸੀਮਤ ਸੰਵਿਧਾਨ ਨੂੰ ਮੋਕਲਾ ਕਰ ਕੇ ਭਾਵ ਸੰਵਿਧਾਨਕ ਰਿਆਇਤਾਂ Constitutional concessions ਦੇ ਕੇ ਤੇ ਅੱਧਾ ਡੰਡਾ ਚਲਾ ਕੇ ਪੂਰਾ ਕਰਦੀ ਸੀ।

1883 ਵਿਚ ਲਾਰਡ ਰਿਪਨ ਨੇ ਚੁਣੀਆਂ ਜਾਣ ਵਾਲੀਆਂ ਸ਼ਹਿਰੀ ਕੌਂਸਲਾਂ ਦੀ ਸਥਾਪਤੀ ਕੀਤੀ। 1908 ਵਿਚ ਮਿੰਟੋ ਮਾਰਲੇ ਸੁਧਾਰਾਂ ਰਾਹੀਂ ਸੂਬਾਈ ਕੌਂਸਿਲਾਂ ਵਿਚ ਚੁਣੇ ਜਾਣ ਵਾਲੇ ਪ੍ਰਤੀਨਿਧਾਂ ਦੀ ਬਹੁ-ਸੰਮਤੀ ਸਵੀਕਾਰ ਕਰ ਲਈ ਗਈ ਪਰ ਇਨ੍ਹਾਂ ਕੌਂਸਲਾਂ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਨਾ ਦਿੱਤਾ ਗਿਆ। ਉਹ ਕੇਵਲ ਸਲਾਹ ਦੇ ਸਕਦੀਆਂ ਸਨ। 1917 ਦੇ ਐਲਾਨਨਾਮੇ ਰਾਹੀਂ ਬਰਤਾਨਵੀ ਰਾਜ ਦਾ ਅੰਤਮ ਉਦੇਸ਼ ਘਰੇਲੂ ਰਾਜ ਸਥਾਪਤ ਕਰਨ ਵਲ ਵਧਣਾ ਦਸਿਆ ਗਿਆ ਪਰ ਇਹ ਨਾ ਦੱਸਿਆ ਕਿ ਇਸ ਦੀ ਸਥਾਪਤੀ ਵਿਚ ਕਿੰਨਾ ਸਮਾਂ ਲੱਗੇਗਾ। 1919 ਦੇ ਕਾਨੂੰਨ (India Act of 1919) ਦੇ ਪਾਸ ਹੋ ਜਾਣ ਨਾਲ "ਦੂਹਰੇ—ਰਾਜ" (Dyarchy) 'ਤੇ ਅਧਾਰਤ ਨਵਾ ਸੰਵਿਧਾਨ ਹੋਂਦ ਵਿਚ ਆਇਆ। ਇਸ ਅਨੁਸਾਰ ਭਾਰਤ ਦੇ ਪੱਧਰ 'ਤੇ ਇਕ ਅਸੈਂਬਲੀ ਹੋਣੀ ਸੀ ਜਿਸ ਦੀ ਬਹੁ-ਸੰਮਤੀ ਨੇ ਚੁਣੇ ਹੋਏ ਹੋਣਾ ਸੀ। ਪਰ ਅਸਲ ਤਾਕਤ ਨੇ ਅਜੇ ਵੀ ਵਾਇਸਰਾਏ ਅਤੇ ਉਸ ਦੀ ਕੌਂਸਿਲ ਦੇ ਹੱਥ ਹੋਣਾ ਸੀ। ਸੂਬਿਆਂ ਵਿਚ ਕਈ ਮਹਿਕਮਿਆਂ ਨੇ ਭਾਰਤੀ ਮਨਿਸਟਰਾਂ



ਦੇ ਹੱਥਾਂ ਵਿਚ ਹੋਣਾ ਸੀ ਤੇ ਉਹ ਉਨ੍ਹਾਂ ਦੇ ਕੰਮਾਂ ਲਈ ਕੌਂਸਿਲਾਂ ਦੇ ਚੁਣੇ ਹੋਏ ਮੈਂਬਰਾਂ ਅੱਗੇ ਜ਼ਿੰਮੇਵਾਰ ਸਨ। ਕੇਵਲ ਜਾਇਦਾਦ ਰੱਖਣ ਵਾਲਿਆਂ ਨੂੰ ਵੋਟ ਦਾ ਹੱਕ ਦਿੱਤਾ ਗਿਆ ਸੀ। ਇਸ 'ਸੀਮਤ ਸੰਵਿਧਾਨ' ਨੂੰ ਕੁਝ ਰਿਆਇਤਾਂ ਰਾਹੀਂ ਭਾਰਤੀ ਲੋਕਾਂ ਦੀ ਸੰਮਤੀ ਪ੍ਰਾਪਤ ਕਰਨ ਲਈ ਵਰਤਿਆ ਜਾ ਰਿਹਾ ਸੀ।

ਸੋ ਭਾਰਤ ਵਿਚ ਇਕ ਅਜਿਹੀ ਸਟੇਟ ਸੀ ਜਿਸ ਦਾ ਕੰਮ ਰੂਸੀ ਸਟੇਟ ਵਾਂਗ ਕੇਵਲ ਦੇਸ਼ ਦੀਆਂ ਅੰਦਰੂਨੀ ਜਮਾਤਾਂ ਦੇ ਹਿੱਤਾਂ ਦੀ ਰਾਖੀ ਨਹੀਂ ਸੀ ਤੇ ਨਾ ਹੀ ਇਹ ਉਸ ਵਾਂਗ 'ਮਿਲਟਰੀ-ਬਿਊਰੋਕ੍ਰੇਟਿਕ ਸਟੇਟ' ਸੀ। ਇਸ ਦੇ ਉਲਟ ਇਸ ਰਿਆਸਤ (ਸਟੇਟ) ਦੀ ਕਾਇਮੀ ਇਕ ਬੇਢੱਬੀ ਤੇ ਸੀਮਤ ਕਿਸਮ ਦੇ 'ਬਸਤੀਵਾਦੀ ਸੰਵਿਧਾਨ' ਉਪਰ ਸੀ। ਇਕ ਪਾਸੇ ਇਹ ਸੰਵਿਧਾਨ ਤੋਂ ਬਾਹਰ 'ਕਦਮ ਰੱਖ' ਕੇ ਚੈਲਿੰਜ ਕਰਨ ਵਾਲਿਆਂ ਨੂੰ ਡੰਡੇ ਦੇ ਜ਼ੋਰ 'ਤੇ ਭੰਨ ਕੇ ਅੱਗੇ ਲਾਉਂਦੀ ਸੀ ਤੇ ਦੂਸਰੇ ਪਾਸੇ, ਸਾਰੇ ਦੇਸ਼ ਨੂੰ ਉਸ ਪਾਸਿਓਂ ਹੋੜਨ ਲਈ ਪਹਿਲਾਂ ਦੇ ਬੇਢੱਬੇ ਸੰਵਿਧਾਨ ਨੂੰ ਕੁਝ ਕੁ ਰਿਆਇਤਾਂ ਦੇ ਕੇ ਮੋਕਲਾ ਕਰ ਕੇ ਭਾਰਤੀਆਂ ਦੀਆਂ ਆਸਾਂ ਤੇ ਉਮੰਗਾਂ ਨੂੰ, ਢਾਂਚੇ ਨੂੰ ਟੁਟਣੋਂ ਬਿਨਾਂ ਉਸ ਦੇ ਅੰਦਰ ਹੀ ਜ਼ਜ਼ਬਾ ਕਰ ਲੈਣ ਦਾ ਯਤਨ ਕਰਦੀ ਸੀ। ਇੰਜ ਵੇਖਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜੇਕਰ ਭਾਰਤੀ ਬਸਤੀਵਾਦੀ ਸਟੇਟ ਦੀ ਤੁਲਨਾ ਹੀ ਕਰਨੀ ਹੈ ਤਾਂ ਇਹ ਸਟੇਟ ਆਪਣੇ ਵਿਗੜੇ ਹਏ ਰੂਪ ਵਿਚ ਪਛਮ ਦੀਆਂ ਮਾਡਰਨ ਬੁਰਜਵਾ ਸਟੇਟਾਂ ਦੇ ਵਧਰੇ ਨੇੜੇ ਸੀ ਤੇ ਰੂਸ ਤੇ ਚੀਨ ਦੇ ਰਾਜਸੀ ਢਾਂਚੇ ਤੋਂ ਕੋਹਾਂ ਦੂਰ। ਸਾਡੇ ਕਾਮਰੇਡ ਇਸ ਦੀ ਕਦੀ ਰੂਸ ਤੇ ਕਦੇ ਚੀਨ ਨਾਲ ਤੁਲਨਾ ਕਰਦੇ ਰਹੇ ਹਨ। ਸਟੇਟ ਦੇ ਖਾਸੇ ਦਾ ਸਿੱਧਾ ਸੰਬੰਧ ਸਿਆਸਤ ਦੇ ਰੂਪਾਂ ਨਾਲ ਹੁੰਦਾ ਹੈ। ਇਸ ਸਟੇਟ ਦਾ ਵਿਰੋਧ ਕਰਨ ਲਈ ਭਾਰਤ ਵਿਚ ਦੋ ਕਿਸਮ ਦੇ ਸਿਆਸੀ ਸਕੂਲਾਂ ਦਾ ਜਨਮ ਹੋਇਆ : 'ਸੰਵਿਧਾਨਕ' ਅਤੇ 'ਗੈਰ-ਸੰਵਿਧਾਨਕ'। ਇਨ੍ਹਾਂ ਸਕੂਲਾਂ ਦੀ ਸਿਆਸਤ ਵਿਚ ਆਪਸੀ ਕੀ ਸੰਬੰਧ ਸੀ ? ਉਹ ਕਿਹੜੇ ਢੰਗਾਂ ਰਾਹੀਂ ਬਸਤੀਵਾਦ ਦਾ ਵਿਰੋਧ ਕਰਨਾ ਚਾਹੁੰਦੇ ਸਨ ? ਖੱਬੀ ਸਿਆਸਤ ਦਾ ਇਨ੍ਹਾਂ ਨਾਲ ਕੀ ਸੰਬੰਧ ਸੀ ? ਗਾਂਧੀ ਤੇ ਗਾਂਧੀਵਾਦ ਇਨ੍ਹਾਂ ਸਕੂਲਾਂ ਵਿਚੋਂ ਕਿਥੇ ਖੜ੍ਹਦਾ ਹੈ ? ਇਨ੍ਹਾਂ ਸਵਾਲਾਂ ਦੇ ਉਤਰਾਂ ਬਿਨਾਂ ਗਾਂਧੀਵਾਦ ਨੂੰ ਮਾਰਕਸਵਾਦੀ ਢੰਗ ਨਾਲ, ਇਕ ਠੋਸ ਕੌਮੀ ਵਿਚਾਰਧਾਰਾ ਦੇ ਤੌਰ 'ਤੇ ਸਮਝਿਆ ਨਹੀਂ ਜਾ ਸਕਦਾ। (ਚਲਦਾ)


Bhagwan Josh

COMMUNIST MOVEMENT IN PUNJAB
(1926-47)

The only book of its kind on the subject...factual, analytical...at places showing brilliant insight into what-has-been and what-could-have-been the communist movement in the Punjab and for that matter, in India. Hardbound, pages 220, Price : Rs. 60

Order your copy to the local bookseller or to Anupma Publications, 80 Banarsi Dass Bldg, Gandhi Nagar, Delhi-31.

or to SEDH, A-42, Defence Colony, New Delhi-24


ਸੂਚਨਾ : "ਆਏ ਇਨਕਲਾਬ ਕੁਰਾਹੇ ਕਿਉਂ ?" ਲੇਖ-ਲੜੀ ਦੀ ਅਗਲੀ ਕੜੀ ਚੀਨ ਦੇ ਇਨਕਲਾਬ ਬਾਰੇ ਦਸੰਬਰ ਅੰਕ ਤੋਂ ਸ਼ੁਰੂ ਹੋਵੇਗੀ।

*With Best Compliments*
*From*

**Libra Bus Service (P) Ltd.**
**Malerkotla**



"ਲੋੜ ਹੈ, ਹਿੰਦ ਵਿਚ ਗ਼ਦਰ ਭੜਕਾਉਣ ਲਈ ਬਹਾਦਰ ਸਪਾਹੀਆਂ ਦੀ, ਤਨਖ਼ਾਹ—ਮੌਤ, ਇਨਾਮ—ਸ਼ਹੀਦੀ, ਪੈਨਸ਼ਨ—ਆਜ਼ਾਦੀ, ਲੜਾਈ ਦਾ ਮੈਦਾਨ—ਹਿੰਦ।" —ਗ਼ਦਰ ਅਖ਼ਬਾਰ

ਗੁਰਮੀਤ ਸਿੰਘ ਢੁੱਡੀਕੇ

## "ਗ਼ਦਰ ਪਾਰਟੀ ਲਹਿਰ"

ਕਿਸਮਤ ਕੀ ਤੋ ਦੇਖੀਏ ਟੂਟੀ ਕਹਾਂ ਕਮੰਦ/ਦੋ ਚਾਰ ਹਾਥ ਜਬਕਿ ਲਬੇ ਬਾਮ ਰਹਿ ਗਿਆ।

ਸ: ਜਗਜੀਤ ਸਿੰਘ ਦੀ ਪੁਸਤਕ 'ਗ਼ਦਰ ਪਾਰਟੀ ਲਹਿਰ' ਆਮ ਪਰੰਪਰਾਗਤ ਇਤਿਹਾਸ ਦੀਆਂ ਪੁਸਤਕਾਂ ਨਾਲੋਂ ਕਈ ਕਾਰਨਾਂ ਕਰਕੇ ਵਿਲੱਖਣ ਹੈ। ਸਾਡਾ ਪਰੰਪਰਾਗਤ ਇਤਿਹਾਸ ਰਾਜਿਆਂ ਮਹਾਰਾਜਿਆਂ, ਹੁਕਮਰਾਨਾਂ ਤੇ ਚੰਦ ਉਘੀਆਂ ਸ਼ਖਸੀਅਤਾਂ ਦਾ ਇਤਿਹਾਸ ਰਿਹਾ ਹੈ। ਉਹ ਲੋਕ ਇਤਿਹਾਸ ਦਾ ਧੁਰਾ ਬਣੇ ਰਹੇ ਹਨ ਅਤੇ ਇਤਿਹਾਸ ਉਨ੍ਹਾਂ ਦੇ ਵਿਅਕਤੀਤਵ ਦੁਆਲੇ ਘੁੰਮਦਾ ਰਿਹਾ ਹੈ। ਇਸ ਦੇ ਉਲਟ 'ਗ਼ਦਰ ਪਾਰਟੀ' ਦੇ ਲੇਖਕ ਨੇ ਲਹਿਰ ਸੰਬੰਧੀ ਵੇਰਵਿਆਂ ਦਾ ਇਤਿਹਾਸ ਕੁਝ ਕੁ ਗਿਣੇ ਚੁਣੇ ਵਿਅਕਤੀਆਂ ਦੇ ਦੁਆਲੇ ਕੇਂਦਰਿਤ ਨਾ ਕਰ ਕੇ ਪੰਜਾਬ ਦੇ ਛੋਟੇ ਮਾਲਕ ਕਿਸਾਨ (ਜੋ ਲਹਿਰ ਦੀ ਰੀੜ੍ਹ ਦੀ ਹੱਡੀ ਰਿਹਾ) ਦੇ ਪਿਛੋਕੜ ਨੂੰ ਕੇਂਦਰ ਵਿਚ ਰੱਖ ਕੇ ਲਹਿਰ ਪਿਛੇ ਕੰਮ ਕਰਦੇ ਆਦਰਸ਼ਾਂ, ਉਦੇਸ਼ਾਂ ਤੇ ਨਿਰਣਿਆਂ ਨੂੰ ਘੋਖਿਆ ਪਰਖਿਆ ਹੈ। ਇਸ ਤੋਂ ਵੱਧ ਵਡਿਆਈ ਦੀ ਗੱਲ ਇਹ ਹੈ ਕਿ ਆਦਿ ਤੋਂ ਅੰਤ ਤੱਕ ਲਿਖਾਰੀ ਦੀ ਰੁਚੀ ਵਿਸ਼ਲੇਸ਼ਨਾਤਮਕ, ਇਤਿਹਾਸਕ-ਪਦਾਰਥਵਾਦੀ ਤੇ ਤੀਬਰ ਅੰਗ-ਨਿਖੇੜੂ ਹੁੰਦਿਆਂ ਹੋਇਆਂ ਵੀ ਪ੍ਰਮਾਣੀਕਤਾ ਤੇ ਯਥਾਰਥਕਤਾ ਦੇ ਹੱਦ-ਬੰਨਿਆਂ ਦੇ ਅੰਦਰ ਰਹੀ ਹੈ। ਬਾਹਰਮੁਖਤਾ ਕਿਸੇ ਇਤਿਹਾਸਕ-ਲਿਖਤ ਦਾ ਅਨਿਖੜਵਾਂ ਅੰਗ ਹੈ। ਇਸ ਪੱਖੋਂ ਗ਼ਦਰ ਪਾਰਟੀ ਲਹਿਰ ਪ੍ਰਤੀ ਲਿਖਾਰੀ ਦੀ ਹਮਦਰਦੀ ਕਿਧਰੇ ਆੜੇ ਨਹੀਂ ਆਉਂਦੀ। ਉਹ ਭਰੋਸੇ-ਯੋਗ ਹਵਾਲਿਆਂ ਰਾਹੀਂ ਓਹੀ ਤੱਥ ਤੇ ਅਸਲੀਅਤ ਪੇਸ਼ ਕਰਦਾ ਹੈ ਜਿਨ੍ਹਾਂ ਨੂੰ ਬੁੱਧੀ ਸਵੀਕਾਰਦੀ ਤੇ ਤਰਕ ਜਿਨ੍ਹਾਂ ਦੀ ਪਰੋੜਤਾ ਕਰਦਾ ਹੈ ਅਤੇ ਇਨ੍ਹਾਂ ਤੱਥਾਂ ਦੀ ਪੁਸ਼ਟੀ ਦਾ ਆਧਾਰ ਉਹ ਭਰੋਸੇ-ਯੋਗ ਵਸੀਲੇ ਹਨ ਜਿਨ੍ਹਾਂ ਦਾ ਵਿਓਰਾ ਥਾਂ ਪਰ ਥਾਂ ਫੁਟ-ਨੋਟਸ ਵਿਚ ਦਿਤਾ ਗਿਆ ਹੈ। ਭਾਵੇਂ ਗਦਰੀ ਇਨਕਲਾਬੀਆਂ ਪ੍ਰਤੀ ਲੇਖਕ ਦੀ ਜ਼ਾਤੀ ਹਮਦਰਦੀ ਦੀਆਂ ਕਨਸੋਆਂ ਤਾਂ ਕਿਧਰੇ ਕਿਧਰੇ ਪੈਂਦੀਆਂ ਹਨ, ਪਰ ਲਿਖਤ ਵਿਚ ਇਹ ਕਿਧਰੇ ਭਾਵਕ ਜਾਂ ਰੋਮਾਂਟਿਕ ਵਰਣਨ ਦਾ ਰੂਪ ਨਹੀਂ ਧਾਰਦਿਆਂ ਅਤੇ ਲਿਖਾਰੀ ਦੀ ਦ੍ਰਿਸ਼ਟੀ ਵਾਕਿਆਤ ਦੀ ਪ੍ਰਮਾਣੀਕਤਾ ਤੇ ਅਸਲੀਅਤ ਦੀ ਵਿਗਿਆਨਕ ਪੜਚੋਲ ਉਤੇ ਕੇਂਦਰਿਤ ਹੈ। ਉਹ ਇਤਿਹਾਸਕਾਰੀ ਵਿਚ ਅਛੋਪਲੇ ਕੰਮ ਕਰਦੀਆਂ ਅੰਤਰਮੁਖਤਾ ਦੀਆਂ ਰੁਚੀਆਂ ਤੋਂ ਭਲੀ ਭਾਂਤ ਸੁਚੇਤ ਹੈ ਅਤੇ ਉਹੀ ਕੁਝ ਪੇਸ਼ ਕਰਦਾ ਹੈ, ਜਿਸ ਦੀ ਅਸਲੀਅਤ ਸੰਦੇਹ-ਰਹਿਤ ਹੈ।

ਇਹ ਪੁਸਤਕ ਗਦਰ ਪਾਰਟੀ ਲਹਿਰ ਦੇ ਇਤਿਹਾਸ ਦੇ ਨਾਲ ਨਾਲ, ਲਹਿਰ ਬਾਰੇ ਇਤਿਹਾਸਕ ਖੋਜ ਦੀ ਪੁਸਤਕ ਵੀ ਹੈ। ਰਾਜਸੀ ਹਾਲਾਤ, ਪਾਰਟੀਆਂ ਦੇ ਤਰੀਕਾਕਾਰਾਂ ਬਾਰੇ ਲਿਖਾਰੀ ਦੇ ਨਿਰਣੇ, ਉਸ ਦੇ ਸੂਤਰੀਕਰਣ ਤੇ ਸਾਧਾਰਨਕਰਣ ਲਿਖਤ ਨੂੰ ਪ੍ਰਗਾੜ੍ਹ ਪ੍ਰਕਾਰ ਦੀ ਬੌਧਿਕਤਾ ਦਾ ਸਿੱਟਾ ਸਿੱਧ ਕਰਦੇ ਹਨ। ਇਹ ਸਾਰੇ ਸੂਤਰੀਕਰਣ ਬੜੇ ਮੌਲਿਕ, ਵਿਲੱਖਣ ਤੇ ਇਤਿਹਾਸਕ-ਭੌਤਿਕਵਾਦੀ ਹੁੰਦਿਆਂ ਹੋਇਆਂ ਆਉਣ ਵਾਲੇ ਇਤਿਹਾਸ-ਲੇਖਕਾਂ ਲਈ ਸੇਧ ਦੇਣ ਯੋਗ ਹਨ। ਗਦਰ ਪਾਰਟੀ ਲਹਿਰ ਦਾ ਹੀ ਨਹੀਂ ਸਾਰੇ ਹਿੰਦ ਦਾ ਇਤਿਹਾਸ, ਮੇਰੀ ਜਾਚੇ, ਇਨ੍ਹਾਂ ਲੀਹਾਂ 'ਤੇ ਲਿਖਿਆ ਜਾਣਾ ਚਾਹੀਦਾ ਹੈ। (ਇਸ ਪੱਖੋਂ ਇਸ ਤੋਂ ਅਗਲੇਰਾ ਕਦਮ ਪ੍ਰੋ: ਕਿਸ਼ਨ ਸਿੰਘ ਦੀ ਪੁਸਤਕ 'ਸਿੱਖ ਲਹਿਰ' ਹੈ। ਉਹ ਸਿੱਖ ਲਹਿਰ ਦਾ ਸੌੜੇ ਅਰਥਾਂ ਵਿਚ ਇਤਿਹਾਸ ਨਹੀਂ, ਉਹ ਸਿੱਖ-ਲਹਿਰ ਦੀ ਵਰਗ-ਆਧਾਰ 'ਤੇ ਵਿਆਖਿਆ ਹੈ)। ਇਸ ਤਰ੍ਹਾਂ ਇਸ ਪੁਸਤਕ ਵਿਚ ਖੋਜ, ਇਤਿਹਾਸ ਤੇ ਰਾਜਨੀਤਕ-ਦਾਰਸ਼ਨਿਕਤਾ ਸਾਰੇ ਰਲ-ਗੱਡ ਹਨ ਅਤੇ ਲਿਖਾਰੀ ਦੇ ਸਿਧਾਂਤੀਕਰਣ, ਰਾਜਨੀਤੀ ਤੇ ਇਤਿਹਾਸ ਨੂੰ ਸਮਝਣ ਦੇ ਵਧੀਆ ਸੰਦ।

ਲਹਿਰ ਦੀ ਕੱਚੀ ਸਾਮਗਰੀ ਪੰਜਾਬ ਦਾ ਜੱਟ ਮਾਲਕ-ਕਿਸਾਨ ਹੈ (ਭਾਵੇਂ ਗਦਰੀ ਇਨਕਲਾਬੀਆਂ ਵਿਚ ਜਾਤ ਤੇ ਧਰਮ-ਆਧਾਰਤ ਵੰਡ ਬਹੁਤੀ ਕਸਵੀਂ ਨਹੀਂ ਸੀ) ਪੰਜਾਬ ਦੇ ਇਸ ਵਰਗ ਦੀ ਮਾਣਸਕ ਬਣਤਰ ਤੇ ਨਸਲੀ ਖ਼ਮੀਰ ਵਿਚ ਉਹ ਸਾਰੇ ਭੂਗੋਲਕ, ਇਤਿਹਾਸਕ, ਆਰਥਕ, ਰਾਜਸੀ ਤੇ ਸਮਾਜਕ ਤੱਤ ਇਉਂ ਸ਼ਾਮਲ ਹਨ ਅਤੇ ਇੰਨੇ ਨਿਖਰ ਕੇ ਇਹ ਪਹਿਲੀ ਵਾਰ ਇਸ ਪੁਸਤਕ ਵਿਚ ਨਜ਼ਰ-ਗੋਚਰ ਹੋਏ ਹਨ ਕਿ ਪੰਜਾਬੀ-ਆਚਰਣ ਦਾ ਸ਼ੀਸ਼ਾ ਇਸ ਤੋਂ ਵਧ ਵਿਗਿਆਨਕ ਤੇ ਮੰਨਣਯੋਗ ਢੰਗ ਨਾਲ ਪੇਸ਼ ਕਰਨਾ ਲਗਭਗ ਅਸੰਭਵ ਹੈ। ਸ਼ੈਲੀ ਦਾ ਸੰਕੋਚ ਇੰਨੇ ਕਮਾਲ ਦਾ ਹੈ ਕਿ ਮਾਨੋ 'ਕੂਜ਼ੇ ਵਿਚ ਦਰਿਆ ਬੰਦ' ਕਰ ਦਿਤਾ ਗਿਆ ਹੈ। ਜਾਤੀਆਂ, ਨਸਲਾਂ, ਲਹਿਰਾਂ ਤੇ ਆਦਰਸ਼ਾਂ ਪ੍ਰਤੀ ਲੇਖਕ ਦੇ ਸੂਤਰੀਕਰਣਾਂ ਪੱਖੋਂ ਬਹੁਤ ਅਗੇਤਰੀ (1955 ਵਿਚ)* ਛਪੀ ਇਹ ਪੁਸਤਕ ਕਈ ਪੱਖਾਂ ਤੋਂ ਅਜੋਕੇ ਇਤਿਹਾਸ-ਪਾਠਕਾਂ ਦੇ ਕਪਾਟ ਖੋਲ੍ਹ ਦੇਣ ਦੀ ਸਮਰਥਾ ਨਾਲ ਭਰਪੂਰ ਹੈ। ਅਜਿਹੇ ਸੂਤਰੀਕਰਣਾਂ ਦੀ ਵਿਗਿਆਨਕਤਾ—ਇਤਿਹਾਸ਼ਕ-ਪਦਾਰਥਵਾਦੀ ਮਾਪ-ਦੰਡ—ਲਿਖਾਰੀ ਦੇ ਹੱਥਾਂ ਵਿਚ ਉਹ ਹਥਿਆਰ ਹੈ ਜੋ ਇਸ ਪੁਸਤਕ ਨੂੰ ਆਪਣੀ ਪ੍ਰਕਾਰ ਦੀਆਂ ਸਾਰੀਆਂ ਲਿਖਤਾਂ ਤੋਂ ਵਖਰਿਆਉਂਦਾ ਹੈ। ਪੁਸਤਕ ਦੇ ਮੁੱਢ ਵਿਚ ਹੀ ਪੰਜਾਬ ਦੇ ਕਿਸਾਨ ਦੇ ਸੁਭਾਉ-ਸਾਂਚੇ ਬਾਰੇ ਗੱਲ ਕਰਦਾ ਹੋਇਆ ਲੇਖਕ ਦਸਦਾ ਹੈ ਕਿ "ਕਿਸੇ ਲਹਿਰ ਨੂੰ ਸਮਝਣ ਖ਼ਾਤਰ ਉਸ ਵਿਚ ਹਿੱਸਾ ਲੈਣ ਵਾਲਿਆਂ ਦੇ ਸੁਭਾਉ ਅਤੇ ਆਚਰਣ ਨੂੰ ਜਾਣਨਾ ਜ਼ਰੂਰੀ ਹੈ, ਕਿਉਂਕਿ ਲਹਿਰ ਦੀ ਰੰਗਤ ਬਣਾਉਣ ਵਿਚ ਇਨ੍ਹਾਂ ਦਾ ਕਾਫ਼ੀ ਭਾਗ ਹੁੰਦਾ ਹੈ। ਸ਼੍ਰੇਣੀਆਂ ਅਥਵਾ ਜਾਤੀਆਂ ਦੇ ਸੁਭਾਉ ਅਤੇ ਆਚਾਰ ਸਬੱਬੀਂ ਨਹੀਂ ਬਣ ਜਾਂਦੇ। ਉਦਾਲੇ ਪੁਦਾਲੇ ਦੇ ਹਾਲਾਤ ਦੇ ਲੰਮੇ ਸਮੇਂ ਤਾਈਂ ਜਾਰੀ ਰਹਿਣ ਵਾਲੇ ਅਸਰ ਜਾਤੀਆਂ ਦੇ ਸੁਭਾਉ ਅਤੇ ਪ੍ਰਕਿਰਤੀ ਨੂੰ ਢਾਲਦੇ ਰਹਿੰਦੇ ਹਨ। ਨਾ ਹੀ ਇਹ ਸਿਲਸਿਲਾ ਇਕ-ਰੁਖਾ ਜਾਂ ਅਮੁੱਕ ਹੈ। ਹਾਲਾਤ ਦੇ ਬਦਲਣ ਨਾਲ ਸੁਭਾਉ ਅਤੇ ਆਚਰਣ ਵੀ ਹੌਲੀ ਹੌਲੀ ਬੇਮਲੂੰਮੇਂ ਬਦਲਨੇ ਸ਼ੁਰੂ ਹੋ ਜਾਂਦੇ ਹਨ।" ਸ਼ੈਲੀ ਦੇ ਸੰਕੋਚ ਤੇ ਸੰਖੇਪਤਾ ਦੀ ਮਿਸਾਲ ਇਸ ਤੋਂ ਵਧੀਆ ਹੋਰ ਕੀ ਹੋ ਸਕਦੀ ਹੈ? "ਪੇਂਡੂ ਆਰਥਕ ਬਣਤਰ ਦੀ ਕੁੰਜੀ ਜ਼ਮੀਨ ਦੀ ਵੰਡ ਅਤੇ ਜ਼ਮੀਨ ਨਾਲ ਸੰਬੰਧਿਤ ਹੱਕਾਂ ਦਾ ਵੇਰਵਾ ਹੈ।" ਇਤਿਹਾਸ ਨੂੰ ਭੌਤਿਕਵਾਦੀ ਦ੍ਰਿਸ਼ਟੀ ਤੋਂ ਵੇਖਣ ਦੀ ਇਕ ਹੋਰ ਮਿਸਾਲ ਦੇਖੋ: "ਇਸ ਲਿਖਤ ਦਾ ਇਹ ਭਾਵ ਨਹੀਂ ਕਿ ਨਸਲੀ ਲਿਹਾਜ਼ ਨਾਲ ਕੌਮਾਂ, ਫਿਰਕਿਆਂ ਅਥਵਾ ਕਬੀਲਿਆਂ ਦੇ ਆਚਾਰ ਵਿਚ



ਬੁਨਿਆਦੀ ਅਮਿੱਟ ਫ਼ਰਕ ਹੁੰਦੇ ਹਨ ਜਿਸ ਕਰ ਕੇ ਆਰੀਆ ਹਿੰਦ ਦੇ ਪੁਰਾਤਨ ਗੈਰ-ਆਰੀਆ ਵਸਨੀਕਾਂ ਨਾਲੋਂ, ਜਾਂ ਸਿਥੀਅਨ ਪਹਿਲੋਂ ਆਏ ਆਰੀਆਂ ਨਾਲੋਂ, ਬੁਨਿਆਦੀ ਤੌਰ ਉਤੇ ਵਧੀਆ ਸਨ। ਆਚਾਰ ਅਥਵਾ ਸੁਭਾਵਾਂ ਦੇ ਫਰਕ ਬਹੁਤ ਕਰਕੇ ਹਾਲਾਤ ਦੇ ਫਰਕਾਂ ਕਰਕੇ ਪੈਦਾ ਹੁੰਦੇ ਹਨ ਜੋ ਹਾਲਾਤ ਦੇ ਬਦਲਣ ਨਾਲ ਵਧਦੇ ਘਟਦੇ ਰਹਿੰਦੇ ਹਨ।"

ਗਦਰ ਪਾਰਟੀ ਲਹਿਰ ਦੇ ਮੋਢੀ ਛੋਟੇ ਪੰਜਾਬੀ ਕਿਸਾਨ ਦਾ ਕਬਾਇਲੀ ਪਿਛੋਕੜ ਦਰਸਾਂਦਿਆਂ ਲਿਖਾਰੀ ਇਸ ਸਿੱਟੇ 'ਤੇ ਪਹੁੰਚਦਾ ਹੈ ਕਿ "ਹਿੰਦੋਸਤਾਨ ਦੇ ਮਾਹੌਲ ਵਿਚ (ਜਿਥੇ ਕੁਲ ਅਥਵਾ ਜਾਤੀ ਦੇ ਦਰਜੇ ਨੂੰ ਬਹੁਤ ਵਧਾ ਕੇ ਮਹਾਨਤਾ ਦਿੱਤੀ ਜਾਂਦੀ ਰਹੀ ਹੈ ਅਤੇ ਇਸ ਕਰਕੇ ਰਵਾਇਤਾਂ ਨੂੰ ਲੋੜ ਅਨੁਸਾਰ ਘੜਿਆ ਅਤੇ ਮਰੋੜਿਆ ਜਾਂਦਾ ਰਿਹਾ ਹੈ) ਕੇਵਲ ਰਵਾਇਤਾਂ ਦੀ ਸ਼ਹਾਦਤ ਕਿਸੇ ਯਕੀਨੀ ਸਿੱਟੇ ਉਤੇ ਪੁੱਜਣ ਵਾਸਤੇ ਕਾਫੀ ਨਹੀਂ। ਭਰੋਸੇਯੋਗ ਸ਼ਹਾਦਤਾਂ ਸਰੀਰਕ ਨੁਹਾਰਾਂ ਦੀ ਸਾਇੰਸ, ਬੋਲੀ ਦੀ ਬਣਤਰ ਅਤੇ ਦੇਰ ਤਕ ਪ੍ਰਚੱਲਤ ਭਾਈਚਾਰਕ ਰਸਮੋ-ਰਵਾਜ ਹਨ। ਪਰ ਮੁਸ਼ਕਿਲ ਇਹ ਹੈ ਕਿ ਇਸ ਆਧਾਰ ਉਤੇ ਵੀ ਮਾਹਰਾਂ ਦੀ ਇਕ ਪੁਖ਼ਤਾ ਰਾਏ ਨਹੀਂ ਬਣ ਸਕੀ, ਭਾਵੇਂ ਸਮੁੱਚੇ ਤੌਰ ਉਤੇ ਵਧੇਰੇ ਪ੍ਰਮਾਣੀਕ ਵਿਚਾਰ ਇਹੋ ਹੈ ਕਿ ਪੰਜਾਬ, ਖਾਸ ਕਰ ਕੇਂਦਰੀ ਪੰਜਾਬ, ਦੇ ਜੱਟ ਸਿਥੀਅਨ ਨਸਲ ਦੇ ਹਨ, ਜਾਂ ਸਿਥੀਅਨ ਅਤੇ ਇਨ੍ਹਾਂ ਨਾਲ ਮਿਲਵੀਆਂ ਨਸਲਾਂ ਅਤੇ ਵੈਦਿਕ ਜ਼ਮਾਨੇ ਦੇ ਪੰਜਾਬ ਵਿਚ ਰਹਿ ਗਏ ਆਰੀਆਂ ਦੇ ਖ਼ੂਨ ਦੀ ਮਿਲਾਵਟ ਦਾ ਸਿੱਟਾ।" ਪੰਜਾਬੀ ਕਿਸਾਨ ਦੀ ਆਚਾਰ-ਬਣਤਰ ਨੂੰ ਸਮਝਣ ਲਈ ਪੇਂਡੂ ਆਰਥਕ ਤੇ ਸਮਾਜਕ ਹਾਲਾਤ ਨੂੰ ਗੌਹ ਨਾਲ ਵੇਖਣਾ ਜ਼ਰੂਰੀ ਹੈ ਤੇ ਇਸ "ਕਬਾਇਲੀ ਨਮੂਨੇ ਦੀ ਆਰਥਕ ਅਤੇ ਭਾਈਚਾਰਕ ਬਣਤਰ ਨੇ ਪੰਜਾਬੀ ਪੇਂਡੂ ਕਿਸਾਨ ਭਾਈਚਾਰੇ ਵਿਚਕਾਰ ਭਰਾਤਰੀ ਭਾਵ, ਆਜ਼ਾਦ ਤਬੀਅਤ ਅਤੇ ਬਰਾਬਰਤਾ ਦੀ ਜੋ ਸਪਿਰਟ ਸ਼ੁਰੂ ਤੋਂ ਲੈ ਕੇ ਮੌਜੂਦਾ ਜ਼ਮਾਨੇ ਤਕ ਕਾਇਮ ਰਖੀ ਹੈ, ਉਹ ਪੰਜਾਬੀ ਜੱਟ ਕਿਸਾਨ ਦੇ ਆਚਾਰ ਦਾ ਇਨਾਂ ਉਘੜਵਾਂ ਚਿੰਨ੍ਹ ਹੈ ਕਿ ਇਸ ਦਾ ਇਤਿਹਾਸ ਵਿਚ ਕਈ ਥਾਈਂ ਜ਼ਿਕਰ ਆਉਂਦਾ ਹੈ।" ਪੰਜਾਬੀ ਕਿਸਾਨ ਦੇ ਸਮਾਜਕ ਭਾਈਚਾਰੇ ਦੇ ਬ੍ਰਾਹਮਣ ਪੁਜਾਰੀਵਾਦ ਤੋਂ ਬਚੇ ਰਹਿਣ ਦਾ ਨਿਰਨਾ ਕਰਦਾ ਹੋਇਆ ਲਿਖਾਰੀ ਬ੍ਰਾਹਮਣ-ਪੁਜਾਰੀਵਾਦ ਨੂੰ ਅਤੀ ਸੰਖਿਪਤ ਢੰਗ ਨਾਲ ਇਸ ਤਰ੍ਹਾਂ ਬਿਆਨ ਕਰਦਾ ਹੈ, "ਹਿੰਦ ਦੇ ਸਭਿਆਚਾਰ ਦੇ ਇਕ ਪਹਿਲੂ (ਜਿਸ ਦੇ ਵੱਡੇ ਵੱਡੇ ਚਿੰਨ੍ਹ ਹਨ, ਜਾਤ-ਪਾਤ ਦੀ ਵੰਡ, ਛੂਤ-ਛਾਤ ਦੀਆਂ ਕੀਮਤਾਂ, ਪੁਜਾਰੀ ਜਮਾਤ ਦੀ ਧਾਰਮਕ ਅਤੇ ਸਮਾਜਕ ਵਿਸ਼ੇਸ਼ ਜੱਦੀ ਪਦਵੀ, ਅਤੇ ਇਨ੍ਹਾਂ ਸਾਰੀਆਂ ਗੱਲਾ ਨੂੰ ਪਰਪੱਕ ਕਰਨ ਖਾਤਰ ਘੜੀ ਗਈ ਵਿਚਾਰਧਾਰਾ) ਨੂੰ ਸਮੁੱਚੇ ਹਿੰਦ ਦੇ ਸਭਿਆਚਾਰ ਨਾਲੋਂ ਨਿਖੇੜਨ ਖਾਤਰ ਸੁਖੇਨਤਾ ਲਈ ਬ੍ਰਾਹਮਣ ਪੁਜਾਰੀਵਾਦ ਦਾ ਨਾਮ ਦਿੱਤਾ ਗਿਆ ਹੈ।" ਅੱਗੇ ਚੱਲ ਕੇ ਇਸੇ ਬ੍ਰਾਹਮਣਵਾਦ ਬਾਰੇ ਇਉਂ ਸੂਤਰੀਕਰਣ ਦਿੱਤਾ ਗਿਆ ਹੈ, "ਉਪਰੋਕਤ ਵਿਚਾਰਾਂ ਨੂੰ ਸਾਹਮਣੇ ਰਖਿਆਂ ਇਸੇ ਸਿੱਟੇ ਉਤੇ ਪੁੱਜਣਾ ਪੈਂਦਾ ਹੈ ਕਿ ਅਮਲੀ ਵਰਤੋਂ ਵਿਚ ਬ੍ਰਾਹਮਣ ਪੁਜਾਰੀਵਾਦ ਕਈ ਜੱਦੀ ਜਮਾਤਾਂ (ਆਰੀਆ ਹਾਕਮ ਅਤੇ ਬ੍ਰਾਹਮਣ ਸ਼੍ਰੇਣੀ) ਦੇ ਰਾਜਸੀ ਗਲਬੇ ਅਤੇ ਆਰਥਕ ਲੁਟ-ਖਸੁੱਟ ਨੂੰ ਕਾਇਮ ਰਖਣ ਦਾ ਕਾਰਗਰ ਵਸੀਲਾ ਬਣ ਗਿਆ। ਇਸੇ ਮਕਸਦ ਨੂੰ ਪੁਖ਼ਤਾਈ ਦੇਣ ਵਾਲੀ ਬ੍ਰਾਹਮਣ ਪੁਜਾਰੀਵਾਦ ਨੇ ਘੱਟੋ ਘੱਟ ਆਮ ਜਨਤਕ ਪੱਧਰ ਵਾਸਤੇ, ਐਸੀ ਵਿਚਾਰਧਾਰਾ ਘੜ ਲਈ ਜਿਸ ਵਿਚ ਇਨਸਾਨੀ ਫਿਤਰਤ ਵਿਚ ਡਰ ਅਤੇ ਵਹਿਮ ਦਾ ਜੋ ਅੰਸ਼ ਹੈ ਦਾ ਫਾਇਦਾ ਉਠਾਇਆ ਗਿਆ।" ਅਜਿਹੇ ਨਿਰਣੇ ਨਿਰਸੰਦੇਹ ਲਿਖਾਰੀ ਦੇ ਇਤਿਹਾਸਕ-ਭੌਤਿਕਵਾਦੀ ਦ੍ਰਿਸ਼ਟੀ ਤੋਂ ਪ੍ਰੇਰਿਤ ਹੋਣ ਦੇ ਸੂਚਕ ਹਨ।

ਇਸੇ ਤਰ੍ਹਾਂ ਪੰਜਾਬ ਵਿਚ ਪ੍ਰਚਲਤ ਧਰਮਾਂ ਦੀ ਪੰਜਾਬੀਆਂ 'ਤੇ ਪਈ ਮੋਹਰ-ਛਾਪ ਦਾ ਜ਼ਿਕਰ

ਇਸ ਤਰ੍ਹਾਂ ਆਉਂਦਾ ਹੈ : "ਇਸਲਾਮ ਅਤੇ ਸਿੱਖ ਧਰਮ ਨੇ ਪੰਜਾਬੀ ਕਿਸਾਨ ਵਿਚ ਜੇ ਕੋਈ ਭਾਈਚਾਰਕ ਇਨਕਲਾਬ ਦਾ ਆਦਰਸ਼ਕ ਹੁਲਾਰਾ ਲਿਆਂਦਾ ਵੀ, ਤਾਂ ਉਸ ਦਾ ਅਸਰ ਬਹੁਤ ਦੇਰ ਕਾਇਮ ਰਹਿਣ ਵਾਲਾ ਅਤੇ ਡੂੰਘਾ ਸਾਬਤ ਨਾ ਹੋਇਆ। ਜਦ ਆਰਥਕ ਅਤੇ ਭਾਈਚਾਰਕ ਬਣਤਰ ਉਚ-ਖਿਆਲੀ (idealism) ਦੇ ਨਾਲ ਢੁਕਵੀਂ ਨਾ ਹੋਵੇ, ਤਾਂ ਨਿਰੀ ਉਚ-ਖਿਆਲੀ, ਕੁਝ ਵਿਅਕਤੀਆਂ ਨੂੰ ਛੱਡ ਕੇ, ਆਮ ਜਨਤਾ ਵਾਸਤੇ ਕੁਝ ਦੇਰ ਪਿਛੋਂ ਹਵਾਈ ਗੱਲ ਬਣ ਕੇ ਰਹਿ ਜਾਂਦੀ ਹੈ। ਕਿਉਂਕਿ ਜ਼ਮੀਨ ਦੇ ਮਾਲਕ ਜੱਟ ਕਿਸਾਨ ਹੀ ਰਹੇ, ਇਸ ਕਰਕੇ ਪਿੰਡ 'ਚ ਆਰਥਕ ਵਿਤਕਰੇ ਮੁੜ ਭਾਈਚਾਰਕ ਵਿਤਕਰਿਆਂ ਵਿਚ ਪੱਕੇ ਹੋ ਗਏ ਅਤੇ ਦਬਾਈਆਂ ਹੋਈਆਂ ਜਾਤੀਆਂ ਦਬੀਆਂ ਹੀ ਰਹੀਆਂ।"

ਲਹਿਰ ਦੇ ਮੋਢੀਆਂ ਦੇ ਇਤਿਹਾਸਕ ਪਿਛੋਕੜ ਬਾਰੇ ਉਹ ਆਪਣੀ ਨਿਰਣਾਜਨਕ ਰਾਏ ਦਿੰਦਾ ਹੋਇਆ ਕਹਿੰਦਾ ਹੈ, "ਕੇਂਦਰੀ ਪੰਜਾਬ ਦੇ ਕਿਸਾਨਾਂ ਦੀ ਜਮਹੂਰੀ ਸਪਿਰਟ ਮੁਸਲਮਾਨਾਂ ਦੇ ਰਾਜ ਨੇ ਖਤਮ ਨਹੀਂ ਸੀ ਕਰ ਦਿੱਤੀ। ਇਹ ਇਸ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਸਿੱਖ ਮਿਸਲਾਂ ਦੀ ਬਣਤਰ ਜਮਹੂਰੀ ਨਮੂਨੇ ਦੀ ਸੀ। ਰਣਜੀਤ ਸਿੰਘ ਤੋਂ ਪਿਛੋਂ ਖਾਲਸਾ ਫ਼ੌਜ ਵਿਚ ਫਿਰ ਪੰਚਾਇਤੀ ਕਮੇਟੀਆਂ ਦਾ ਜ਼ੋਰ ਪੈ ਗਿਆ। ਇਹ ਸਭ ਗੱਲਾਂ ਜ਼ਾਹਰ ਕਰਦੀਆਂ ਹਨ ਕਿ ਪੰਜਾਬੀ ਕਿਸਾਨ ਨੇ ਆਪਣੀਆਂ ਕਬਾਇਲੀ ਰਵਾਇਤਾਂ ਵਿਚ ਜੋ ਆਜ਼ਾਦੀ ਦੀ ਅਤੇ ਪੰਚਾਇਤੀ ਸਪਿਰਟ ਵਿਰਸੇ ਵਿਚ ਲਈ, ਉਹ ਇਤਨੀ ਜ਼ਬਰਦਸਤ ਸੀ ਕਿ ਨਾ-ਮੁਆਫ਼ਕ ਹਾਲਾਤ ਵਿਚ ਦੱਬੇ ਜਾਣ ਪਿਛੋਂ ਮੁੜ ਮੁੜ ਸੁਰਜੀਤ ਹੁੰਦੀ ਰਹੀ।"..."ਪਰ ਪੰਜਾਬੀ ਕਿਸਾਨ ਨੂੰ ਜੋ ਸਭ ਤੋਂ ਅਹਿਮ ਅਤੇ ਅਨੋਖਾ ਇਤਿਹਾਸਕ ਤਜਰਬਾ ਹੋਇਆ, ਉਹ ਉਸ ਦਾ ਮੁਗ਼ਲੀਆ ਰਾਜ ਵਿਰੁਧ ਸਿੱਖਾਂ ਦੀ ਰਾਜਸੀ ਇਨਕਲਾਬੀ ਜਦੋ-ਜਹਿਦ ਵਿਚ ਹਿੱਸਾ ਲੈਣਾ ਸੀ, ਕਿਉਂਕਿ ਇਸ ਨੇ ਉਸ ਦੇ ਆਚਾਰ ਦੇ ਕਈ ਇਕ ਲੁਕੇ ਹੋਏ ਪਹਿਲੂਆਂ ਨੂੰ ਪਹਿਲੀ ਵੇਰ ਪ੍ਰਗਟਾਇਆ। ਸਿੱਖ ਬਹੁਤੇ ਬਣਦੇ ਹੀ ਉਨ੍ਹਾਂ ਪੇਂਡੂਆਂ ਵਿਚੋਂ ਸਨ ਜੋ ਮੁਗ਼ਲੀਆ ਰਾਜ ਦੇ ਜ਼ੁਲਮਾਂ ਵਿਰੁਧ ਖੜੇ ਹੁੰਦੇ।"

ਲਿਖਾਰੀ ਦਾ ਸਿੱਖ ਲਹਿਰ ਦੇ ਆਸ਼ਿਆਂ ਤੇ ਉਦੇਸ਼ਾਂ ਦਾ ਵਿਸ਼ਲੇਸ਼ਣ ਇਕ ਦਮ ਮੌਲਿਕ, ਸੱਜਰਾ ਤੇ ਇਤਿਹਾਸਕ-ਭੌਤਿਕਵਾਦੀ (ਵਿਗਿਆਨਕ) ਹੈ। "ਸਿੱਖ ਇਨਕਲਾਬੀ ਅੰਦੋਲਨ ਵਿਚ ਹਿੱਸਾ ਲੈਣ ਨੇ ਕੇਂਦਰੀ ਪੰਜਾਬ ਦੇ ਕਿਸਾਨ ਦੀ ਸੁੱਤੀ ਹੋਈ ਰਾਜਸੀ ਇਨਕਲਾਬੀ ਕਲਾ ਨੂੰ ਪਹਿਲੀ ਵੇਰ ਜਗਾਇਆ ਅਤੇ ਇਹ ਪ੍ਰਗਟ ਕੀਤਾ ਕਿ ਉਹ ਕਬਾਇਲੀ ਪੱਧਰ ਤੋਂ ਉਚੇਰੇ ਸਮਾਜਕ ਨਿਸ਼ਾਨਿਆਂ ਲਈ ਕਿਤਨੀ ਕੁਰਬਾਨੀ ਕਰ ਸਕਦਾ ਹੈ। ਇਸ ਨੇ ਉਸ ਦੀ ਨਾ-ਸਾਧੀ ਹੋਈ ਦਲੇਰੀ ਨੂੰ ਸਾਧਿਆ, ਅਤੇ ਸਾਬਤ ਕੀਤਾ ਕਿ ਜਦ ਕਿਸੇ ਇਨਕਲਾਬੀ ਆਦਰਸ਼ ਦੀ ਉਸ ਨੂੰ ਸੱਚ ਮੁੱਚ ਪਕੜ ਹੋ ਜਾਵੇ, ਤਾਂ ਉਹ ਕਠਿਨ ਤੋਂ ਕਠਿਨ ਔਕੜਾਂ ਵਿਚ ਇਰਾਦੇ ਦੀ ਕਿਤਨੀ ਦ੍ਰਿੜਤਾ ਅਤੇ ਪਕਿਆਈ ਵਿਖਾ ਸਕਦਾ ਹੈ, ਅਤੇ ਸਾਲਾਂ-ਬੱਧੀ ਤਸੀਹੇ ਅਤੇ ਮੁਸੀਬਤਾਂ ਝੱਲਣ ਅਤੇ ਢਹਿੰਦੀਆਂ ਕਲਾਂ ਵਾਲੇ ਹਾਲਾਤ ਵਿਚੋਂ ਲੰਘਣ ਦੇ ਬਾਵਜੂਦ ਸਮਝੌਤਾ ਕੀਤੇ ਬਗੈਰ ਕਿਸ ਤਰ੍ਹਾਂ ਆਪਣੇ ਨਿਸ਼ਾਨੇ ਵੱਲ ਅਡੋਲ ਤੁਰੀ ਜਾ ਸਕਦਾ ਹੈ। ਸਿੱਖਾਂ ਦੀ ਇਨਕਲਾਬੀ ਜਦੋ-ਜਹਿਦ ਦੀ ਤਾਕਤ ਦਾ ਰਾਜ਼ ਜਨਤਾ ਦੇ ਉਸ ਇਨਕਲਾਬੀ ਜੋਸ਼ ਵਿਚ ਸੀ, ਜੋ ਭਾਈਚਾਰਕ ਬੇਇਨਸਾਫ਼ੀ ਅਤੇ ਇਕ ਜਾਤੀ ਦੇ ਰਾਜਸੀ ਗਲਬੇ ਦੇ ਖਿਲਾਫ਼ ਹਿੰਦ ਵਿਚ ਪਹਿਲੀ ਵਾਰ ਭਾਈਚਾਰਕ ਬੰਧਨਾਂ ਨੂੰ ਤੋੜ ਕੇ ਵੱਖੋ ਵੱਖ ਜਾਤੀਆਂ ਦੇ ਇਕੱਠ-ਨਾਲ ਪੈਦਾ ਹੋਇਆ। ਇਸੇ ਤਰ੍ਹਾਂ ਪੱਛਮ ਵਿਚ ਆਏ ਸਨਅਤੀ ਇਨਕਲਾਬ ਦੇ ਹਿੰਦੀਆਂ, ਤੇ ਖਾਸ ਕਰ ਪੰਜਾਬ ਦੇ ਕਿਸਾਨਾਂ 'ਤੇ ਪਏ ਦੂਰ-ਰਸ ਪ੍ਰਭਾਵਾਂ ਦਾ



ਵਿਗਿਆਨਕ ਸੂਤਰੀਕਰਣ ਪੇਸ਼ ਕਰਦਾ ਹੋਇਆ ਲੇਖਕ ਦਸਦਾ ਹੈ ਕਿ "ਅੰਗਰੇਜ਼ੀ ਰਾਜ ਆਉਣ ਨਾਲ, ਸਾਰੇ ਹਿੰਦੁਸਤਾਨ ਵਾਂਗੂ, ਕੇਂਦਰੀ ਪੰਜਾਬ ਦੇ ਕਿਸਾਨ ਦੇ ਇਤਿਹਾਸ ਦਾ ਇਕ ਬਿਲਕੁਲ ਨਵਾਂ ਦੌਰ ਸ਼ੁਰੂ ਹੋ ਗਿਆ। ਪਹਿਲਾਂ ਹੋ ਚੁਕੀਆਂ ਰਾਜ-ਤਬਦੀਲੀਆਂ ਵਾਂਗੂੰ ਇਹ ਕੇਵਲ ਇਕ ਨਵੇਂ ਘਰਾਣੇ, ਕਬੀਲੇ, ਜਾਂ ਜਾਤੀ ਦਾ ਰਾਜ ਆਰੰਭ ਨਹੀਂ ਸੀ ਹੋਇਆ, ਬਲਕਿ ਇਸ ਨੇ ਕੇਂਦਰੀ ਪੰਜਾਬ ਦੇ ਕਿਸਾਨ ਨੂੰ ਇਕ ਨਵੀਨ ਆਰਥਕ ਪ੍ਰਬੰਧ ਅਤੇ ਉਸ ਤੋਂ ਉਪਜੀਆਂ ਡੂੰਘੀਆਂ ਲਹਿਰਾਂ ਅਤੇ ਅਸਰਾਂ ਨਾਲ ਜੋੜ ਦਿੱਤਾ। ਸਨਅਤੀ ਇਨਕਲਾਬ ਅਤੇ ਇਸ ਨਾਲ ਸੰਬੰਧਤ ਸਰਮਾਏਦਾਰੀ ਪਰਬੰਧ ਪਹਿਲੋਂ ਪੱਛਮੀ ਯੂਰਪ ਵਿਚ ਆਰੰਭ ਹੋਇਆ ਅਤੇ ਇੰਗਲਸਤਾਨ ਸ਼ੁਰੂ ਵਿਚ ਇਸ ਦਾ ਸਭ ਤੋਂ ਵੱਡਾ ਕੇਂਦਰ ਬਣਿਆ। ਮਸ਼ੀਨੀ ਇਨਕਲਾਬ ਅਤੇ ਸਰਮਾਏਦਾਰੀ ਪਰਬੰਧ ਤੋਂ ਹੀ ਕੌਮੀਅਤ ਦਾ ਜਜ਼ਬਾ ਅਤੇ ਜ਼ਿੰਦਗੀ ਦੀਆਂ ਉਹ ਕੀਮਤਾਂ ਅਤੇ ਸਭਿਆਚਾਰ ਪੈਦਾ ਹੋਇਆ, ਜਿਸ ਨੂੰ ਠੁਲ੍ਹੇ ਲਫ਼ਜ਼ਾਂ ਵਿਚ ਪੱਛਮੀ ਸਭਿਆਚਾਰ ਦਾ ਨਾਮ ਦਿੱਤਾ ਜਾਂਦਾ ਹੈ।"

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪਹਿਲੇ ਕਾਂਡ ਵਿਚ ਪੰਜਾਬੀ ਮਾਲਕ-ਕਿਸਾਨ ਦੀ ਵਿਸ਼ੇਸ਼ ਮਾਨਸਿਕ ਬਣਤਰ ਪਿੱਛੇ ਕੰਮ ਕਰਦੇ ਭੂਗੋਲਕ, ਨਸਲੀ, ਧਾਰਮਕ, ਭਾਈਚਾਰਕ, ਆਰਥਕ ਅਤੇ ਰਾਜਸੀ ਕਾਰਨਾਂ ਤੇ ਉਨ੍ਹਾਂ ਪ੍ਰਤੀ ਲਿਖਾਰੀ ਦੇ ਵਿਗਿਆਨਕ ਵਿਸ਼ਲੇਸ਼ਣਾਤਮਕ ਦ੍ਰਿਸ਼ਟੀਕੋਣ ਸਦਕਾ ਕੀਤੇ ਸੂਤਰੀਕਰਣਾਂ ਕਾਰਨ ਜਿਥੇ ਇਕ ਪੱਖੋਂ ਇਹ ਕਾਂਡ ਸੂਤਰ ਰੂਪ (pithy) ਹੈ ਉਥੇ ਦੂਜੇ ਪਖੋਂ ਗਿਆਨ ਪਰਦਾਨ ਕਰਨ ਵਿਚ (encyclopaedic) ਵੀ। ਅਜਿਹੀ ਖੋਜ ਤੇ ਨਿਰਨੇ ਜ਼ਿੰਦਗੀ ਨੂੰ ਠੀਕ ਪ੍ਰਸੰਗ ਵਿਚ ਸਮਝਣ ਦੀ ਸੁਹਿਰਦ ਲਗਨ ਦਾ ਹੀ ਸਿੱਟਾ ਹੋ ਸਕਦੇ ਹਨ ਅਤੇ ਇਹ ਸਪਿਰਟ ਕਿਸੇ ਵੀ ਨਿਰਪੱਖ ਇਤਿਹਾਸ-ਖੋਜੀ ਦੀ ਸ਼ਖਸੀਅਤ ਦਾ ਅਨਿਖੜਵਾਂ ਅੰਗ ਹੋਣੀ ਚਾਹੀਦੀ ਹੈ। ਲਿਖਾਰੀ ਦੇ ਹੱਥਾਂ ਵਿਚ ਪਜਾਬੀ ਬੋਲੀ ਕਿੰਨੇ ਸੰਖਿਪਤ ਰੂਪ ਵਿਚ ਭਾਵ-ਪੂਰਤ ਸ਼ਬਦਾਂ ਰਾਹੀਂ ਕੀ ਕੁਝ ਦਰਸਾਣ ਦੀ ਸਮਰਥਾ ਰਖਦੀ ਪ੍ਰਤੀਤ ਹੁੰਦੀ ਹੈ ਇਸ ਦਾ ਕਾਫ਼ੀ ਅੰਦਾਜ਼ਾ ਇਸ ਛੋਟੀ ਜਿਹੀ ਉਦਾਹਰਣ ਤੋਂ ਹੀ ਲਗ ਜਾਂਦਾ ਹੈ। "ਪੇਂਡੂ ਆਰਥਕ ਬਣਤਰ ਦੀ ਕੁੰਜੀ ਜ਼ਮੀਨ ਦੀ ਵੰਡ ਅਤੇ ਜ਼ਮੀਨ ਨਾਲ ਸੰਬੰਧਤ ਹੱਕਾਂ ਦਾ ਵੇਰਵਾ ਹੈ।"

ਪੰਜਾਬੀ ਕਿਸਾਨ ਦਾ ਮਨ-ਚਲਾ ਸੁਭਾ, ਜਾਨ ਨੂੰ ਜੋਖਮ ਵਿਚ ਪਾਉਣ ਦਾ ਉਸ ਦਾ ਸਾਹਸ, ਆਰਥਕ ਸੰਕਟ ਤੇ ਜ਼ਮੀਨਾਂ ਦਾ ਪੰਜਾਬ ਦੀ ਵਿਓਪਾਰੀ ਸ਼੍ਰੇਣੀ ਹੱਥ ਰਹਿਣ ਪੈਣਾ, ਕੁਝ ਇਕ ਅਜਿਹੇ ਕਾਰਨ ਸਨ ਜਿਨ੍ਹਾਂ ਸਦਕਾ ਕੇਂਦਰੀ ਪਜਾਬ ਦਾ ਕਿਸਾਨ ਬਦੇਸ਼ਾਂ ਨੂੰ ਜਾਣ ਲਈ ਮਜਬੂਰ ਹੋਇਆ। ਪਰ ਥੋੜੇ ਹੀ ਚਿਰ ਵਿਚ ਜਦੋਂ ਉਹ ਮਾਲਾ-ਮਾਲ ਹੋ ਗਿਆ ਤਾਂ ਪੈਸੇ ਲਈ ਲਾਲਸਾ ਉਸ ਦੇ ਮਨ ਵਿਚ ਘਟ ਗਈ ਤੇ ਉਸ ਦੀ ਅਣਖ ਨੇ ਉਸ ਅੰਦਰ ਸੁਤੀਆਂ ਇਨਕਲਾਬੀ ਰੁਚੀਆਂ ਨੂੰ ਟੁੰਬਿਆ ਤੇ ਉਹ ਰਾਸ਼ਟਰਵਾਦ ਦੇ ਆਦਰਸ਼ ਨਾਲ ਝੰਜੋੜਿਆ ਗਿਆ। ਬਦੇਸ਼ਾਂ ਵਿਚ ਉਸ ਨਾਲ ਹੁੰਦੇ ਨਸਲੀ ਵਿਤਕਰੇ ਤੇ ਪਰਤੰਤਰ ਹੋਣ ਦੇ ਨਤੀਜਿਆਂ ਵਜੋਂ ਭੁਗਤੇ ਜਾਂਦੇ ਸਿੱਟਿਆਂ ਨੇ ਉਸ ਦੀ ਆਤਮਾ ਨੂੰ ਕੁਝ ਕਰ-ਗੁਜ਼ਰਨ ਲਈ ਵੰਗਾਰਿਆ। "ਅਮਰੀਕਾ ਅਤੇ ਕਨੇਡਾ ਗਏ ਹਿੰਦੀਆਂ ਨੂੰ ਸਭ ਤੋਂ ਵੱਧ ਚੁਭਦੀਆਂ ਅਤੇ ਦੁਖਦੀਆਂ, ਉਹ ਠੋਕਰਾਂ ਸਨ ਜੋ ਉਨ੍ਹਾਂ ਦੀ ਗੁਲਾਮੀ ਬਾਰੇ ਉਨ੍ਹਾਂ ਨੂੰ ਹੋਟਲਾਂ, ਬੱਸਾਂ, ਟਰਾਮਾਂ ਅਤੇ ਸਿਨੇਮਾ-ਹਾਲਾਂ ਆਦਿ ਵਿਚ ਨਿਤਾਪ੍ਰਤੀ ਮਾਰੀਆਂ ਜਾਂਦੀਆਂ, ਅਤੇ ਜਿਨ੍ਹਾਂ ਦੀ ਹਕੀਕਤ ਤੋਂ ਉਹ ਇਨਕਾਰ ਨਹੀਂ ਸਨ ਕਰ ਸਕਦੇ। ਹਿੰਦੀਆਂ ਨੂੰ ਅਕਸਰ ਪੁਛਿਆ ਜਾਂਦਾ ਕਿ ਹਿਦੁਸਤਾਨ ਦੀ ਆਬਾਦੀ ਕਿਤਨੀ ਹੈ ? ਜਵਾਬ ਦੇਣ ਉਤੇ ਕਿ 30 ਕਰੋੜ, ਇਹ ਪੁਛਿਆ ਜਾਂਦਾ ਕਿ ਹਿੰਦ ਵਿਚ ਅੰਗਰੇਜ਼ਾਂ ਦੀ ਗਿਣਤੀ ? ਇਹ ਦੱਸਣ ਉਤੇ ਕਿ ਸਵਾ ਲੱਖ ਦੇ

ਕਰੀਬ, ਅਮਰੀਕਨ ਤਾਅਨਾ ਮਾਰਦ ਕਿ ਤੁਸੀਂ ਭੇਡਾਂ ਹੋ ਜਾਂ ਆਦਮੀ ?'' ''ਭਾਈ ਪਰਮਾਨੰਦ ਲਿਖਦੇ ਹਨ ਕਿ ਉਨ੍ਹਾਂ ਸ੍ਰੀ ਕਰਤਾਰ ਸਿੰਘ 'ਸਰਾਭਾ' ਨੂੰ ਪੁੱਛਿਆ ਕਿ ਉਸ ਨੇ ਦੇਸ਼ ਆ ਕੇ ਕੀ ਖੱਟਿਆ ? ਅਮਰੀਕਾ ਵਿਚ ਉਹ ਆਰਾਮ ਅਤੇ ਖ਼ੁਸ਼ੀ ਦੀ ਜ਼ਿੰਦਗੀ ਗੁਜ਼ਾਰ ਰਿਹਾ ਸੀ, ਪਰ ਹੁਣ ਜੇਲ੍ਹ ਵਿਚ ਸੜ ਰਿਹਾ ਸੀ। ਕਰਤਾਰ ਸਿੰਘ ਨੇ ਇਕਦਮ ਜਵਾਬ ਦਿੱਤਾ ਕਿ ਅਮਰੀਕਾ ਵਿਚ ਵੀ ਉਸ ਲਈ ਜ਼ਿੰਦਗੀ ਬੋਝਲ ਸੀ, ਅਤੇ ਜਦੋਂ ਅਮਰੀਕਨ ਕੁਬਚਨ ਬੋਲਿਆ ਕਰਦੇ ਸਨ ਤਾਂ ਉਸ ਦਾ ਦਿਲ ਸੜ ਜਾਂਦਾ ਸੀ। ਮੈਂ ਅਸਲ ਵਿਚ ਮਰ ਜਾਣਾ ਚਾਹੁੰਦਾ ਸਾਂ, ਅਤੇ ਇਥੇ ਮਰਨ ਆਇਆ ਹਾਂ।''...''ਸ੍ਰੀ ਕਰਤਾਰ ਸਿੰਘ 'ਸਰਾਭਾ' ਦੇ ਡੂੰਘੇ ਮਨ ਵਿਚੋਂ ਸਵੇਰੇ ਜਾਗਦੇ ਸਾਰ ਸਭ ਤੋਂ ਪਹਿਲਾਂ ਆਪ ਮੁਹਾਰੇ ਇਹ ਸ਼ਬਦ ਨਿਕਲਦੇ ਕਿ 'ਮਾਰੋ ਫਰੰਗੀ।' ।''

ਨਸਲੀ ਤੁਅੱਸਬ ਦੀ ਜੰਮਣ ਭੋਂ ਬਾਰੇ ਲੇਖਕ ਦਾ ਨਿਰਨਾ ਕਿਨਾ ਵਿਗਿਆਨਕ ਹੈ : ''ਪਰ ਹਿੰਦੀ ਕਾਮਿਆਂ ਦੀ ਕੌਮੀ ਅਣਖ ਨੂੰ ਟੁੰਬਣ ਅਤੇ ਤਿਖਿਆਂ ਕਰਨ ਦੀ ਤਹਿ ਵਿਚ ਸਭ ਤੋਂ ਵੱਡਾ ਕਾਰਨ ਕਨੇਡਾ ਦੇ ਗੋਰਿਆਂ ਵਿਚ ਏਸ਼ਿਆਈਆਂ ਵਿਰੁਧ ਨਸਲ ਅਤੇ ਚਮੜੀ ਦੀ ਰੰਗਤ ਦੇ ਫਰਕਾਂ ਦੇ ਕਾਰਨ ਵਿਤਕਰਾ ਅਤੇ ਨਫ਼ਰਤ ਸੀ। ਤਅੱਸਬ ਓਪਰੇਪਨ ਤੋਂ ਵੀ ਪੈਦਾ ਹੋ ਜਾਂਦਾ ਹੈ, ਪਰ ਇਸ ਦੀਆਂ ਜੜ੍ਹਾਂ ਪੱਕੀਆਂ ਤਾਂ ਹੀ ਹੁੰਦੀਆਂ ਹਨ ਜਦ ਇਸ ਦੀ ਤਹਿ ਵਿਚ ਡੂੰਘੇ ਨਸਲੀ, ਸਮਾਜਕ, ਆਰਥਕ ਅਥਵਾ ਰਾਜਸੀ ਹਿੱਤਾਂ ਦੇ ਟਕਰਾਉ ਕੰਮ ਕਰ ਰਹੇ ਹੋਣ।'' ਕਨੇਡਾ ਵਿਚ ਨਸਲੀ ਵਿਤਕਰੇ ਤੋਂ ਮਜਬੂਰ ਪੰਜਾਬੀ ਕਿਸਾਨ ਨੇ ਆਪਣੀ ਕਾਰਗੁਜ਼ਾਰੀ ਦਾ ਕੇਂਦਰ ਅਮਰੀਕਾ ਨੂੰ ਬਣਾਉਣਾ ਹੀ ਬੇਹਤਰ ਸਮਝਿਆ। ਉਹ 1776 ਦੇ ਅਮਰੀਕਨ ਆਜ਼ਾਦੀ ਦੇ 'ਲੋਕਤੰਤਰਤਾ-ਭਰਾਤਰੀਭਾਵ-ਬਰਾਬਰੀ' ਨਾਅਰੇ ਤੋਂ ਹੁਣ ਤਕ ਪ੍ਰਭਾਵਿਤ ਚਲੇ ਆ ਰਹੇ ਅਮਰੀਕਨ ਲੋਕ-ਮਨਾਂ ਵਿਚ ਪਰਤੰਤਰ ਹਿੰਦੀਆਂ ਲਈ ਨਿੱਘੀ ਥਾਂ ਰਖਦਾ ਸੀ। ਇਸ ਲਈ ਗਦਰ ਪਾਰਟੀ ਦਾ ਕੇਂਦਰ ਕਨੇਡਾ ਨਹੀਂ, ਅਮਰੀਕਾ (ਸਾਨਫਰਾਂਸਿਸਕੋ) ਹੀ ਬਣਿਆ। ਇਥੇ ਹੀ ਪੰਜਾਬੀ-ਕਿਸਾਨ ਦਾ ਮੇਲ ਕੁਝ ਆਇਰਸ਼ ਦੇਸ਼ ਭਗਤਾਂ ਤੇ ਅੰਗਰੇਜ਼-ਦੁਸ਼ਮਨ ਜਰਮਨਾਂ ਨਾਲ ਹੋਇਆ। ਭਾਵੇਂ ਸ੍ਰ: ਭਗਵਾਨ ਸਿੰਘ ਕਨੇਡਾ ਵਿਚ ਤੇ ਲਾਲਾ ਹਰਦਿਆਲ (ਸਾਨਫ਼ਰਾਸਿਸਕੋ) ਅਮਰੀਕਾ ਵਿਚ ਹਿੰਦੀਆਂ ਨੂੰ ਇਨਕਲਾਬੀ ਜਾਗ ਲਾਉਣ ਦੇ ਸਾਧਨ-ਮਾਤਰ ਸਿੱਧ ਹੋਏ ਪਰ ਅਸਲੋਂ ਕਨੇਡਾ ਤੇ ਅਮਰੀਕਾ ਦੇ ਹਾਲਾਤ ਦੇ ਹੀ ਉਥੇ ਗਏ ਹਿੰਦੀਆਂ ਉਤੇ ਪਏ ਪ੍ਰਭਾਵਾਂ ਦੇ ਪ੍ਰਤੀਕਰਮ ਵਜੋਂ ਗਦਰ ਪਾਰਟੀ ਹੋਂਦ ਵਿਚ ਆਈ।

ਲਹਿਰਾਂ ਵਿਚ ਹਾਲਾਤ ਤੇ ਵਿਅਕਤੀਆਂ ਦੇ ਰੋਲ ਬਾਰੇ ਲੇਖਕ ਦਾ ਨਿਰਨਾ ਇਤਿਹਾਸਕ-ਭੌਤਿਕਵਾਦੀ ਦ੍ਰਿਸ਼ਟੀ ਦਾ ਲਖਾਇਕ ਹੈ। ''ਕਨੇਡਾ ਦੇ ਹਾਲਾਤ ਦੇ ਬਰਖਿਲਾਫ਼ ਉਥੇ ਗਏ ਹਿੰਦੀਆਂ ਦਾ ਇਨਕਲਾਬੀ ਪ੍ਰਤੀਕਰਮ, ਪੰਜਾਬੀ ਕਿਸਾਨ ਦੇ ਸੁਭਾਉ ਅਤੇ ਰੁਚੀਆਂ ਦਾ ਸੁਭਾਵਕ ਪ੍ਰਤੀਕਰਮ ਸੀ, ਨਾ ਕਿ ਸ੍ਰੀ ਭਗਵਾਨ ਸਿੰਘ ਵਲੋਂ ਪੈਦਾ ਕੀਤੇ ਗਏ ਆਰਜ਼ੀ ਜੋਸ਼ ਦੇ ਕਾਰਨ। ਪਰ ਕਈ ਵੇਰੀਂ ਕਈ ਵਾਕਿਆਤ ਜਾਂ ਵਿਅਕਤੀ ਕਿਸੇ ਵਿਸ਼ੇਸ਼ਤਾ ਕਾਰਨ, ਲਹਿਰਾਂ ਦੇ ਚੜ੍ਹਾ ਨੂੰ ਪ੍ਰਗਟਾਉਣ ਦਾ ਸਬੱਬ ਅਤੇ ਚਿੰਨ੍ਹ ਬਣ ਜਾਂਦੇ ਹਨ। ਸ੍ਰੀ ਭਗਵਾਨ ਸਿੰਘ ਦੀ ਕਨੇਡਾ ਵਿਚ ਤਿੰਨ ਮਹੀਨੇ ਦੀ ਫੇਰੀ, ਕਨੇਡਾ ਦੇ ਹਿੰਦੀਆਂ ਦੀ ਜਦੋ-ਜਹਿਦ ਨੂੰ ਇਨਕਲਾਬੀ ਤੁਰਤ ਅਤੇ ਠੋਸ ਸ਼ਕਲ ਦੇਣ ਦਾ ਅਜਿਹਾ ਸਬੱਬ ਅਤੇ ਚਿੰਨ੍ਹ ਬਣੀ।'' '' 'ਗਦਰ ਪਾਰਟੀ ਲਹਿਰ' ਅਤੇ ਗਦਰ ਪਾਰਟੀ, ਜਰਮਨੀ ਜਾਂ ਕਿਸੇ ਹੋਰ ਨਾਲ ਕਿਸੇ ਗੋਂਦ ਜਾਂ ਅਗਾਊਂ ਬਣਾਈ ਸਕੀਮ ਦਾ ਨਤੀਜਾ ਨਹੀਂ ਸਨ, ਅਤੇ ਨਾ ਹੀ ਇਹ ਕਿਸੇ ਵਿਅਕਤੀ ਜਾਂ ਗਰੁਪ ਦੀ ਰਚਨਾ ਸਨ। ਮੁਖ ਰੂਪ ਵਿਚ ਇਹ ਅਮਰੀਕਾ, ਕਨੇਡਾ ਦੇ ਹਾਲਾਤ ਅਤੇ ਉਥੇ ਗਏ ਹਿੰਦੀ ਅਨਸਰ ਦੇ ਪਰਸਪਰ ਮੇਲ ਅਤੇ ਪ੍ਰਤੀਕਰਮ ਤੋਂ ਪੈਦਾ



ਹੋਈਆਂ।''...''ਪਰ ਲਹਿਰਾਂ ਭਾਵੇਂ ਆਪ-ਮੁਹਾਰੀਆਂ (spontaneous) ਉਤਪੰਨ ਹੋਣ ਅਤੇ ਇਨ੍ਹਾਂ ਦਾ ਉਭਾਰ ਹੇਠੋਂ ਜਨਤਾ ਵਲੋਂ ਉਠੇ, ਸਖਸ਼ੀਅਤ ਵਾਲੇ ਵਿਅਕਤੀਆਂ ਨੂੰ ਜੋ ਇਨ੍ਹਾਂ ਵਿਚ ਹਿੱਸਾ ਪਾਉਂਦੇ ਹਨ, ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਨਫਰਾਦੀ ਤੌਰ ਉਤੇ ਗਦਰ ਪਾਰਟੀ ਕਾਇਮ ਕਰਨ ਵਿਚ ਲਾਲਾ ਹਰਦਿਆਲ ਦੀ ਸ਼ਖਸੀਅਤ ਨੇ ਸਭ ਤੋਂ ਨੁਮਾਇਆਂ ਪਾਰਟ ਅਦਾ ਕੀਤਾ, ਉਨ੍ਹਾਂ ਦੀ ਇਲਮੀ ਲਿਆਕਤ ਨੇ ਬਰਕਲੇ ਯੂਨੀਵਰਸਿਟੀ ਦੇ ਸੰਸਕ੍ਰਿਤ ਦੇ ਪ੍ਰੋਫੈਸਰ ਨੂੰ ਵੀ ਮੋਹ ਲਿਆ ਸੀ। ਕਾਬਲੀਅਤ, ਸਾਦਗੀ ਅਤੇ ਤਿਆਗ ਦੇ ਕਾਰਨ ਯੂਨੀਵਰਸਿਟੀ ਅਤੇ ਕੈਲੇਫੋਰਨੀਆਂ ਦੇ ਅਖਬਾਰੀ ਹਲਕਿਆਂ ਵਿਚ ਉਹਨਾਂ ਖ਼ਾਸ ਮਾਣ ਪ੍ਰਾਪਤ ਕੀਤਾ, ਅਤੇ ਅਖਬਾਰਾਂ ਵਿਚ ਉਹਨਾਂ ਨੂੰ ਅਕਸਰ 'ਹਿੰਦੂ ਸੰਤ' ਦੀ ਪਦਵੀ ਦਿਤੀ ਜਾਂਦੀ।''

ਗ਼ਦਰ ਪਾਰਟੀ ਲਹਿਰ ਇਕ ਗੈਰ-ਫਿਰਕੂ ਅਤੇ ਇਨਕਲਾਬੀ ਕੌਮੀ ਲਹਿਰ ਸੀ ਜਿਸ ਦਾ ਮੁਖ ਮੰਤਵ ਹਿੰਦ ਵਿਚ ਪੰਚਾਇਤੀ ਰਾਜ ਕਾਇਮ ਕਰਨਾ ਸੀ। ਫ਼ਿਰਕੂ ਤੰਗ-ਨਜ਼ਰੀ ਦਾ ਭੌਤਕਵਾਦੀ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਕਰਦਾ ਹੋਇਆ ਲੇਖਕ ਦੱਸਦਾ ਹੈ : ''ਹਿੰਦ ਦਾ ਵਾਯੂਮੰਡਲ ਫਿਰਕੇਦਾਰੀ ਨਾਲ ਭਰਪੂਰ ਰਿਹਾ ਹੈ, ਅਤੇ ਪੰਜਾਬ ਇਸ ਦਾ ਗੜ੍ਹ ਸੀ ! ਗਦਰ ਪਾਰਟੀ ਲਹਿਰ ਦੀ ਗ਼ੈਰ-ਫਿਰਕੂ ਸਪਿਰਟ ਦੀ ਇਹ ਇਕ ਵੱਡੀ ਸ਼ਾਹਦੀ ਹੈ ਕਿ ਇਸ ਦੇ ਫੇਲ੍ਹ ਹੋ ਜਾਣ ਪਿਛੋਂ ਅਮਰੀਕਾ ਤੋਂ ਆਏ ਪਹਿਲੇ ਦੇਸ ਵਿਚ ਸਜ਼ਾ ਪਾਉਣ ਵਾਲੇ ਉੱਘੇ ਗਦਰੀਆਂ ਵਿਚੋਂ ਇਕ ਨੇ ਵੀ, ਰਿਹਾ ਹੋ ਕੇ ਕਿਸੇ ਫਿਰਕੂ ਲਹਿਰ ਵਿਚ ਹਿੱਸਾ ਨਹੀਂ ਲਿਆ, ਹਾਲਾਂ ਕਿ ਉਹ ਕੌਮੀ ਅਤੇ ਜਨਤਕ ਲਹਿਰਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ। ਬਲਕਿ ਉਹਨਾਂ ਵਿਚੋਂ ਬਹੁ-ਗਿਣਤੀ ਰਿਹਾਈ ਪਿਛੋਂ ਕਮਿਊਨਿਸਟ ਲਹਿਰ ਵਿਚ ਸ਼ਾਮਲ ਹੋ ਗਈ ਅਤੇ ਗ਼ਦਰ ਪਾਰਟੀ ਲਹਿਰ ਫੇਲ੍ਹ ਹੋਣ ਪਿਛੋਂ ਗ਼ਦਰ ਪਾਰਟੀ ਦਾ ਰੁਖ਼ ਕਮਿਊਨਿਜ਼ਮ ਵੱਲ ਹੋ ਗਿਆ।'' ਗ਼ਦਰ ਪਾਰਟੀ ਲਹਿਰ ਦੇ ਇਨਕਲਾਬੀ ਅਸਲੇ ਬਾਰੇ ਗੱਲ ਕਰਦਾ ਹੋਇਆ ਲੇਖਕ ਲਹਿਰ ਦੇ ਉਦੇਸ਼ਾਂ ਦਾ ਸਾਰਾਂਸ਼ ਇਹਨਾਂ ਸ਼ਬਦਾਂ ਵਿਚ ਅੰਕਤ ਕਰਦਾ ਹੈ : ''ਗ਼ਦਰ ਪਾਰਟੀ ਲਹਿਰ ਦੇ ਇਨਕਲਾਬੀ ਅਸਲੇ ਬਾਰੇ ਕੁਝ ਦੱਸਣ ਦੀ ਲੋੜ ਨਹੀਂ। ਇਸ ਲਹਿਰ ਦਾ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਦਾ ਇਤਿਹਾਸ ਇਸ ਦੀ ਮੂੰਹ-ਬੋਲਦੀ ਤਸਵੀਰ ਹੈ। ਸਿਰਫ਼ ਇਹ ਨਿਖੇੜਾ ਕਰਨ ਦੀ ਲੋੜ ਹੈ ਕਿ ਬੰਗਾਲੀ ਦਹਿਸ਼ਤ-ਪਸੰਦਾਂ ਦੇ ਇਕ ਗਰੁਪ ਦੇ ਇਸ ਲਹਿਰ ਦਾ ਸਾਥ ਦੇਣ, ਅਤੇ ਉਹਨਾਂ ਦੇ ਅਸਰ ਹੇਠ ਇਸ ਲਹਿਰ ਨਾਲ ਸੰਬੰਧਤ ਕੁਝ ਡਾਕਿਆਂ ਅਤੇ ਇਕੜ-ਦੁੱਕੜ ਕਤਲਾਂ ਤੋਂ ਗ਼ਦਰ ਪਾਰਟੀ ਲਹਿਰ ਨੂੰ ਦਹਿਸ਼ਤ-ਪਸੰਦ ਲਹਿਰ ਦੀ ਰੰਗਤ ਨਹੀਂ ਦੇਣੀ ਚਾਹੀਦੀ। ਅੱਗੇ ਵੇਖਿਆ ਜਾਵੇਗਾ ਕਿ ਬੰਗਾਲੀ ਦਹਿਸ਼ਤ-ਪਸੰਦ ਵੀ ਇਸ ਲਹਿਰ ਵਿਚ ਸ਼ਾਮਲ ਹੋਣ ਲਈ ਬਹੁਤਾ ਇਸ ਗੱਲ ਨਾਲ ਪ੍ਰੇਰਿਤ ਹੋਏ, ਜਦ ਉਹਨਾਂ ਵੇਖਿਆ ਕਿ ਦੇਸੀ ਫ਼ੌਜਾਂ ਨੂੰ ਵਰਗਲਾਉਣ ਦਾ ਕਿਤਨਾ ਕੰਮ ਹੋ ਚੁੱਕਾ ਹੈ ਅਤੇ ਹੋਰ ਇਸ ਬੰਨੇ ਸਫਲਤਾ ਹਾਸਿਲ ਕਰਨ ਦੀ ਕਿਤਨੀ ਸੰਭਾਵਨਾ ਹੈ। ਦੇਸੀ ਫੌਜਾਂ ਨੂੰ ਹਥਿਆਰਬੰਦ ਬਗ਼ਾਵਤ ਦਾ ਧੁਰਾ ਬਣਾਉਨ ਦੀ ਸੰਭਾਵਨਾ ਬੰਗਾਲੀ ਦੇਸ਼-ਭਗਤਾਂ ਵਾਸਤੇ ਇਕ ਬਿਲਕੁਲ ਨਵਾਂ ਤਜਰਬਾ ਸੀ, ਕਿਉਂਕਿ ਬੰਗਾਲੀਆਂ ਦੀ ਫ਼ੌਜ ਵਿਚ ਗਿਣਤੀ ਨਾ ਹੋਇਆਂ ਦੇ ਬਰਾਬਰ ਹੋਣ ਕਰਕੇ ਉਹਨਾਂ ਨੂੰ ਇਸ ਬੰਨੇ ਕਾਰਗਰ ਕਦਮ ਪੁੱਟਣ ਦਾ ਕਦੇ ਪਹਿਲਾਂ ਅਵਸਰ ਨਹੀਂ ਸੀ ਮਿਲ ਸਕਿਆ। ਅਰਥਾਤ ਭਾਵੇਂ ਬੰਗਾਲੀ ਦੇਸ਼-ਭਗਤਾਂ ਨੇ ਹਿੰਦ ਵਿਚ ਗ਼ਦਰ ਪਾਰਟੀ ਲਹਿਰ ਨੂੰ ਆਪਣੇ ਤਰੀਕਾਕਾਰਾਂ ਦੀ ਮਾੜੀ ਜਿਹੀ ਰੰਗਤ ਦਿਤੀ, ਪਰ ਉਹ ਵੀ ਸਮੁੱਚੇ ਤੌਰ ਉੱਤੇ ਇਕ ਨਵਾਂ ਨਜ਼ਰੀਆ ਗ੍ਰਹਿਣ ਕਰ ਕੇ ਲਹਿਰ ਵਿਚ ਸ਼ਾਮਲ ਹੋਏ। ਅਗਲੇ ਕਾਂਡਾਂ ਵਿਚ ਇਹ ਵੀ ਵੇਖਿਆ ਜਾਵੇਗਾ ਕਿ ਫ਼ੌਜਾਂ ਤੋਂ ਇਲਾਵਾ ਆਮ ਜਨਤਾ ਅਤੇ ਵਿਦਿਆਰਥੀਆਂ ਨੂੰ

ਨਾਲ ਮਿਲਾ ਕੇ ਹਥਿਆਰਬੰਦ ਇਨਕਲਾਬ ਰਾਹੀਂ ਅੰਗਰੇਜ਼ ਹਕੂਮਤ ਦਾ ਹਿੰਦ ਵਿਚੋਂ ਖ਼ਾਤਮਾ ਕਰ ਕੇ ਪੰਚਾਇਤੀ ਰਾਜ ਕਾਇਮ ਕਰਨਾ ਗ਼ਦਰ ਪਾਰਟੀ ਲਹਿਰ ਦਾ ਵੱਡਾ ਮਕਸਦ ਅਤੇ ਪ੍ਰੋਗਰਾਮ ਸੀ, ਜਿਸ ਨੂੰ ਸਿਰੇ ਚਾੜ੍ਹਨ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਇਹ ਵੱਖਰੀ ਗੱਲ ਹੈ ਕਿ ਪੰਚਾਇਤੀ ਰਾਜ ਸਥਿਰ ਹੁੰਦਾ ਜਾਂ ਨਾ ਹੁੰਦਾ, ਕਿਉਂਕਿ ਹਿੰਦ-ਵਾਸੀ ਇਸ ਵਾਸਤੇ ਤਿਆਰ ਨਹੀਂ ਸਨ। ਇਹ ਵੀ ਵੱਖਰੀ ਗਲ ਹੈ ਕਿ ਦੇਸ਼ ਦੀ ਸਾਧਾਰਨ ਜਨਤਾ ਵਿਚ ਰਾਜਸੀ ਜਾਗਰਤਾ ਨਾ ਹੋਣ ਦੇ ਬਰਾਬਰ ਹੋਣ ਕਰਕੇ ਆਮ ਜਨਤਾ ਅਤੇ ਵਿਦਿਆਰਥੀਆਂ ਨੂੰ ਲਹਿਰ ਵਿਚ ਸ਼ਾਮਲ ਕਰਨ ਵਿਚ ਕਾਮਯਾਬੀ ਘੱਟ ਹੋਈ, ਅਤੇ ਲੜਾਈ ਦੇ ਵਿਸ਼ੇਸ਼ ਹਾਲਾਤ ਦੇ ਕਾਰਨ ਦੇਸੀ ਫ਼ੌਜੀਆਂ ਦੀ ਹਿਮਾਇਤ ਹਾਸਿਲ ਕਰਨ ਵਿਚ ਵਧੇਰੇ ਸਫ਼ਲਤਾ ਹੋਈ, ਜਿਸ ਕਰਕੇ ਗ਼ਦਰ ਪਾਰਟੀ ਲਹਿਰ ਦੀਆਂ ਹਿੰਦ ਵਿਚ ਕੋਸ਼ਿਸ਼ਾਂ ਦਾ ਇਹ ਹਿੱਸਾ ਧੁਰਾ ਬਣ ਗਿਆ। ਇਸ ਵਾਸਤੇ ਹਿੰਦ ਵਿਚਲੇ ਉਸ ਵੇਲੇ ਦੇ ਰਾਜਸੀ ਹਾਲਾਤ ਦੇ ਮੁਤਾਬਕ ਗ਼ਦਰ ਪਾਰਟੀ ਲਹਿਰ ਸਹੀ ਅਰਥਾਂ ਵਿਚ ਕੌਮੀ ਇਨਕਲਾਬੀ ਲਹਿਰ ਸੀ। ਇਸ ਨੂੰ ਦਹਿਸ਼ਤ-ਪਸੰਦ ਲਹਿਰ ਨਾਲ ਤੁਲਨਾ ਦੇਣੀ ਤਾਂ ਉੱਕਾ ਗਲਤ ਹੈ, ਕਿਉਂਕਿ ਕੇਵਲ ਦੇਸ਼ ਦੀ ਫ਼ੌਜ ਦੀ ਮਦਦ ਨਾਲ ਬਦੇਸ਼ੀ ਹਕੂਮਤ ਦਾ ਆਪਣੇ ਦੇਸ਼ ਵਿਚੋਂ ਤਖਤਾ ਉਲਟਣ ਨੂੰ ਵੀ ਦਹਿਸ਼ਤ-ਪਸੰਦੀ ਦਾ ਨਾਮ ਨਹੀਂ ਦਿੱਤਾ ਜਾ ਸਕਦਾ।"

ਗ਼ਦਰ ਪਾਰਟੀ ਦੇ ਪ੍ਰੋਗਰਾਮ ਦੀ ਗੱਲ ਕਰਦਾ ਹੋਇਆ ਲੇਖਕ ਦੱਸਦਾ ਹੈ, "ਗ਼ਦਰ ਪਾਰਟੀ ਦੀ ਪਲਾਨ ਦਾ ਇਕ ਬਹੁਤ ਵੱਡਾ ਅੰਗ ਅੰਤਰ-ਰਾਸ਼ਟਰੀ ਹਾਲਾਤ ਦਾ ਫ਼ਾਇਦਾ ਉਠਾਉਣਾ ਅਤੇ ਅੰਗਰੇਜ਼-ਵਿਰੋਧੀ ਤਾਕਤਾਂ ਤੋਂ ਮਦਦ ਲੈਣੀ ਸੀ। ਇਸ ਬੰਨੇ ਕਦਮ ਉਠਾਉਣ ਅਤੇ ਕੌਮੀ ਪੰਚਾਇਤੀ ਰਾਜ ਦਾ ਨਿਸ਼ਾਨਾ ਅਪਣਾਉਣ ਵਿਚ ਹਿੰਦੀਆਂ ਦੀਆਂ ਜਨਤਕ ਲਹਿਰਾਂ ਵਿਚੋਂ ਗ਼ਦਰ ਪਾਰਟੀ ਨੇ ਸਭ ਤੋਂ ਪਹਿਲ ਕੀਤੀ। ਹਿੰਦ ਦੇ ਰਾਜਸੀ ਅੰਦੋਲਨ ਦੇ ਇਤਿਹਾਸ ਅੰਦਰ ਇਹ ਆਪਣੇ ਆਪ ਵਿਚ ਇਕ ਬਹੁਤ ਵੱਡਾ ਅਤੇ ਅੱਗ-ਵਧੂ ਕਦਮ ਸੀ, ਜਿਸ ਦੀ ਅਹਿਮੀਅਤ ਦੀ ਕਦਰ ਕੇਵਲ ਸਨਅਤੀ ਇਨਕਲਾਬ ਤੋਂ ਉਤਪੰਨ ਹੋਏ ਅੰਤਰ-ਰਾਸ਼ਟਰੀ ਹਾਲਾਤ ਨੂੰ ਵਿਚਾਰਿਆਂ ਪੈ ਸਕਦੀ ਹੈ।" "ਗ਼ਦਰ ਪਾਰਟੀ ਦੀਆਂ ਹਿੰਦ ਵਿਚ ਇਨਕਲਾਬੀ ਤਿਆਰੀਆਂ ਦਾ ਧੁਰਾ ਹਿੰਦੀ ਫ਼ੌਜੀਆਂ ਨੂੰ ਬਗਾਵਤ ਲਈ ਤਿਆਰ ਕਰਨਾ ਸੀ। ਕਿਸੇ ਜਨਤਕ ਇਨਕਲਾਬ ਨੂੰ ਕਾਮਯਾਬ ਕਰਨ ਵਾਸਤੇ ਵੀ ਫ਼ੌਜੀਆਂ ਨੂੰ ਨਾਲ ਮਿਲਾਉਣਾ ਜ਼ਰੂਰੀ ਹੁੰਦਾ ਹੈ, ਪਰ ਉਸ ਸਮੇਂ ਦੇਸ ਵਿਚ ਜਨਤਕ ਇਨਕਲਾਬੀ ਲਹਿਰ ਤਾਂ ਇਕ ਬੰਨੇ, ਜਨਤਕ ਪੈਮਾਨੇ ਉਤੇ ਕੋਈ ਅਮਨ-ਪਸੰਦ ਰਾਜਸੀ ਅੰਦੋਲਨ ਵੀ ਨਹੀਂ ਸੀ। ਬੰਗਾਲ ਵਿਚ ਇਨਫਰਾਦੀ ਦਹਿਸ਼ਤ-ਪਸੰਦ ਲਹਿਰ ਜ਼ਰੂਰ ਮੌਜੂਦ ਸੀ, ਪਰ ਇਸ ਦੇ ਤਰੀਕਾਕਾਰਾਂ ਦੇ ਆਸਰੇ ਫ਼ੌਜਾਂ ਨੂੰ ਨਾਲ ਲਏ ਬਗੈਰ ਕਾਮਯਾਬੀ ਦੇ ਚਾਨਸ ਨਾ ਹੋਣ ਦੇ ਬਰਾਬਰ ਸਨ, ਕਿਉਂਕਿ ਹਿੰਦ ਦੇ ਰਾਜਸੀ ਅੰਦੋਲਨ ਦਾ ਟਾਕਰਾ ਮੁੱਠੀ ਭਰ ਵਿਅਕਤੀਆਂ ਨਾਲ ਨਹੀਂ ਸੀ, ਬਲਕਿ ਸਮੁੱਚੀ ਅੰਗਰੇਜ਼ੀ ਸਾਮਰਾਜੀ ਤਾਕਤ ਨਾਲ ਸੀ। ਬੰਗਾਲ ਦੇ ਕਈ ਉੱਘੇ ਦਹਿਸ਼ਤ-ਪਸੰਦ ਇਨਕਲਾਬੀਆਂ ਨੂੰ ਵੀ ਗ਼ਦਰ ਪਾਰਟੀ ਦੀ ਫ਼ੌਜਾਂ ਵਿਚ ਬਗਾਵਤ ਕਰਾਉਣ ਵਾਲੀ ਪਲਾਨ ਵਧੇਰੇ ਪਸੰਦ ਆਈ, ਅਤੇ ਉਹ ਇਸੇ ਕਾਰਨ ਪਰੇਰਿਤ ਹੋ ਕੇ ਗ਼ਦਰ ਪਾਰਟੀ ਲਹਿਰ ਵਿਚ ਸ਼ਾਮਲ ਹੋ ਗਏ।"...... "ਇਸ ਵਾਸਤੇ ਹਿੰਦੀ ਫ਼ੌਜਾਂ ਨੂੰ ਬਗਾਵਤ ਵਾਸਤੇ ਤਿਆਰ ਕਰਨਾ ਅਤੇ ਇਸ ਨੂੰ ਹਿੰਦ ਵਿਚਲੀ ਇਨਕਲਾਬੀ ਪਲਾਨ ਦਾ ਧੁਰਾ ਬਣਾਉਣਾ, ਗ਼ਦਰ ਪਾਰਟੀ ਦੇ ਪਲਾਨ ਦਾ ਨਾ ਕੇਵਲ ਇਕ ਠੀਕ ਕਦਮ ਸੀ, ਬਲਕਿ ਉਸ ਸਮੇਂ ਦੇਸ਼ ਦੇ ਰਾਜਸੀ ਹਾਲਾਤ ਦੀ ਰੋਸ਼ਨੀ ਵਿਚ ਇਨਕਲਾਬੀ ਨਜ਼ਰੀਏ ਤੋਂ ਇਸ ਤੋਂ ਬਿਨਾ ਹੋਰ ਕੋਈ ਅਮਲੀ, ਵਰਤੋਂ ਵਿਚ ਆ ਸਕਣ ਵਾਲਾ ਰਾਹ ਵੀ ਨਹੀਂ ਸੀ।"



ਗਦਰ ਪਾਰਟੀ 2 ਜੂਨ 1913 ਨੂੰ ਲਾਲਾ ਹਰਦਿਆਲ ਦੇ ਉਤਸ਼ਾਹ ਨਾਲ ਸਾਨਫਰਾਂਸਿਸਕੋ (ਅਮਰੀਕਾ) ਵਿਚ ਕਾਇਮ ਹੋਈ ਅਤੇ ਨਵੰਬਰ 1913 ਵਿਚ ਉਥੋਂ ਹੀ ਗਦਰ ਅਖਬਾਰ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ। ਇਹ ਅਖਬਾਰ ਥੋੜੇ ਸਮੇਂ ਵਿਚ ਹੀ ਇਨਾ ਹਰਮਨ ਪਿਆਰਾ ਹੋਇਆ ਕਿ 'ਹਿੰਦੀ ਐਸੋਸੀਏਸ਼ਨ ਔਫ ਦੀ ਪੈਸੇਫਿਕ ਕੋਸਟ' ਪਾਰਟੀ ਦਾ ਨਾਂਅ ਗਦਰ ਪਾਰਟੀ ਮਸ਼ਹੂਰ ਹੋ ਗਿਆ। ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ, ਗਦਰ ਇਨਕਲਾਬੀਆਂ ਨੇ ਲਹਿਰ ਨੂੰ ਜਨਤਕ ਇਨਕਲਾਬੀ ਲਹਿਰ ਬਣਾਉਣ ਦਾ ਯਤਨ ਕੀਤਾ। ਇਸ ਦੇ ਪਲਾਨ ਦਾ ਮੁਖ ਭਾਗ ਅੰਗਰੇਜ਼ਾਂ ਨੂੰ ਪਹਿਲੀ ਵੱਡੀ ਲੜਾਈ ਵਿਚ ਫਸੇ ਹੋਣ ਦਾ ਫ਼ਾਇਦਾ ਉਠਾ ਕੇ ਗਦਰ ਕਰਨਾ ਸੀ। ਗਦਰ ਅਖਬਾਰ ਦੇ ਪਰਚਾਰ ਰਾਹੀਂ ਇਹ ਸਰਗਰਮੀਆਂ ਤੇਜ਼ ਹੋ ਹੀ ਰਹੀਆਂ ਸਨ ਕਿ 'ਕੋਮਾ ਗਾਟਾ ਮਾਰੂ' ਦਾ ਸਾਕਾ ਪੇਸ਼ ਆਇਆ ਜਿਸ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ ਤੇ ਗਦਰੀ ਇਨਕਲਾਬੀ ਹਿੰਦ ਨੂੰ ਵਹੀਰਾਂ ਘੱਤ ਤੁਰੇ। ਤੋਸ਼ਾ ਮਾਰੂ 'ਤੇ ਮਸ਼ੀਨਾ ਮਾਰੂ ਦੋ ਜਾਪਾਨੀ ਜਹਾਜ਼ਾਂ ਵਿਚ ਗਦਰ ਦਾ ਪਰਚਾਰ ਕਰਦੇ, ਨਾਅਰੇ ਲਾਉਂਦੇ ਇਹ ਹਿੰਦ ਪਹੁੰਚੇ ਤੇ ਉਤਰਦਿਆਂ ਹੀ ਫੜ ਕੇ ਜੇਲ੍ਹਾਂ ਵਿਚ ਡੱਕ ਦਿਤੇ ਗਏ। ਪਹਿਲੀ ਵੱਡੀ ਲੜਾਈ ਦੇ ਪਹਿਲੇ ਦੋ ਸਾਲਾਂ ਵਿਚ 8,000 ਇਨਕਲਾਬੀ ਦੇਸ ਪਰਤੇ ਜਿਨ੍ਹਾਂ ਵਿਚੋਂ 400 ਜੇਲ੍ਹਾਂ ਵਿਚ ਸੁੱਟ ਦਿਤੇ ਗਏ ਤੇ 2500 ਪਿੰਡਾਂ ਵਿਚ ਨਜ਼ਰਬੰਦ ਕਰ ਦਿਤੇ ਗਏ ਜਦੋਂ ਕਿ 5000 ਤੋਂ ਵੱਧ ਪੁਲੀਸ ਤੇ ਨੰਬਰਦਾਰਾਂ ਦੀ ਨਜ਼ਰਸਾਨੀ ਹੇਠ ਰਖੇ ਗਏ। ਦੂਜੀ ਵੱਡੀ ਸੱਟ ਇਹ ਕਿ ਹਿੰਦ ਵਿਚਲੀਆਂ ਰਾਜਸੀ ਜਥੇਬੰਦੀਆਂ, ਲੀਡਰ ਤੇ ਆਮ ਜਨਤਾ ਇਨਕਲਾਬ ਵਾਸਤੇ ਤਿਆਰ ਨਹੀਂ ਸੀ। ਪੰਜਾਬ ਵਿਚ ਇਨ੍ਹਾਂ ਗਦਰੀਆਂ 'ਤੇ ਅੰਗਰੇਜ਼ ਦੀ ਸ਼ਹਿ ਉਤੇ ਅਸਿੱਖ ਹੋਣ ਦੇ ਫਤਵੇ ਸਾਦਰ ਕੀਤੇ ਗਏ। ਹਿੰਦ ਵਿਚ ਗਦਰ ਦੇ ਪਹਿਲੇ ਦੌਰ ਵਿਚ ਹੀ ਭਾਵੇਂ ਪੰਜਾਬੀ ਗਦਰੀਆਂ ਦਾ ਬੰਗਾਲੀ ਦਹਿਸ਼ਤ-ਪਸੰਦਾਂ ਨਾਲ ਮੇਲ ਹੋਇਆ, ਪਰ ਗਦਰ ਦੇ ਦੂਜੇ ਦੌਰ ਵਿਚ ਹੀ ਗਦਰ ਦੀ ਪਲਾਨ ਨੂੰ ਰਾਸ ਬਿਹਾਰੀ ਬੋਸ ਨੇ ਜਥੇਬੰਦਕ ਤਰੀਕੇ ਨਾਲ ਲਾਗੂ ਕੀਤਾ। "ਗਦਰੀ ਸਰਗਰਮੀਆਂ ਨੂੰ ਇਕ ਪਲਾਨ ਮੁਤਾਬਕ ਅਤੇ ਇਕ ਸੈਂਟਰ ਦੀ ਅਗਵਾਈ ਹੇਠ ਚਲਾਉਣ ਦਾ ਅਸਲੀ ਸਿਹਰਾ ਬੰਗਾਲੀ ਦੇਸ਼ ਭਗਤ ਸ੍ਰੀ ਰਾਸ ਬਿਹਾਰੀ ਬੋਸ ਦੇ ਸਿਰ ਹੈ, ਜਾਂ ਕੁਝ ਹੱਦ ਤਕ ਮਰਹੱਟਾ ਦੇਸ਼ ਭਗਤ ਸ੍ਰੀ ਵੈਸ਼ਨੂ ਗਣੇਸ਼ ਪਿੰਗਲੇ ਦੇ ਸਿਰ। ਇਸ ਕਰਕੇ ਦੂਸਰੇ ਦੌਰ ਦਾ ਆਰੰਭ ਦਰਅਸਲ ਉਸ ਵੇਲੇ ਤੋਂ ਸਮਝਿਆ ਜਾਣਾ ਚਾਹੀਦਾ ਹੈ ਜਦ ਸ੍ਰੀ ਰਾਸ ਬਿਹਾਰੀ ਬੋਸ ਨੇ ਗਦਰ ਮੁਹਿੰਮ ਦੀ ਕਮਾਨ ਆ ਕੇ ਸੰਭਾਲ ਲਈ।" ਇਸ ਦੂਜੇ ਦੌਰ ਵਿਚ ਪੰਜਾਬੀ ਗਦਰੀ ਤੇ ਬੰਗਾਲੀ ਦਹਿਸ਼ਤ-ਪਸੰਦ ਇਕ ਦੂਜੇ ਦੇ ਸਹਾਇਕ ਬਣ ਗਏ। "ਇਸ ਤਰ੍ਹਾਂ ਜਿਥੇ ਬੰਗਾਲੀ ਇਨਕਲਾਬੀਆਂ ਨੇ ਪੰਜਾਬੀ ਗਦਰੀਆਂ ਨੂੰ ਇਨਕਲਾਬੀ ਢੰਗਾਂ ਦੀ ਜਾਚ ਸਿਖਾਉਣ ਅਤੇ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਜਥੇਬੰਦ ਕਰਨ ਦਾ ਕੰਮ ਕੀਤਾ, ਉਥੇ ਪੰਜਾਬੀ ਗਦਰੀਆਂ ਦੀ ਮਿਸਾਲ ਨੇ ਬੰਗਾਲੀ ਇਨਕਲਾਬੀਆਂ ਨੂੰ ਫ਼ੌਜਾਂ ਦੀ ਮਦਦ ਨਾਲ ਕਰਨਯੋਗ ਇਕ ਨਵਾਂ ਇਨਕਲਾਬੀ ਰਾਹ ਵਿਖਾਇਆ, ਅਤੇ ਉਨ੍ਹਾਂ ਦੇ ਅੱਡ ਅੱਡ ਦਲਾਂ ਨੂੰ ਇਕ ਲੜੀ ਵਿਚ ਪਰੋਏ ਜਾਣ ਦੀ ਪ੍ਰੇਰਨਾ ਦਿੱਤੀ।" ਇਹ ਯਤਨ ਵੀ ਅਸਫਲ ਹੋਇਆ ਤੇ ਕ੍ਰਿਪਾਲ ਸਿੰਘ ਨਾਂਅ ਦੇ ਉਘੇ ਵਰਕਰ ਪਰ ਅੰਗਰੇਜ਼ ਜਾਸੂਸ ਦੇ ਗਦਰ ਦੀ ਨਿਸ਼ਚਿਤ ਤਾਰੀਖ ਦੇ ਸਰਕਾਰ ਨੂੰ ਪਤਾ ਦੇਣ ਕਾਰਨ ਪੰਜਾਬ ਭਰ ਵਿਚ ਧੜਾ ਧੜ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ ਤੇ ਦਿਨਾਂ ਵਿਚ ਹੀ ਹਜ਼ਾਰਾਂ ਗਦਰੀ ਜੇਲ੍ਹਾਂ ਵਿਚ ਡੱਕ ਦਿਤੇ ਗਏ। ਪਿਛੋਂ ਛੋਟੇ ਵੱਡੇ ਲਗ ਭਗ 20 ਮੁਕੱਦਮੇ ਚੱਲੇ ਜਿਨ੍ਹਾਂ ਵਿਚ 42 ਗਦਰੀ ਫਾਂਸੀ ਲੱਗੇ ਤੇ 114 ਉਮਰ ਕੈਦ ਹੋਏ ਤੇ ਬਹੁਤ ਵੱਡੀ ਗਿਣਤੀ ਨੂੰ ਛੋਟੀਆਂ ਸਜ਼ਾਵਾਂ ਹੋਈਆਂ।

ਗਦਰ ਪਾਰਟੀ ਲਹਿਰ ਦੇ ਫੇਲ੍ਹ ਹੋਣ ਦੇ ਕਈ ਕਾਰਨ ਸਨ ਜਿਨ੍ਹਾਂ ਵਿਚੋਂ ਹੇਠ-ਲਿਖੇ ਮੁਖ ਰੂਪ ਵਿਚ ਗਿਣਾਏ ਜਾ ਸਕਦੇ ਹਨ : "ਗਦਰ ਪਾਰਟੀ ਦੇ ਪ੍ਰੋਗਰਾਮ ਦੇ ਕਈ ਪਹਿਲੂ ਅਮਲੀ ਵਰਤੋਂ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਗਏ । ਵੱਡਾ ਕਾਰਨ ਇਹ ਸੀ ਕਿ ਗਦਰ ਪਾਰਟੀ ਨੂੰ ਇਨਕਲਾਬੀ ਤਿਆਰੀ ਵਾਸਤੇ ਆਪਣੀ ਆਸ ਮੁਤਾਬਕ ਸਮਾਂ ਨਾ ਮਿਲਿਆ ।" "ਗਦਰ ਪਾਰਟੀ ਦੀ ਫ਼ੌਜੀ ਪਲੈਨ ਦਾ ਇਕ ਹਿੱਸਾ ਇਹ ਸੀ ਕਿ ਜਿਸ ਵੇਲੇ ਹਿੰਦ ਵਿਚ ਬਲਵਾ ਹੋਵੇ, ਉਸੇ ਸਮੇਂ ਹੋਰ ਮੁਲਕਾਂ ਖਾਸ ਕਰ ਹਿੰਦ ਦੇ ਗਵਾਂਢੀ ਮੁਲਕਾਂ, ਵਿਚ ਵੀ ਬਗਾਵਤਾਂ ਹੋਣ, ਤਾਕਿ ਅੰਗਰੇਜ਼ਾਂ ਦੀ ਤਾਕਤ ਇਨ੍ਹਾਂ ਨੂੰ ਨਜਿੱਠਣ ਖਾਤਰ ਬਿਖਰ ਜਾਏ । ਪਰ ਕਿਸੇ ਕਾਰਨ ਜਰਮਨੀ ਨਾਲ ਵੇਲੇ ਸਿਰ ਤਾਲ ਮੇਲ ਪੈਦਾ ਨਾ ਹੋ ਸਕਣ ਕਰਕੇ, ਜਾਂ ਅਮਰੀਕਾ ਤੋਂ ਹਿੰਦ ਨੂੰ ਆਉਣ ਵਾਲੀ ਗਦਰੀ ਮੁਹਿੰਮ ਦੇ ਲੀਡਰਾਂ ਦੇ ਸ਼ੁਰੂ ਵਿਚ ਜਹਾਜ਼ਾਂ ਤੋਂ ਫੜੇ ਜਾਣ ਕਰਕੇ, ਜਾਂ ਬਲਵੇ ਲਈ ਤਿਆਰ ਹਿੰਦੀ ਫ਼ੌਜੀਆਂ ਦੇ ਜ਼ੋਰ ਦੇਣ ਉਤੇ ਬਲਵੇ ਦੀ ਤਾਰੀਖ ਜਲਦੀ ਨੀਯਤ ਕਰਨ ਵਾਸਤੇ ਮਜਬੂਰ ਹੋਣ ਕਰਕੇ, ਅਜਿਹਾ ਨਾ ਹੋ ਸਕਿਆ । ਇਸ ਦਾ ਇਕ ਸਿੱਟਾ ਇਹ ਨਿਕਲਿਆ ਕਿ ਗਦਰ ਪਾਰਟੀ ਦੀ ਮੁੱਢਲੀ ਪਲੈਨ ਦੇ ਟੋਟੇ ਹੋ ਗਏ ਅਤੇ ਇਨ੍ਹਾਂ ਟੋਟਿਆਂ ਦੀ ਤਰਤੀਬ ਉਗੜ-ਦੁਗੜੀ ਹੋ ਗਈ । ਅਰਥਾਤ ਜਿਸ ਵੇਲੇ ਹਿੰਦ ਦੇ ਗਵਾਂਢੀ ਮੁਲਕਾਂ ਵਿਚ ਬਲਵਾ ਕਰਨ ਦੇ ਯਤਨ ਸ਼ਕਲ ਫੜਨ ਲੱਗੇ, ਹਿੰਦ ਵਿਚ ਗਦਰ ਪਾਰਟੀ ਲਹਿਰ ਮੁਕੰਮਲ ਤੌਰ ਉਤੇ ਫੇਲ੍ਹ ਹੋ ਚੁਕੀ ਸੀ ।" "ਅਮਰੀਕਾ ਤੋਂ ਢੋਲ ਵਜਾ ਕੇ ਮੁਹਿੰਮ ਵਾਸਤੇ ਹਿੰਦ ਨੂੰ ਤੁਰਨ, ਕਿਰਪਾਲ ਸਿੰਘ ਸੂਹੀਏ ਨੂੰ ਬਿਨਾਂ ਪਰਖੇ ਅੰਦਰੂਨੀ ਦਾਇਰੇ ਵਿਚ ਲੈ ਲੈਣ, ਭੇਦ ਨਾ ਰਖ ਸਕਣ, ਅਤੇ ਇਸ ਕਿਸਮ ਦੀਆਂ ਕੀਤੀਆਂ ਹੋਰ ਗਲਤੀਆਂ, ਪੰਜਾਬੀ ਕਿਸਾਨ ਦੇ ਉਸ ਅਣਸਾਧੇ ਸੁਭਾਉ ਮੁਤਾਬਕ ਸਨ, ਜੋ ਬਹੁਤਾ ਅੱਗਾ ਪਿੱਛਾ ਵਿਚਾਰੇ ਬਿਨਾਂ ਫੌਰੀ ਕਾਰਵਾਈ ਦੇ ਬਹੁਤ ਯੋਗ ਹੈ, ਪਰ ਸੋਚੀ ਵਿਚਾਰੀ ਸਕੀਮ ਅਨੁਸਾਰ ਲੰਮੀ ਡੋਰ ਦੇ ਕੇ ਬਹੱਮਲ ਨਾਲ ਕੰਮ ਕਰਨ ਦੇ ਇਤਨਾ ਮੁਆਫਕ ਨਹੀਂ ।" ਲਹਿਰ ਦੇ ਫੇਲ੍ਹ ਹੋਣ ਦੇ ਕਾਰਨ ਦਸਦੇ ਹੋਏ ਲਿਖਾਰੀ ਨੇ Isemonger and Slattery ਦੀ ਪੁਸਤਕ An Account of Gadar Conspiracy ਵਿਚੋਂ ਹੇਠ ਲਿਖਿਆ ਹਵਾਲਾ ਦਿੱਤਾ ਹੈ । "Lack of organization, bad leadership, incapacity to maintain secrecy, and the Indian habit of regarding the ideal as the fact accomplished, no doubt played their part in defeating the revolutionaries, but on more than one occasion their designs were dangerously near fulfilment and disaster was narrowly averted."

ਲਹਿਰ ਪਿੱਛੇ ਕੰਮ ਕਰਦੀ ਸਪਿਰਟ ਬਾਰੇ ਨਿਰਣਾ ਕਰਦਾ ਹੋਇਆ ਲਿਖਾਰੀ ਦਸਦਾ ਹੈ ਕਿ "ਲਹਿਰਾਂ ਨੂੰ ਕੇਵਲ ਰਾਜਸੀ ਅਥਵਾ ਸਮਾਜਕ ਨਿਸ਼ਾਨਿਆਂ ਨੂੰ ਪ੍ਰਾਪਤ ਕਰਨ ਹਿਤ ਹੋਈ ਕਾਮਯਾਬੀ ਜਾਂ ਨਾ-ਕਾਮਯਾਬੀ ਦੇ ਗਜ਼ਾਂ ਨਾਲ ਨਹੀਂ ਮਾਪਿਆ ਜਾਣਾ ਚਾਹੀਦਾ । ਕਿਸੇ ਲਹਿਰ ਵਿਚ ਕੰਮ ਕਰ ਰਹੀ ਸਪਿਰਟ ਉਸ ਦਾ ਜ਼ਰੂਰੀ ਅੰਗ ਹੁੰਦੀ ਹੈ, ਅਤੇ ਗਦਰ ਪਾਰਟੀ ਲਹਿਰ ਦੀ ਸਪਿਰਟ ਇਸ ਦਾ ਵਿਸ਼ੇਸ਼ ਚਿੰਨ੍ਹ ਸੀ ।" "ਗੁਰਬਤ ਦੇ ਦੇਸੋਂ ਭਜਾਏ ਹੋਏ ਕਿਸਾਨ, ਜੋ ਕੇਵਲ ਪੈਸਾ ਕਮਾਉਣ ਖ਼ਾਤਰ ਆਪਣੇ ਪਰਵਾਰਾਂ ਅਤੇ ਬਾਲ ਬਚਿਆਂ ਤੋਂ ਵਿਛੜ ਕੇ ਬਦੇਸਾਂ ਨੂੰ ਸਭਾਂ ਤੋਂ ਗਏ ਹੋਏ ਸਨ, ਨੇ ਗਦਰ ਪਾਰਟੀ ਲਹਿਰ ਵਿਚ ਸ਼ਾਮਲ ਹੋ ਕੇ ਨਾ ਕੇਵਲ ਅਮਰੀਕਾ ਕਨੇਡਾ ਵਿਚ ਕਮਾਈ ਦੇ ਵਧੀਆ ਅਵਸਰਾਂ ਨੂੰ ਲੱਤ ਮਾਰੀ, ਬਲਕਿ ਉਨ੍ਹਾਂ ਵਿਚੋਂ ਕਾਫ਼ੀ ਗਿਣਤੀ ਨੇ ਹੱਥੀਂ ਸਖ਼ਤ ਮੁਸ਼ੱਕਤ ਕਰ ਕੇ ਗਾਹੜੇ ਪਸੀਨੇ ਦੀ ਆਪਣੀ ਪਿਛਲੀ ਕਮਾਈ ਵੀ ਗਦਰ ਪਾਰਟੀ



ਦੇ ਹਵਾਲੇ ਕਰ ਦਿਤੀ, ਅਤੇ ਆਪ ਗਦਰੀ ਮੁਹਿੰਮ ਵਿਚ ਸ਼ਾਮਲ ਹੋ ਕੇ ਦੇਸ਼ ਨੂੰ ਆਹੂਤੀਆਂ ਪਾਉਣ ਆ ਗਏ । 'ਗਦਰ' ਅਖਬਾਰ ਮੁਫ਼ਤ ਵੰਡਿਆ ਜਾਂਦਾ । ਇਸ ਨੂੰ ਜਾਰੀ ਕਰਨ ਤੇ ਇਸ ਦੇ ਚਲੰਤ ਖਰਚ ਅਤੇ ਯੁਗੰਤਰ ਆਸ਼ਰਮ ਤੇ ਗਦਰ ਪਾਰਟੀ ਦੀਆਂ ਹੋਰ ਸਰਗਰਮੀਆਂ ਦੇ ਸਾਰੇ ਖਰਚ ਕਨੇਡਾ, ਅਮਰੀਕਾ ਅਤੇ ਹੋਰ ਬਦੇਸ਼ਾਂ ਵਿਚ ਗਏ ਪੰਜਾਬੀ ਕਾਮੇ ਆਪਣੇ ਪਾਸੋਂ ਉਗਰਾਹੀਆਂ ਕਰ ਕੇ ਪੂਰੇ ਕਰਦੇ ਰਹੇ ।"

ਆਪਣਾ ਭਵਿਖ ਸੁਆਰਨ ਦਾ ਲਾਲਚ ਤੇ ਮੌਕਾ-ਤਾੜੂਪੁਣਾ ਤਾਂ ਉਨ੍ਹਾਂ ਦੇ ਨੇੜ ਦੀ ਨਹੀਂ ਸੀ ਲੰਘਿਆ ਜਿਹੜਾ ਅਜ ਕਲ੍ਹ ਦੀਆਂ ਰਾਜਸੀ ਪਾਰਟੀਆਂ ਦਾ ਸਭ ਤੋਂ ਵੱਡਾ ਕੋਹੜ ਹੈ । "ਗਦਰ ਪਾਰਟੀ ਲਹਿਰ ਵਿਚ ਹਿੱਸਾ ਲੈਣ ਵਾਲੇ ਭਾਵੇਂ ਪੜ੍ਹੇ ਸਨ ਜਾਂ ਅਨਪੜ੍ਹ, ਉਹ ਸਭ ਉਚੇ ਅਤੇ ਸੁੱਚੇ ਆਦਰਸ਼ ਅਤੇ ਵਲਵਲਿਆਂ ਨਾਲ ਪ੍ਰੇਰਤ ਹੋ ਕੇ ਕੰਮ ਕਰ ਰਹੇ ਸਨ... ਉਨ੍ਹਾਂ ਦਾ ਵਿਅਕਤੀ-ਗਤ ਜਾਂ ਤੰਗ ਫਿਰਕੂ ਨਜ਼ਰੀਆ ਨਹੀਂ ਸੀ ਰਿਹਾ...ਉਨ੍ਹਾਂ ਦਾ ਆਦਰਸ਼ 'ਆਜ਼ਾਦੀ ਤੇ ਬਰਾਬਰੀ' ਸੀ ਅਤੇ ਗਦਰੀ ਸਿਪਾਹੀ ਹਿੰਦ ਤੋਂ ਛੁੱਟ ਹੋਰ ਦੇਸ਼ਾਂ ਵਿਚ ਵੀ ਗੁਲਾਮੀ ਵਿਰੁਧ ਹੋਏ ਯਤਨਾਂ ਵਿਚ ਸਹਾਇਤਾ ਕਰਨ ਬਾਰੇ ਸੋਚਦੇ ਸਨ...ਹਿੰਦ ਨੂੰ ਆਉਣ ਵਾਲੀ ਗਦਰੀ ਮੁਹਿੰਮ ਵਿਚ ਕੁਝ ਅਮਰੀਕਨ ਵੀ ਸ਼ਾਮਲ ਹੋਏ ਜੋ ਜ਼ਾਹਰ ਕਰਦਾ ਹੈ ਕਿ ਪਾਰਟੀ ਵਿਚ ਕੰਮ ਕਰ ਰਹੀ ਸਪਿਰਟ ਦਾ ਦਾਇਰਾ ਕਿੰਨਾ ਖੁਲ੍ਹਾ ਸੀ । ਗਦਰੀ ਇਨਕਲਾਬੀਆਂ ਨੇ 'ਆਜ਼ਾਦੀ ਤੇ ਬਰਾਬਰੀ' ਲਿਆਉਣ ਲਈ ਕਸਮਾਂ ਖਾਧੀਆਂ ਹੋਈਆਂ ਸਨ । ਪੰਜਾਬ ਸਰਕਾਰ ਨੇ ਹਿੰਦ ਸਰਕਾਰ ਨੂੰ ਭੇਜੀ ਇਕ ਰੀਪੋਰਟ ਵਿਚ ਇਹ ਲਿਖਿਆ ਹੈ ਕਿ ਜੋ ਸਾਜ਼ਸ਼ੀ ਲਾਹੌਰ ਫੜੇ ਗਏ ਹਨ, "ਉਹ ਬਹੁਤੇ ਅਨਾੜੀ ਸਿੱਖ ਕਿਸਾਨ ਹਨ, ਜਿਨ੍ਹਾਂ ਨੇ ਅਮਰੀਕਾ ਵਿਚ ਬਰਾਬਰੀ ਅਤੇ ਜਮਹੂਰੀਅਤ ਦੇ ਅਸੂਲਾ ਨੂੰ ਬੇਢੱਬੀ ਹਾਲਤ ਵਿਚ ਗ੍ਰਹਿਣ ਕਰ ਲਿਆ ਹੈ ।" ਜਨਰਲ ਮੈਕਮੁਨ ਲਿਖਦੇ ਹਨ ਕਿ ਪੰਜਾਬ ਦੇ ਸਿੱਖਾਂ ਵਿਚੋਂ ਹੀ "ਗਦਰ ਲਹਿਰ ਦੇ ਅਜੀਬ ਤਰ੍ਹਾਂ ਦੇ ਬੇਹੱਦ ਜੋਸ਼ ਵਿਚ ਰੰਗੇ ਹੋਏ ਜਨੂਨੀ ਆਏ...ਅਤੇ ਇਨ੍ਹਾਂ ਨੂੰ ਵਬਾ ਦੇ ਬੜੇ ਜ਼ੋਰ ਵਾਲੇ ਜਿਰਮ ਅਤੇ ਦੁਸ਼ਮਣੀ ਚਿਮੜ ਗਈ ਸੀ, ਜਿਹੜੀ ਇਹ ਇਕ ਨਵੇਂ ਚੁਗਿਰਦੇ ਵਿਚ ਫੈਲਾਉਣ ਆਏ ਸਨ ।" ਪੰਜਾਬ ਦੇ ਪੁਲਿਸ ਅਫ਼ਸਰਾਂ ਆਪਣੀ ਰੀਪੋਰਟ ਵਿਚ ਲਿਖਿਆ ਹੈ ਕਿ "ਸੁੱਚਾ ਸਿੰਘ ਅਤੇ ਹੋਰ ਜਿਸ ਨਿਝੱਕ ਦਲੇਰੀ ਨਾਲ ਫ਼ੌਜੀਆਂ ਨੂੰ ਪ੍ਰੇਰਨ ਲਈ ਕੰਮ ਕਰਦੇ ਰਹੇ, ਉਸ ਨੂੰ ਵੇਖ ਕੇ ਦੰਦ ਜੁੜ ਜਾਂਦੇ ਹਨ ।" ਸ੍ਰੀ ਸਾਨਿਯਾਲ ਆਪਣੀ ਪੁਸਤਕ 'ਬੰਦੀ ਜੀਵਨ', ਭਾਗ ਪਹਿਲਾ ਵਿਚ ਗਦਰੀ ਇਨਕਲਾਬੀਆਂ ਬਾਰੇ ਲਿਖਦੇ ਹਨ ਕਿ "ਇਨ੍ਹਾਂ ਲੋਕਾਂ ਕੋਈ ਥੋੜੇ ਚਿਰ ਰਹਿਣ ਵਾਲੇ ਜੋਸ਼ ਵਿਚ ਭੜਕ ਕੇ ਸਭ ਕੁਝ ਛੱਡ ਕੇ ਇਸ ਗਦਰ ਧਰਮ ਵਿਚ ਪ੍ਰਵੇਸ਼ ਨਹੀਂ ਕੀਤਾ ਸੀ, ਪਰੰਤੂ ਇਨ੍ਹਾਂ ਦੇ ਹਿਰਦੇ ਵਿਚ ਸੱਚ ਮੁੱਚ ਦੇਸ਼ ਦੀ ਪ੍ਰਚੰਡ ਲਾਟ ਬਲ ਰਹੀ ਸੀ । ਇਸ ਤਰ੍ਹਾਂ ਜੋ ਸਿੱਖ ਦੇਸ਼ ਵਿਚ ਪਰਤ ਆਏ ਸਨ ਉਨ੍ਹਾਂ ਵਿਚੋਂ ਬਹੁਤਿਆਂ ਨਾਲ ਮੇਰੀ ਗੱਲਬਾਤ ਹੋਈ ਸੀ ਤੇ ਉਸ ਤੋਂ ਮਲੂਮ ਹੋਇਆ ਕਿ ਉਹ ਸੱਚਮੁੱਚ ਪ੍ਰਾਣਾਂ ਦੇ ਹਰ ਪਰਦੇ ਵਿਚ, ਦਿਲ ਦੇ ਹਰ ਪਹਿਲੂ ਵਿਚ ਪ੍ਰਾਧੀਨਤਾ ਦੀ ਜਲਨ ਦਾ ਅਨੁਭਵ ਕਰਦੇ ਗਦਰ ਪਾਰਟੀ ਵਿਚ ਸ਼ਾਮਲ ਹੋਏ ਸਨ ।"

ਇਹ ਪੁਸਤਕ ਗਦਰੀ ਇਨਕਲਾਬੀਆਂ ਦੀਆਂ ਬੇਮਿਸਾਲ ਵਿਅਕਤੀਗਤ ਕੁਰਬਾਨੀਆਂ, ਜ਼ਾਤੀ ਦਲੇਰੀ ਤੇ ਆਦਰਸ਼ ਦੀ ਦ੍ਰਿੜਤਾ ਨਾਲ ਭਰੀ ਪਈ ਹੈ ਜਿਨ੍ਹਾਂ ਵਿਚੋਂ ਕੁਝ ਇਕ ਹੇਠ ਲਿਖੀਆਂ ਅਵੱਸ਼ ਵਰਣਨਯੋਗ ਹਨ । "ਸ੍ਰੀ ਪਿੰਗਲੇ ਨੇ ਫਾਂਸੀ ਲੱਗਣ ਸਮੇਂ ਅਖੀਰਲੀ ਅਰਦਾਸ ਮੁਲਕ ਦੀ ਆਜ਼ਾਦੀ ਲਈ ਕੀਤੀ ।" "ਜਦੋਂ ਪਹਿਲੇ ਮੁਕੱਦਮੇ ਦਾ ਫ਼ੈਸਲਾ ਸੁਣਾਇਆ ਗਿਆ ਤਾਂ ਇਕ ਇਨਕਲਾਬੀ

ਸ੍ਰੀ ਜਵਾਲਾ ਸਿੰਘ 'ਠੱਟੀਆਂ' ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ, ਨੇ ਬੇਨਤੀ ਕੀਤੀ ਕਿ ਉਸ ਨੂੰ ਮੌਤ ਦੀ ਸਜ਼ਾ ਦਿਤੀ ਜਾਵੇ। ਜੱਜ ਨੇ ਉਨ੍ਹਾਂ ਨੂੰ ਇਸ ਮਤਲਬ ਲਈ ਅਪੀਲ ਕਰਨ ਬਾਰੇ ਕਿਹਾ। ਸ੍ਰੀ ਕਰਤਾਰ ਸਿੰਘ 'ਸਰਾਭਾ' ਨੇ ਮੌਤ ਦੀ ਸਜ਼ਾ ਦਾ ਹੁਕਮ ਸੁਣ ਕੇ ਕਿਹਾ 'ਧੰਨਵਾਦ' ਅਤੇ ਇਕ ਹੋਰ ਨੇ ਇਹ ਹੁਕਮ ਸੁਣ ਕੇ ਆਖਿਆ 'ਬੱਸ, ਇਹੋ।' ਸ੍ਰੀ ਸੋਹਣ ਸਿੰਘ ਭਕਨਾ, ਸ੍ਰੀ ਕੇਸਰ ਸਿੰਘ 'ਠਠੱਗੜ', ਸ੍ਰੀ ਕਰਤਾਰ ਸਿੰਘ 'ਸਰਾਭਾ' ਅਤੇ ਸ੍ਰੀ ਹਰਨਾਮ ਸਿੰਘ 'ਸਿਆਲਕੋਟੀ', ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋਈ ਸੀ, ਨੇ ਸੁਪਰਿੰਟੈਂਡੈਂਟ ਜੇਲ੍ਹ ਦੇ ਪੁੱਛਣ ਉਤੇ ਰਹਿਮ ਲਈ ਅਪੀਲ ਕਰਨੋਂ ਨਾਂਹ ਕਰ ਦਿੱਤੀ।" "ਸ੍ਰੀ ਅਰਜਨ ਸਿੰਘ (ਜਿਨ੍ਹਾਂ ਹਥੋਂ ਅਨਾਰਕਲੀ ਵਿਚ ਪਲਸੀਆ ਮਾਰਿਆ ਗਿਆ ਸੀ) ਨੇ ਫਾਂਸੀ ਲੱਗਣ ਤੋਂ ਪਹਿਲਾਂ 'ਗਦਰ ਦੀ ਗੂੰਜ' 'ਚੋਂ ਇਕ ਕਵਿਤਾ ਪੜ੍ਹੀ, 'ਵੇਲਾ ਆਣ ਪੁੱਜਾ ਕਿਉਂ ਨਹੀਂ ਜਾਗਦੇ ਓ, ਸੁੱਤੇ ਘੂਕ ਹਿੰਦੂ ਮੁਸਲਮਾਨ ਵੀਰੋ।" ਦਫੇਦਾਰ ਲਛਮਣ ਸਿੰਘ ਨਾਲ ਤੇਈਵੇਂ ਰਸਾਲੇ ਦੇ ਇਕ ਮੁਸਲਮਾਨ ਸ੍ਰੀ ਅਬਦੁਲਾ ਨੂੰ ਵੀ ਫਾਂਸੀ ਦਾ ਹੁਕਮ ਹੋਇਆ ਸੀ। ਜਦ ਸ੍ਰੀ ਅਬਦੁੱਲਾ ਨੂੰ ਜਾਨ ਬਖਸ਼ ਦੇਣ ਦਾ ਲਾਲਚ ਦੇ ਕੇ ਕੁਝ ਗੁਪਤ ਗੱਲਾਂ ਦੀ ਟੋਹ ਲੈਣ ਦੀ ਕੋਸ਼ਿਸ਼ ਕੀਤੀ ਗਈ, ਅਤੇ ਕਿਹਾ ਗਿਆ ਕਿ ਤੂੰ ਇਕ ਕਾਫ਼ਰ ਦੇ ਨਾਲ ਫਾਂਸੀ ਚੜ੍ਹਨਾ ਕਿਸ ਤਰ੍ਹਾਂ ਪਸੰਦ ਕਰੇਂਗਾ, ਤਦ ਸ੍ਰੀ ਅਬਦੁੱਲਾ ਨੇ ਉਤਰ ਦਿੱਤਾ ਕਿ, "ਜੇਕਰ ਮੈਂ ਲਛਮਣ ਸਿੰਘ ਦੇ ਨਾਲ ਹੀ ਫਾਂਸੀ ਪੁਰ ਲਟਕਾਇਆ ਜਾਵਾਂ ਤਾਂ ਮੈਨੂੰ ਜ਼ਰੂਰ ਹੀ ਬਹਿਸ਼ਤ ਮਿਲੇਗੀ। ਉਨ੍ਹਾਂ ਆਪਣੀ ਜਾਨ ਬਚਾਉਣ ਦੀ ਪਰਵਾਹ ਨਾ ਕੀਤੀ ਅਤੇ ਫਾਂਸੀ ਲੱਗ ਕੇ ਸ਼ਹੀਦ ਹੋ ਗਏ।" ਜਦੋਂ ਬਰਮਾ ਦੇ ਗਵਰਨਰ ਨੇ ਸ੍ਰੀ ਸੋਹਣ ਲਾਲ 'ਪਾਥਕ' ਨੂੰ ਜਾਨ-ਬਖਸ਼ੀ ਲਈ ਮੁਆਫੀ ਮੰਗ ਲੈਣ ਲਈ ਕਿਹਾ ਤਾਂ ਉਹਨਾਂ ਉੱਤਰ ਦਿੱਤਾ ਕਿ, 'ਮੁਆਫ਼ੀ ਤਾਂ ਸਗੋਂ ਅੰਗ੍ਰੇਜ਼ਾਂ ਨੂੰ ਮੰਗਣੀ ਚਾਹੀਦੀ ਹੈ, ਕਿਉਂਕਿ ਉਹ ਹਿੰਦੀਆਂ ਉਤੇ ਜ਼ੁਲਮ ਕਰਦੇ ਰਹੇ ਹਨ।' ਇਹ ਕਿਹਾ ਤੇ ਫ਼ਾਂਸੀ 'ਤੇ ਲਟਕ ਗਏ। ਬਰਮਾ ਕੇਸ ਦਾ ਫ਼ੈਸਲਾ ਹੋਣ ਸਮੇਂ ਸ੍ਰੀ ਚਾਲੀਆ ਰਾਮ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ, ਪਰ ਉਨ੍ਹਾਂ ਉਤੇ ਰਹਿਮ ਕਰਨ ਦੀ ਸਫਾਰਸ਼ ਕੀਤੀ ਗਈ। ਪਰ ਸ੍ਰੀ ਚਾਲੀਆ ਰਾਮ ਨੇ ਇਹ ਕਹਿ ਕੇ ਅਪੀਲ ਕਰਨੋਂ ਨਾਂਹ ਕਰ ਦਿਤੀ ਕਿ ਉਹ ਸ੍ਰੀ ਹਰਨਾਮ ਸਿੰਘ 'ਕਾਹਰੀ ਸਾਰੀ' ਵਰਗੇ ਮਹਾਤਮਾ ਦਾ ਸੰਗ ਨਹੀਂ ਸੀ ਛੱਡਣਾ ਚਾਹੁੰਦੇ।"

ਫਾਂਸੀ ਦੀਆਂ ਕਾਲ ਕੋਠੜੀਆਂ ਵਿਚ ਬੰਦ ਹੋਣ ਵੇਲੇ ਦੀ ਹਾਲਤ ਦਾ ਭਾਈ ਪਰਮਾਨੰਦ ਯੂ: ਪੀ: ਵਾਲੇ ਇਉਂ ਨਕਸ਼ਾ ਖਿਚਦੇ ਹਨ..."ਇਕ ਮਿੰਟ ਵੀ ਨਹੀਂ ਸੀ ਗੁਜ਼ਰਦਾ ਜਦੋਂ ਕੋਈ ਨਾ ਕੋਈ ਭਗਤੀ-ਭਾਵ ਵਾਲਾ ਗੀਤ ਜਾਂ ਦੇਸ਼ ਭਗਤੀ ਦੀ ਕਵਿਤਾ ਨਾ ਗਾਈ ਜਾਂਦੀ ਹੋਵੇ। ਹਾਸੇ ਅਤੇ ਮਖੌਲ ਨਾਲ ਬਹੁਤ ਰਾਤ ਗਈ ਤੱਕ ਗੱਲ ਬਾਤ ਜਾਰੀ ਰੱਖੀ ਜਾਂਦੀ ਜਦ ਅਸੀਂ ਥੱਕ ਕੇ ਚੂਰ ਹੋ ਕੇ ਸੌਂ ਜਾਂਦੇ। ਸਾਡੇ ਪਹਿਰੇਦਾਰ ਸਾਡੀ ਹਾਲਤ ਉਤੇ ਹੈਰਾਨ ਹੁੰਦੇ ਅਤੇ ਕਈ ਵੇਰ ਪੁੱਛਦੇ ਕਿ ਅਸੀਂ ਮੌਤ ਲਈ ਤਿਆਰੀ ਕਰ ਰਹੇ ਸਾਂ ਜਾਂ ਜੰਞ ਚੜ੍ਹ ਰਹੇ ਸਾਂ...ਕਰਤਾਰ ਸਿੰਘ 'ਸਰਾਭਾ' ਖਾਸ ਤੌਰ ਉਤੇ ਖੁਸ਼ੀ ਦੇ ਰੰਗ ਵਿਚ ਸੀ ਅਤੇ ਆਪਣੀ ਸਪਿਰਟ ਦੂਸਰਿਆਂ ਵਿਚ ਭਰਦਾ। ਉਹ ਕਹਿੰਦਾ "ਸਾਨੂੰ ਜਲਦੀ ਫ਼ਾਂਸੀ ਦਿਓ, ਤਾਕਿ ਅਸੀਂ ਜਲਦੀ ਮੁੜ ਜਨਮ ਲੈ ਕੇ ਆਪਣਾ ਕੰਮ ਉਥੋਂ ਸ਼ੁਰੂ ਕਰੀਏ ਜਿਥੇ ਅਸੀਂ ਛੱਡ ਚੱਲੇ ਹਾਂ।" ਸ੍ਰੀ ਸੱਜਣ ਸਿੰਘ (ਪਿੰਡ ਨਾਰੰਗਵਾਲ) ਬਾਰੇ ਦੂਸਰੇ ਮੁਕੱਦਮੇ ਦੇ ਫੈਸਲੇ ਵਿਚ ਲਿਖਿਆ ਹੈ ਕਿ 'ਸਾਡੀ ਰਾਏ ਵਿਚ ਉਹ ਮੁਕੰਮਲ ਬਦਮਾਸ਼ ਹੈ, ਜਿਸ ਨੂੰ ਆਪਣੀ ਕੀਤੀ ਉਤੇ ਪਛਤਾਵਾ ਨਹੀਂ। ਉਹ ਬਹੁਤ ਜ਼ਿਆਦਾ ਖ਼ਤਰਨਾਕ ਆਦਮੀ ਹੈ, ਜੋ ਮੌਕਿਆ ਮਿਲਣ ਉਤੇ ਇਕ ਹੋਰ ਕਰਤਾਰ ਸਿੰਘ 'ਸਰਾਭਾ' ਬਣ ਸਕਦਾ ਹੈ, ਅਰਥਾਤ ਸ੍ਰੀ



ਕਰਤਾਰ ਸਿੰਘ 'ਸਰਾਭਾ' ਗ਼ਦਰ ਪਾਰਟੀ ਲਹਿਰ ਦੀ ਕੁਰਬਾਨੀ ਅਤੇ ਦਲੇਰੀ ਦਾ ਸਪਿਰਟ ਦਾ ਚੋਟੀ ਦਾ ਨਮੂਨਾ ਮੰਨੇ ਜਾਂਦੇ ਸਨ। ਇਹ ਹੈ ਵੀ ਠੀਕ। ਜਿਨ੍ਹਾਂ ਇਨਕਲਾਬੀਆਂ ਨੂੰ ਉਨ੍ਹਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ; ਉਹ ਸਭ ਇਸ ਬਾਰੇ ਮੁਤਫਿਕ ਹਨ। ਸ੍ਰੀ ਸਾਨੀਯਾਲ ਲਿਖਦੇ ਹਨ ਕਿ, "ਜੰਜ਼ੀਰਾਂ ਵਿਚ ਜਕੜੇ ਹੋਏ ਕਰਤਾਰ ਸਿੰਘ ਦੇ ਮੁਖੜੇ ਪੁਰ ਬੀਰਤਾ ਦੀ ਅਜਿਹੀ ਸ਼ੋਭਾ ਝਲਕਦੀ ਸੀ ਕਿ ਉਸ ਮੂਰਤ ਨੂੰ ਵਖ ਵੇਖ ਸੱਜਣ ਦੁਸ਼ਮਣ ਸਭ ਇਕ-ਦਮ ਮੁਗਦ ਹੋ ਜਾਂਦੇ ਸਨ। ਭਾਈ ਪਰਮਾਨੰਦ ਵੀ ਸ੍ਰੀ 'ਸਰਾਭਾ' ਬਾਰੇ ਲਿਖਦੇ ਹਨ ਕਿ, "ਉਸ ਦੀ ਉੱਚੀ ਸਪਿਰਟ, ਉਸ ਦੀ ਨਿਡਰਤਾ ਅਤੇ ਮੌਤ ਤੋਂ ਬੇਪਰਵਾਹੀ, ਐਸੀਆਂ ਖੂਬੀਆਂ ਹਨ, ਜੋ ਉਸ ਉਮਰ ਦੇ ਛੋਕਰੇ ਵਿਚ ਦੁਰਲੱਭ ਹਨ...ਉਹ ਵੱਡੇ ਅਫ਼ਸਰਾਂ ਕੋਲੋਂ ਮਾਸਾ ਵੀ ਨਹੀਂ ਸੀ ਡਰਦਾ...ਜੇਲ੍ਹ ਸੁਪਰਿੰਟੈਂਡੈਂਟ ਉਸ ਦੀ ਗੱਲਬਾਤ ਬੜੇ ਸੁਆਦ ਨਾਲ ਸੁਣਦਾ ਹੁੰਦਾ ਸੀ, ਜਦੋਂ ਉਹ ਕਈ ਵੇਰ ਕਹਿੰਦਾ, "ਤੁਸਾਂ ਸਾਨੂੰ ਫਾਂਸੀ ਤਾਂ ਦੇ ਹੀ ਦੇਣਾ ਹੈ, ਐਵੇਂ ਸਾਨੂੰ ਕਿਉਂ ਤੰਗ ਕਰੋ...।" ਗਦਰ ਪਾਰਟੀ ਲਹਿਰ ਦੇ ਮੁਖ ਸੰਚਾਲਕ ਹੋਣ ਦੇ ਨਾਤੇ ਸ੍ਰੀ ਰਾਸ ਬਿਹਾਰੀ ਬੋਸ ਦੇ ਗਲੇ ਵਿਚ ਹਰ ਦਮ ਫ਼ਾਂਸੀ ਦੀ ਤਖ਼ਤੀ ਲਟਕਦੀ ਰਹਿੰਦੀ ਸੀ ਅਤੇ ਲਹਿਰ ਵਿਚ ਸਰਗਰਮ ਹਿੱਸਾ ਲੈਣ ਸਮੇਂ ਕਿਵੇਂ ਉਹ ਸਦਾ ਮੌਤ ਨਾਲ ਖੇਡਦੇ ਰਹਿੰਦ ਸਨ।

" 'ਗ਼ਦਰ ਪਾਰਟੀ ਲਹਿਰ' ਦਾ ਅਸਲਾ ਹੀ ਐਸਾ ਸੀ ਕਿ ਇਸ ਵਿਚ ਉਹੋ ਹਿੱਸਾ ਲੈ ਸਕਦੇ ਸਨ ਜੋ ਸਿਰਾਂ ਉਤੇ ਖੱਫਣ ਬੰਨ੍ਹ ਕੇ ਮੈਦਾਨ ਵਿਚ ਉਤਰਨ। ਗਦਰੀ ਇਨਕਲਾਬੀਆਂ ਨੂੰ ਆਪਣੇ ਨਿਸ਼ਾਨੇ ਉਤੇ ਪੁੱਜਣ ਤੋਂ ਪਹਿਲਾਂ ਜੋ ਕੀਮਤ ਅਦਾ ਕਰਨੀ ਪੈਣੀ ਸੀ, ਉਨ੍ਹਾਂ ਨੂੰ ਉਸ ਬਾਰੇ ਭੁਲੇਖਾ ਨਹੀਂ ਸੀ। 'ਗਦਰ' ਅਖ਼ਬਾਰ ਵਿਚ ਸਾਫ਼ ਲਿਖਿਆ ਗਿਆ ਸੀ ਕਿ, 'ਲੋੜ ਹੈ, ਹਿੰਦ ਵਿਚ ਗ਼ਦਰ ਭੜਕਾਉਣ ਲਈ ਬਹਾਦਰ ਸਪਾਹੀਆਂ ਦੀ; ਤਨਖਾਹ—ਮੌਤ; ਇਨਾਮ-ਸ਼ਹੀਦੀ, ਪੈਨਸ਼ਨ—ਆਜ਼ਾਦੀ; ਲੜਾਈ ਦਾ ਮੈਦਾਨ—ਹਿੰਦ।" "ਜਿਹੜਾ ਆਦਮੀ ਗਦਰ ਪਾਰਟੀ ਜਾਂ ਯੁਗੰਤਰ ਆਸ਼ਰਮ ਦੀ ਕੌਂਸਲ ਵਿਚ ਸ਼ਾਮਲ ਕੀਤਾ ਜਾਂਦਾ, ਉਸ ਨੂੰ ਛੇ ਪ੍ਰਣ ਕਰਨੇ ਪੈਂਦੇ ਸਨ ਜਿਨ੍ਹਾਂ ਵਿਚੋਂ ਤਿੰਨ ਵੱਡੇ ਇਹ ਸਨ: (ੳ) ਸਾਰੀ ਨਿੱਜੀ ਜਾਇਦਾਦ ਆਜ਼ਾਦੀ ਦੀ ਖਾਤਰ ਅਰਪਣ ਕਰ ਦੇਣੀ। (ਅ) ਉਪਰੋਕਤ ਮਕਸਦ ਲਈ ਸਾਰੀ ਉਮਰ ਵਕਫ਼ ਕਰ ਦੇਣੀ। (ੲ) ਜਾਤ-ਪਾਤ, ਰੰਗ ਜਾਂ ਧਰਮ ਦੀ ਬਿਨਾ ਉਤੇ ਕਿਸੇ ਆਦਮੀ ਤੋਂ ਤਰਕ ਨਾ ਕਰਨੀ। ਸ੍ਰ: ਜਗਜੀਤ ਸਿੰਘ ਦਸਦੇ ਹਨ ਕਿ ਆਦਰਸ਼ ਦੀ ਇਹ ਉੱਚਤਾ ਆਪਣੇ ਸਾਰੇ ਹੱਦ-ਬੰਨੇ ਪਾਰ ਕਰ ਗਈ ਜਾਪਦੀ ਸੀ, ਇਥੋਂ ਤੱਕ ਕਿ ਆਖਰੀ ਮਨੁਖੀ ਕਮਜ਼ੋਰੀ 'ਹਉਮੈਂ' ਦਾ ਤਿਆਗ ਵੀ ਇਨ੍ਹਾਂ ਗ਼ਦਰੀ ਇਨਕਲਾਬੀਆਂ ਲਈ ਇਕ ਸੁਤੇ-ਸਿੱਧ ਗ੍ਰਹਿਣ ਕੀਤੀ ਹੋਈ ਗੱਲ ਬਣ ਕੇ ਰਹਿ ਗਿਆ ਸੀ। "ਕਿਸੇ ਸੱਚੀ ਲਗਨ ਦੀ ਸ਼ਾਇਦ ਸਭ ਤੋਂ ਵੱਡੀ ਪਰਖ ਇਹ ਹੈ ਕਿ ਉਸ ਵਿਚ ਮਗਨ ਹੋ ਕੇ ਆਦਮੀ ਕਿਸ ਹੱਦ ਤੱਕ ਆਪਣੀ ਹਉਮੈਂ ਨੂੰ ਭੁਲਾ ਸਕਦਾ ਹੈ। ਗਦਰ ਪਾਰਟੀ ਦੀਆਂ ਔਹਦੇਦਾਰੀਆਂ ਵਲ ਇਤਨਾ ਘੱਟ ਧਿਆਨ ਦਿੱਤਾ ਗਿਆ ਕਿ ਇਸ ਦੇ ਔਹਦੇਦਾਰਾਂ ਨੂੰ ਸਬੂਤ ਦੇ ਕੇ ਨਿਸ਼ਚਿਤ ਕਰਨਾ ਮੁਸ਼ਕਲ ਹੋ ਗਿਆ ਹੈ। ਗਦਰ ਪਾਰਟੀ ਦੇ ਸੈਂਟਰ ਉਤੇ ਕਿਸ ਦਾ ਕੰਟਰੋਲ ਰਹਿੰਦਾ ਹੈ, ਉਨ੍ਹਾਂ ਇਸ ਦਾ ਵੀ ਫਿਕਰ ਨਾ ਕੀਤਾ। ਗਦਰ ਪਾਰਟੀ ਦੇ ਸਭ ਚੋਟੀ ਦਾ ਵਰਕਰ ਤੇ ਔਹਦੇਦਾਰ ਹਿੰਦ ਅਤੇ ਸਿਆਮ-ਬਰਮਾ ਦੀਆਂ ਗ਼ਦਰੀ ਮੁਹਿੰਮਾਂ ਦੇ ਮੂਹਰੇ ਲੱਗ ਕੇ ਆ ਗਏ...ਗਦਰ ਪਾਰਟੀ ਦੇ ਇਨਕਲਾਬੀਆਂ ਹੋਰਨਾਂ ਦੀ ਕਮਾਨ ਹੇਠ ਕੰਮ ਕਰਨੋਂ ਕਤੱਈ ਸੰਕੋਚ ਨਾ ਕੀਤਾ, ਅਤੇ ਸ੍ਰੀ ਰਾਸ ਬਿਹਾਰੀ ਬੋਸ ਨੂੰ ਲੱਭ ਕੇ ਹਿੰਦ ਵਿਚਲੀ ਗ਼ਦਰ ਪਾਰਟੀ ਲਹਿਰ ਦਾ ਲੀਡਰ ਬਣਾਇਆ ਗਿਆ। ਦੂਸਰੇ

ਮੁਕੱਦਮੇ ਦੇ ਜੱਜਾਂ ਨੇ ਟਿਚਕਰ ਕੀਤੀ ਕਿ 'ਸੰਤ' ਰਣਧੀਰ ਸਿੰਘ, ਜਿਨ੍ਹਾਂ ਦੀ ਆਯੂ ਉਸ ਸਮੇਂ 38 ਸਾਲ ਦੀ ਸੀ, ਸ੍ਰੀ ਕਰਤਾਰ ਸਿੰਘ ਵਰਗੇ ਛੋਕਰੇ ਦੀ ਕਮਾਨ ਹੇਠ ਕੰਮ ਕਰਦੇ ਰਹ। ਜੱਜ ਗਦਰ ਪਾਰਟੀ ਲਹਿਰ ਦੀ ਸਪਿਰਟ ਨੂੰ ਨਹੀਂ ਸਨ ਸਮਝ ਸਕੇ ਕਿ ਗ਼ਦਰੀ ਇਨਕਲਾਬੀ ਨੇ ਆਪਣੀ ਲਗਨ ਦੀ ਮਸਤੀ ਵਿਚ ਆਪਣੀ ਹਉਮੈਂ ਅਤੇ ਸ਼ਖਸੀਅਤ-ਪ੍ਰਤੀ ਨੂੰ ਕਿਸ ਹੱਦ ਤੱਕ ਭੁਲਾਇਆ ਹੋਇਆ ਸੀ। 'ਸੰਤ' ਰਣਧੀਰ ਸਿੰਘ ਹੀ ਨਹੀਂ, ਹੋਰ ਇਨਕਲਾਬੀ ਵੀ ਸ੍ਰੀ ਕਰਤਾਰ ਸਿੰਘ, ਜੋ ਸਭ ਤੋਂ ਛੋਟੀ ਉਮਰ ਦੇ ਸਨ, ਦੀ ਕਮਾਨ ਹੇਠ ਕੰਮ ਕਰਦੇ ਰਹੇ।"

ਗਦਰੀ ਇਨਕਲਾਬੀਆਂ ਦੀ ਦੇਸ਼-ਭਗਤੀ ਦੀ ਮਹਾਨ ਸਪਿਰਟ ਅਤੇ ਆਜ਼ਾਦੀ ਦੇ ਉਦੇਸ਼ਾਂ ਪ੍ਰਤੀ ਸੁਹਿਰਦਤਾ ਦੇ ਸਬੂਤ ਉਨ੍ਹਾਂ ਦੇ ਜੇਲ੍ਹ-ਜੀਵਨ ਤੋਂ ਵੀ ਭਲੀ ਭਾਂਤ ਮਿਲ ਜਾਂਦੇ ਹਨ। ਕਰੜੇ ਤੋਂ ਕਰੜੇ ਤਸੀਹੇ ਸਹਾਰਦਿਆਂ ਵੀ ਉਹ ਕਦੇ ਨਿਮੋ-ਝੂਣੇ ਨਾ ਹੋਏ ਤੇ 'ਹੱਕ', 'ਸੱਚ' ਲਈ ਜ਼ਿੰਦਗੀ ਦੇ ਆਖਰੀ ਖਣਾਂ ਤਕ ਉਸੇ ਜਵਾਂਮਰਦੀ ਨਾਲ ਲੜਦੇ ਰਹੇ ਜਿਸ ਹੌਂਸਲੇ ਤੇ ਦਲੇਰੀ ਨਾਲ ਉਹ ਪਹਿਲੋਂ ਗਦਰ ਪਾਰਟੀ ਲਹਿਰ ਵਿਚ ਕੁੱਦੇ ਸਨ। "ਅੰਡੇਮਾਨ ਨੂੰ ਜਾਣ ਵਾਲੀ ਗਦਰੀ ਕੈਦੀਆਂ ਦੀ ਪਹਿਲੀ ਟੋਲੀ ਨੇ ਜਹਾਜ਼ ਵਿਚ ਮੀਟਿੰਗ ਕਰ ਕੇ ਇਹ ਫੈਸਲੇ ਕਰ ਲਏ ਸਨ ਕਿ, (ੳ) ਮੁਸ਼ੱਕਤ ਕੀਤੀ ਜਾਏ, ਪਰ ਉਹ ਜੋ ਵਿਤ ਤੋਂ ਬਾਹਰ ਨਾ ਹੋਵੇ, (ਅ) ਜੇਲ੍ਹ ਕਰਮਚਾਰੀਆਂ ਨਾਲ ਬੋਲਚਾਲ ਵੇਲੇ ਸ਼ਾਇਸਤਗੀ ਤੋਂ ਕੰਮ ਲਿਆ ਜਾਵੇ, ਪਰ ਜੇ ਕੋਈ ਜੇਲ੍ਹ ਕਰਮਚਾਰੀ ਨਾਜਾਇਜ਼ ਬੇਇਜ਼ਤੀ ਕਰੇ ਤਾਂ ਉਸ ਦਾ ਮੁਕਾਬਲਾ ਕੀਤਾ ਜਾਏ। ਜਿਸ ਦੇ ਨਾਲ ਵੀ ਕੋਈ ਅਜਿਹਾ ਮੁਆਮਲਾ ਆ ਬਣੇ, ਉਹ ਉਸ ਨੂੰ ਕੌਮੀ ਅਣਖ ਦਾ ਸਵਾਲ ਸਮਝ ਕੇ ਜ਼ੁਲਮ ਦਾ ਮੁਕਾਬਲਾ ਕਰੇ, (ੲ) ਜੇਲ੍ਹ ਵਿਚ ਕੋਈ ਚੀਜ਼ ਬਾਹਰੋਂ ਚੋਰੀ ਮੰਗਵਾ ਕੇ ਨਾ ਖਾਧੀ ਜਾਵੇ ਕਿਉਂਕਿ ਇਸ ਨਾਲ ਕੌਮ ਅਤੇ ਪਾਰਟੀ ਦੇ ਇਖਲਾਕ ਉਤੇ ਧੱਬਾ ਲਗਦਾ ਸੀ। ਜਿੰਮ ਫੇਲਿਨ ਦੀ ਪੁਸਤਕ 'ਜੇਲ੍ਹ ਯਾਤਰਾ' (Jail Journey) ਦਾ ਹਵਾਲਾ ਦਿੰਦਾ ਹੋਇਆ ਲਿਖਾਰੀ ਦਸਦਾ ਹੈ ਕਿ ਜਿੰਮ ਫੇਲਨ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ, 'ਜੇਲ੍ਹ ਵਿਚ ਆਦਮੀ ਦਾ ਆਚਰਣ ਉਘੜ ਕੇ ਪ੍ਰਤੱਖ ਹੋ ਜਾਂਦਾ ਹੈ। ਹਰ ਇਕ ਦੀ ਛੋਟੀ ਕਮਜ਼ੋਰੀ ਜਾਗ ਪੈਂਦੀ ਹੈ, ਬਾਹਰ ਨਿਕਲ ਕੇ ਦਿਸਣ ਲੱਗ ਪੈਂਦੀ ਅਤੇ ਚਮਕ ਪੈਂਦੀ ਹੈ, ਹੱਤਾਕਿ ਕਮਜ਼ੋਰੀਆਂ ਦੇ ਲਿਬਾਸ ਵਿਚ ਕੈਦੀ ਨਹੀਂ ਹੁੰਦਾ, ਬਲਕਿ ਕੈਦੀ ਦੇ ਲਿਬਾਸ ਵਿਚ ਕਮਜ਼ੋਰੀਆਂ ਦਾ ਪੁਤਲਾ ਰਹਿ ਜਾਂਦਾ ਹੈ।" ਪਰ ਗਦਰ ਕੈਦੀਆਂ ਬਾਰੇ ਇਹ ਯਕੀਨੀ ਤੌਰ ਉਤੇ ਕਿਹਾ ਜਾ ਸਕਦਾ ਹੈ ਕਿ ਉਹ ਜੇਲ੍ਹ ਯਾਤਰਾ ਦੀ ਕੁਠਾਲੀ ਵਿਚੋਂ ਕੁੰਦਨ ਹੋ ਕੇ ਨਿਕਲੇ। ਉਨ੍ਹਾਂ ਦੀ ਜੇਲ੍ਹ ਯਾਤਰਾ, ਉਨ੍ਹਾਂ ਦੀ ਜੇਲ੍ਹ ਤੋਂ ਬਾਹਰ ਕੀਤੀ ਜਦੋ-ਜਹਿਦ ਦਾ ਇਕ ਤਰ੍ਹਾਂ ਅੱਗੋਂ ਜਾਰੀ ਰਹਿਣ ਵਾਲਾ ਅਮਲ ਸਾਬਤ ਹੋਈ, ਜਿਸ ਵਿਚ ਉਨ੍ਹਾਂ ਦੀ ਇਨਕਲਾਬੀ ਸਪਿਰਟ ਵਿਚ ਲਚਕ ਨਾ ਆਈ। ਬਲਕਿ ਭਾਈ ਪਰਮਾਨੰਦ (ਯੂ. ਪੀ.) ਨੇ ਇਹ ਗਿਲਾ ਕੀਤਾ ਹੈ ਕਿ ਉਨ੍ਹਾਂ ਵਿਚ ਲੋੜ ਨਾਲੋਂ ਵੱਧ ਜੋਸ਼ ਸੀ, ਅਤੇ ਐਮ. ਐਸ. ਲੇਹ ਨੇ ਲਿਖਿਆ ਹੈ ਕਿ ਗਦਰੀ ਕੈਦੀ ਅੰਡੇਮਾਨ ਅਤੇ ਹੋਰ ਜੇਲ੍ਹਾਂ ਵਿਚ ਬਦਸਤੂਰ ਅੜੇ ਰਹੇ।

ਗਦਰ ਪਾਰਟੀ ਲਹਿਰ ਦੇ ਹਥਿਆਰਬੰਦ ਤਰੀਕਾਕਾਰ ਤੇ ਕਾਂਗਰਸ ਪਾਰਟੀ ਤੇ ਕਾਂਗਰਸ ਸਰਕਾਰ ਦੇ ਸ਼ਾਂਤਮਈ ਤਰੀਕਾਕਾਰ ਦੇ ਪਿਛੋਕੜ ਵਿਚ ਭਾਰਤੀ ਸਭਿਆਚਾਰ ਵਿਚ ਧੁਰ ਜੜ੍ਹਾਂ ਤਕ ਧਸੀ ਮਨੋਵਿਗਿਆਨਕ ਹੀਣਤਾ ਦਾ ਵਿਰੋਧ ਤੇ ਵਿਸ਼ਲੇਸ਼ਣ ਇਕ ਫਲਸਫਾਨਾ ਰੰਗ ਵਿਚ ਲੇਖਕ ਨੇ ਬੜੇ ਕਮਾਲ ਦੇ ਢੰਗ ਨਾਲ ਸਪਸ਼ਟ ਕੀਤਾ ਹੈ ਜਿਸ ਨੂੰ ਪੜ੍ਹ ਕੇ ਸਰਕਾਰਾਂ ਤੇ ਪਾਰਟੀਆਂ ਦੀ ਅਸਲੀਅਤ ਦਾ ਹੀਜ ਪਿਆਜ ਉਘੜਦਾ ਤੇ ਵਰਗੀ-ਭੇਦ ਸਪਸ਼ਟ ਹੋ ਜਾਂਦੀ ਹੈ। "ਕਿਸੇ ਲਹਿਰ



ਦੇ ਰੋਸ਼ਨ ਪਹਿਲੂਆਂ ਨੂੰ ਮਿੱਟੀ ਦੇ ਢੇਰ ਹੇਠ ਦੱਬ ਦੇਣ ਵਾਸਤੇ ਉਸ ਦੀ ਅਸਫਲਤਾ ਹੀ ਅਕਸਰ ਕਾਫੀ ਹੁੰਦੀ ਹੈ, ਪਰ ਹਿੰਦ ਵਿਚ ਦੁਨੀਆਂ ਤੋਂ ਨਿਆਰਾ ਅਤੇ ਅਨੋਖਾ ਵਾਯੂਮੰਡਲ ਪੈਦਾ ਹੋਇਆ ਹੋਇਆ ਹੈ। ਜ਼ਮਾਨੇ ਦੇ ਕਾਲ-ਚੱਕਰ ਵਿਚ ਕੌਮਾਂ ਉਤੇ ਕਈ ਰੰਗ ਆਉਂਦੇ ਹਨ, ਪਰ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਸਮਝਿਆ ਜਾਵੇ। ਦੇਸ ਦੀ ਆਬੋ ਹਵਾ, ਜ਼ਿੰਦਗੀ ਦੀ ਫਿਲਾਸਫੀ, ਅਤੇ ਇਤਿਹਾਸਕ ਕਾਰਨਾਂ ਤੋਂ, ਦੇਸ਼ ਦੀ ਬਹੁਗਿਣਤੀ ਵਿਚ ਪੈਦਾ ਹੋਈ ਨਿਢਾਲਤਾ ਅਤੇ ਕਾਇਰਤਾ ਨੂੰ ਸਮਝ ਕੇ ਦੂਰ ਕਰਨ ਦੀ ਬਜਾਏ, ਦੇਸ਼ ਦੇ ਖਾਸੇ ਤਬਕੇ ਵਿਚ ਐਸੀ ਮਨੋਵਿਗਿਆਨਕ ਉਲਝਣ ਪੈਦਾ ਹੋ ਗਈ, ਜੋ ਆਪਣੇ ਆਪ ਨੂੰ ਭੁਲੇਖੇ ਵਿਚ ਪਾ ਕੇ, ਇਨ੍ਹਾਂ ਕਮਜ਼ੋਰੀਆਂ ਨੂੰ ਹੀ ਗੁਣਾਂ ਦੀ ਰੰਗਤ ਦੇ ਕੇ ਤਸੱਲੀ ਲੈਣ ਲੱਗ ਪਈ। ਬੁੱਧ ਅਤੇ ਜੈਨ ਮੱਤਾਂ ਦੇ ਅਹਿੰਸਾ ਦੇ ਫਲਸਫੇ, ਜੋ ਸ਼ੁਰੂ ਵਿਚ ਇਨਸਾਨੀ ਆਦਰਸ਼ਕ ਹੁਲਾਰਿਆਂ ਦੀ ਸ਼ਕਲ ਵਿਚ ਦੇਸ਼ ਵਿਚ ਫੈਲੇ ਸਨ, ਪਿਛੋਂ ਬੁਜ਼ਦਿਲੀ ਉਤੇ ਰੰਗੀਨ ਪਰਦਾ ਪਾਉਣ ਵਾਸਤੇ ਵਰਤੇ ਜਾਣ ਲੱਗੇ। ਮੌਜੂਦਾ ਜ਼ਮਾਨੇ ਵਿਚ ਸ਼ਾਂਤਮਈ ਅਤੇ ਅਸ਼ਾਂਤਮਈ ਸੰਬੰਧੀ ਧਾਰਮਕ ਅਤੇ ਇਖਲਾਕੀ ਮਾਹੌਲ ਵਿਚ ਹੋਈ ਲੰਮੀ ਚੌੜੀ ਚਰਚਾ, ਅਤੇ ਇਸ ਚਰਚਾ ਦੇ ਰਾਜਸੀ ਮਸਲਿਆਂ ਦੇ ਨਾਲ ਜੋੜੇ ਜਾਣ ਦੇ ਕਾਰਨ, ਕਾਂਗਰਸ ਅਤੇ ਕਾਂਗਰਸੀ ਨੇਵਤਾਵਾਂ ਦੀ ਹਥਿਆਰਬੰਦ ਇਨਕਲਾਬੀ ਲਹਿਰ ਦੀ ਖੁਲ੍ਹੇ ਮੈਦਾਨ ਕੀਤੀ ਨਿਖੇਧੀ ਦੇ ਕਾਰਨ, ਤਰਾਸਵਾਦੀ ਤਰੀਕਾਕਾਰ ਦੇ ਜ਼ਾਹਰਾ ਤੌਰ ਉਤੇ ਕਾਮਯਾਬ ਨਾ ਹੋਣ ਦੇ ਚਾਨਸਾਂ ਦੇ ਕਾਰਨ, ਅਤੇ ਉਪਰੀ ਨਜ਼ਰੇ ਵੇਖਿਆਂ ਜਿਨ੍ਹਾਂ ਹਾਲਾਤ ਵਿਚ ਅੰਗਰੇਜ਼ ਹਿੰਦ ਦਾ ਰਾਜ ਹਿੰਦੀਆਂ ਦੇ ਹਵਾਲੇ ਕਰ ਗਏ ਹਨ, ਉਸ ਦੇ ਕਾਰਨ, ਮੁਲਕ ਵਿਚ ਐਸਾ ਵਾਯੂ-ਮੰਡਲ ਪਸਰ ਗਿਆ ਹੈ, ਜਿਵੇਂ ਵਿਦੇਸ਼ੀ ਹਕੂਮਤ ਵਿਰੁਧ ਵੀ ਹਥਿਆਰਬੰਦ ਇਨਕਲਾਬ ਕਰਨਾ ਇਖਲਾਕੀ ਤੌਰ ਉਤੇ ਨਾਵਾਜਬ ਸੀ, ਜਾਂ ਇਸ ਦੀ ਸਫਲਤਾ ਦੇ ਚਾਨਸ ਨਹੀਂ ਸਨ। ਕਾਂਗਰਸ ਵੀ ਸ਼ਾਂਤਮਈ ਤਰੀਕਾਕਾਰ ਨੂੰ ਬਤੌਰ ਅਟੱਲ ਅਸੂਲ ਅਪਣਾਉਂਦੀ ਨਹੀਂ ਰਹੀ। ਮੁਲਕ ਦਾ ਰਾਜ-ਪ੍ਰਬੰਧ ਚਲਾਉਣ ਲਈ ਕਾਂਗਰਸ ਹਮੇਸ਼ਾਂ ਪੁਲਸ ਅਤੇ ਫ਼ੌਜ ਦੀ ਵਰਤੋਂ ਦੀ ਹਾਮੀ ਰਹੀ ਹੈ, ਅਤੇ ਆਜ਼ਾਦੀ ਪ੍ਰਾਪਤ ਕਰਨ ਦੇ ਥੋੜਾ ਸਮਾ ਪਿੱਛੋਂ ਕਸ਼ਮੀਰ ਅਤੇ ਹੈਦਰਾਬਾਦ ਵਿਚ ਕਾਂਗਰਸ ਸਰਕਾਰ ਨੂੰ ਫ਼ੌਜੀ ਕਾਰਵਾਈ ਕਰਨ ਵਾਸਤੇ ਮਜਬੂਰ ਹੋਣਾ ਪਿਆ ਹੈ। ਇਸ ਤੋਂ ਇਲਾਵਾ ਇਤਿਹਾਸਕ ਪੜਚੋਲ ਦਾ ਸੰਬੰਧ ਇਖਲਾਕੀ ਪਹਿਲੂਆਂ ਨਾਲ ਇਤਨਾ ਨਹੀਂ, ਜਿਤਨਾ ਸਫਲਤਾ ਅਤੇ ਅਸਫਲਤਾ ਦੇ ਨਜ਼ਰੀਏ ਤੋਂ ਕੌਮਾਂ ਦੀ ਕਿਸਮਤ ਨਾਲ ਸੰਬੰਧਤ ਗਿਣੇ ਮਿਥੇ ਰਾਜਸੀ ਅਥਵਾ ਸਮਾਜਕ ਨਿਸ਼ਾਨਿਆਂ, ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਅਮਲੀ ਵਰਤੋਂ ਵਿਚ ਆ ਸਕਣ ਵਾਲੇ ਢੰਗਾਂ ਨਾਲ। ਇਸ ਵਾਸਤੇ ਇਸ ਸਵਾਲ ਵਿਚ ਪੈਣ ਦੀ ਲੋੜ ਨਹੀਂ ਕਿ ਅੰਗਰੇਜ਼ੀ ਹਕੂਮਤ ਵਿਰੁਧ ਹਥਿਆਰਬੰਦ ਇਨਕਲਾਬ ਇਖਲਾਕੀ ਤੌਰ ਉਤੇ ਵਾਜਬ ਸੀ ਜਾਂ ਨਾ-ਵਾਜਬ। ਪਰ ਗਦਰ ਪਾਰਟੀ ਲਹਿਰ ਨੇ ਇਹ ਜ਼ਰੂਰ ਜ਼ਾਹਿਰ ਕੀਤਾ ਹੈ ਕਿ ਖਾਸ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਹਾਲਾਤ ਦੀ ਹੋਂਦ ਵਿਚ, ਫ਼ੌਜੀ ਬਗਾਵਤ ਦੀ ਮਦਦ ਨਾਲ ਬਦੇਸ਼ੀ ਹਕੂਮਤ ਨੂੰ ਉਲਟਾਉਣਾ ਸੰਭਵ ਸੀ। ਆਪਣੇ ਲੀਡਰਾਂ ਤੋਂ ਵਾਂਝਿਆਂ ਹੋ ਜਾਣ, ਇਨਕਲਾਬੀ ਢੰਗਾਂ ਦੀ ਵਰਤੋਂ ਤੋਂ ਅਨਜਾਣ ਹੋਣ ਅਤੇ ਹਿਮਾਲੀਆ ਪਹਾੜ ਜਿੱਡੀਆਂ ਕੀਤੀਆਂ ਗਲਤੀਆਂ ਦੇ ਬਾਵਜੂਦ ਗਦਰੀ ਇਨਕਲਾਬੀ ਆਪਣੇ ਨਿਸ਼ਾਨੇ ਤੋਂ ਬਹੁਤ ਦੂਰ ਨਹੀਂ ਸਨ ਰਹਿ ਗਏ। ਬਲਕਿ ਉਨ੍ਹਾਂ ਦੀਆਂ ਗਲਤੀਆਂ ਅਤੇ ਕਮੀਆਂ ਦੇ ਬਾਵਜੂਦ ਹੋਈ ਉਨ੍ਹਾਂ ਦੀ ਕਾਮਯਾਬੀ ਦੀ ਹੱਦ ਜ਼ਾਹਰ ਕਰਦੀ ਹੈ ਕਿ ਗਦਰ ਪਾਰਟੀ ਲਹਿਰ ਦੀ ਪਲੈਨ ਅਤੇ ਤਰੀਕਾਕਾਰ ਬੁਨਿਆਦੀ ਤੌਰ ਉਤੇ ਠੀਕ ਲੀਹਾਂ ਉਤੇ ਸਨ।"

ਜਿਥੇ ਲੇਖਕ ਨੇ ਸੁਹਿਰਦ ਲਗਨ ਤੇ ਪ੍ਰਬੀਨ ਬੌਧਿਕ ਵਿਸ਼ਲੇਸ਼ਣ ਸੰਮਿਲਿਤ ਇਤਿਹਾਸਕ ਖੋਜ ਦੁਆਰਾ ਮਹਾਨ ਦੇਸ਼ ਭਗਤ ਗਦਰੀ ਇਨਕਲਾਬੀਆਂ ਦੀਆਂ ਕੁਰਬਾਨੀਆਂ ਨੂੰ ਅੰਕਤ ਕਰ ਕੇ ਇਕ ਮਹਾਨ ਇਤਿਹਾਸਕ ਕਾਰਜ ਸਿਰੇ ਚਾੜ੍ਹਿਆ ਹੈ ਉਥੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਆਪਣੇ ਭਰ ਜੋਬਨ ਵਿਚ ਆਈ ਸਿੱਖ ਲਹਿਰ ਦੀਆਂ ਕੁਰਬਾਨੀਆਂ ਦੀ ਯਾਦ ਮੁੜ ਤਾਜ਼ਾ ਕਰਵਾ ਦਿੱਤੀ ਹੈ । ਹਿੰਦ ਦੀ ਆਜ਼ਾਦੀ ਲਈ 1857 ਦੇ ਗਦਰ ਤੋਂ ਪਿਛੋਂ ਕੀਤੀ ਗਈ ਇਹ ਪਹਿਲੀ ਹਥਿਆਰਬੰਦ ਜਦੋ-ਜਹਿਦ ਹੈ ਜਿਸ ਨੇ ਆਉਣ ਵਾਲੇ ਸਮੇਂ ਵਿਚ ਕੌਮ ਲਈ ਹਥਿਆਰਬੰਦ ਇਨਕਲਾਬਾਂ ਦੇ ਇਤਿਹਾਸ ਦਾ ਚੈਪਟਰ ਖੁਲ੍ਹਾ ਰਖਿਆ ਹੈ । ਕੋਈ ਅਜਬ ਗੱਲ ਨਹੀਂ ਕਿ ਅਜੋਕੀ ਨਕਸਲੀ ਲਹਿਰ ਇਸੇ ਇਤਿਹਾਸ ਦੀ ਇਕ ਕੜੀ ਹੋਵੇ, ਜਿਸ ਦਾ ਦਿਲ ਗੁਰਦਾ ਨਿਰਸੰਦੇਹ ਸਾਨੂੰ ਕਰਤਾਰ ਸਿੰਘ 'ਸਰਾਭਾ' ਦੀ ਦਲੇਰੀ ਤੇ ਆਦਰਸ਼ ਪ੍ਰਤੀ ਦ੍ਰਿੜਤਾ ਦੀ ਯਾਦ ਦੁਆਉਂਦਾ ਹੈ । ਇੰਜ ਜਾਪਦਾ ਹੈ ਕਿ ਗਦਰੀ ਇਨਕਲਾਬੀਆਂ ਦੀਆਂ ਕੁਰਬਾਨੀਆਂ ਤੇ ਸਿੱਖ ਲਹਿਰ ਦੀਆਂ ਇਤਿਹਾਸਕ ਸ਼ਹਾਦਤਾਂ ਦੀ ਜਿਵੇਂ ਇਸ ਸਮੇਂ ਵਿਚ ਮੁੜ ਰੀਹਰਸਲ ਕਰਵਾਈ ਗਈ ਹੋਵੇ ਅਤੇ ਇਸ ਤਰ੍ਹਾਂ ਕੁਰਬਾਨੀਆਂ ਦੀ ਸ਼ਮ੍ਹਾਂ ਨੂੰ ਸਾਡੀ ਅਜੋਕੀ ਰਾਜਸੀ ਗਿਰਾਵਟ ਦੀ ਜਿੱਲ੍ਹਣ ਦੀ ਧਰਾਤਲ 'ਤੇ ਵੀ ਜਗਮਗਾਂਦਾ ਰਖਿਆ ਗਿਆ ਹੋਵੇ । ਨਿਰਸੰਦੇਹ, ਇਨਕਲਾਬੀ ਰਿਵਾਇਤਾਂ ਦੇ ਉਹ ਪੂਰਨੇ ਪਾਏ ਹਨ ਜਿਨ੍ਹਾਂ 'ਤੇ ਕੋਈ ਵੀ ਕੌਮ ਆਪਣਾ ਸਿਰ ਉਚਾ ਚੁਕ ਸਕਣ ਦਾ ਮਾਣ ਕਰ ਸਕਦੀ ਹੈ । ਗਦਰੀ ਬਾਬਿਆਂ ਨੂੰ ਇਤਿਹਾਸ ਦੇ ਹਨੇਰੇ ਵਿਚੋਂ ਕੱਢਣ ਦਾ ਇਹ ਸਿਹਰਾ ਨਿਰਸੰਦੇਹ ਸ: ਜਗਜੀਤ ਸਿੰਘ ਜੀ ਦੇ ਹਿੱਸੇ ਆਇਆ ਹੈ । ਇਤਿਹਾਸ ਲਿਖਣ ਦੀ ਅਜਿਹੀ ਵਿਸ਼ਲੇਸ਼ਣਾਤਮਕ ਪਿਰਤ ਪੰਜਾਬੀ ਵਿਚ ਸਭ ਤੋਂ ਪਹਿਲੀ ਤੇ ਹੁਣ ਤਕ ਹੋਈ ਆਖ਼ਰੀ ਕੋਸ਼ਿਸ਼ ਹੈ ।

ਅੰਗਰੇਜ਼ੀ ਅਖਬਾਰ 'ਹਿੰਦੁਸਤਾਨ ਟਾਈਮਜ਼' ਨੇ ਪੁਸਤਕ ਬਾਰੇ ਕੁਝ ਅਜਿਹੇ ਹੀ ਵਿਚਾਰ ਪ੍ਰਗਟਾਏ ਹਨ : "History in his hands is not a mere narration of authenticated facts. It is an analytical attempt to understand the pattern of development and to make formulations making history meaningful...But beside being written as history, the story of the movement is so soul-stirring that it deserves to be depicted by a poet in the form of a great epic."

ਨਿਰਸੰਦੇਹ ਗਦਰ ਪਾਰਟੀ ਲਹਿਰ ਦੀ ਇਹ ਵਿਥਿਆ ਕਿਸੇ ਅਜਿਹੇ ਮਹਾਨ ਕਵੀ ਦੀ ਉਡੀਕਵਾਨ ਹੈ ਜੋ ਇਸ ਨੂੰ ਇਕ ਮਹਾਂ-ਕਾਵਿ ਦਾ ਰੂਪ ਦੇ ਸਕੇ ।

* ਇਸ ਕਿਤਾਬ ਦੀ ਵੱਡੇ ਸਾਈਜ਼ ਵਿਚ, ਬਹੁਤ ਸੁੰਦਰ ਐਡੀਸ਼ਨ 1979 ਵਿਚ ਨਵਯੁਗ ਨੇ ਛਾਪੀ ਹੈ । ਪਕੀ ਜਿਲਦ, ਸਫ਼ੇ 183, ਕੀਮਤ 30 ਰੁਪੈ । ਇਹ ਪੁਸਤਕ ਸੇਧ ਕੋਲੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ ।


*** ਸਾਹਿਤ ਦੀ ਸਮਝ**

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ—ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ । ਇਹ ਪੁਸਤਕ ਸਾਹਿਤ ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ । ਸਫ਼ੇ 340, ਪੱਕੀ ਜਿਲਦ, ਸਿਰਫ ਲਾਇਬਰੇਰੀ ਐਡੀਸ਼ਨ ਮੁਲ : ਪੰਦਰਾਂ ਰੁਪੈ ।





ਡਾ: ਪਿਆਰਾ ਲਾਲ

ਡਾ: ਅਮਰ ਸਿੰਘ


## ਦੁਆਈਆਂ ਦੀ ਪੈਦਾਵਾਰ ਤੇ ਲੋਕ

ਚਕਿਤਸਾ ਵਿਗਿਆਨ ਇਕ ਸਮਾਜੀ ਵਿਗਿਆਨ ਹੈ । ਜਮਾਤੀ ਸਮਾਜ ਵਿਚ, ਹੋਰਾਂ ਵਿਗਿਆਨਾਂ ਵਾਂਗ ਇਹ ਵੀ ਹਾਕਮ ਜਮਾਤਾਂ (ਜੋ ਪੈਦਾਵਾਰੀ ਸਾਧਨਾਂ 'ਤੇ ਕਾਬਜ਼ ਹਨ) ਜਾਂ ਉਨ੍ਹਾਂ ਦੀਆਂ ਭਾਈਵਾਲ ਜਮਾਤਾਂ ਦੀ ਹੀ ਸੇਵਾ ਕਰਦਾ ਹੈ । ਲੁਟੀਆਂ ਜਾਂਦੀਆਂ ਜਮਾਤਾਂ ਦੀ ਇਹ ਉਨੀਂ ਕੁ ਹੀ ਸੇਵਾ ਕਰਦਾ ਹੈ ਜਿੰਨੀ ਕੁ ਹਾਕਮ ਜਮਾਤਾਂ ਦੀ ਮਜਬੂਰੀ ਹੁੰਦੀ ਹੈ । ਸਰਸਰੀ ਤੌਰ 'ਤੇ ਸ਼ਾਇਦ ਇਹ ਗੱਲ ਸੱਚ ਨਾ ਲਗੇ । ਕਾਰਨ ਇਹ ਹੈ ਕਿ ਨਵ-ਬਸਤੀਵਾਦ ਦੇ ਇਸ ਯੁਗ ਵਿਚ ਜਮਾਤੀ ਲੁਟ ਬੜੇ ਹੀ ਲੁਕਵੇਂ ਢੰਗ ਦੀ ਹੈ ਤੇ ਉਸ ਨੂੰ ਸਮਝਣ ਲਈ ਕਾਫ਼ੀ ਡੂੰਘਾਈ ਵਿਚ ਜਾਣਾ ਪੈਂਦਾ ਹੈ । ਚਕਿਤਸਾ ਵਿਗਿਆਨ ਦਾ ਜਮਾਤੀ ਖਾਸਾ ਕਾਇਮ ਰਖਣ ਦੇ ਬਹੁਤ ਸਾਰੇ ਢੰਗ ਹਨ । ਇਸ ਲੇਖ ਵਿਚ ਅਸੀਂ ਸਿਰਫ਼ ਇਕ ਢੰਗ ਨੂੰ ਹੀ ਸਮਝਣ ਦੀ ਕੋਸ਼ਿਸ਼ ਕਰਾਂਗੇ—ਦੁਆਈਆਂ ਦੀ ਪੈਦਾਵਾਰ ਦੇ ਢੰਗ ਨੂੰ । ਸ਼ੁਰੂ ਕਰਨ ਤੋਂ ਪਹਿਲਾਂ ਇਹ ਗੱਲ ਸਾਫ਼ ਕਰਨੀ ਬਹੁਤ ਜ਼ਰੂਰੀ ਹੈ ਕਿ ਕਿਸੇ ਵੀ ਕੌਮ ਦੀ ਸੇਹਤ ਅੱਛੀ ਬਣਾਉਣ ਵਿਚ ਦੁਆਈਆਂ ਹਮੇਸ਼ਾਂ ਛੋਟਾ ਜਿਹਾ ਹਿੱਸਾ ਪਾਉਂਦੀਆਂ ਹਨ; ਜਦ ਕਿ ਵੱਡਾ ਹਿੱਸਾ ਹੋਰ ਆਰਥਕ, ਸਮਾਜਕ ਅਤੇ ਸਭਿਆਚਾਰਕ ਗੱਲਾਂ ਦਾ ਹੁੰਦਾ ਹੈ । ਉਦਾਹਰਣ ਦੇ ਤੌਰ 'ਤੇ ਸਾਡੇ ਦੇਸ਼ ਦੀਆਂ 70-80% ਬੀਮਾਰੀਆਂ ਸਿਰਫ਼ ਤਿੰਨ ਗੱਲਾਂ ਮਿਲਣ ਨਾਲ ਖਤਮ ਹੋ ਜਾਣਗੀਆਂ—ਚੰਗੀ ਖੁਰਾਕ, ਪੀਣ ਵਾਲਾ ਸਾਫ਼ ਪਾਣੀ ਤੇ ਮਲ-ਮੂਤਰ ਦੇ ਨਿਕਾਸ ਦਾ ਯੋਗ ਪ੍ਰਬੰਧ । ਇਸ ਕਰਕੇ ਬੀਮਾਰੀਆਂ ਦੀ ਅਸਲੀ ਜੜ੍ਹ ਤਾਂ ਗਰੀਬੀ ਦੂਰ ਹੋਣ ਨਾਲ ਤੇ ਲੋਕਾਂ ਦੀਆਂ ਰਹਿਣ ਦੀਆਂ ਹਾਲਤਾਂ ਵਿਚ ਸੁਧਾਰ ਹੋਣ ਨਾਲ ਹੀ ਪੁੱਟੀ ਜਾ ਸਕੇਗੀ । ਇਨ੍ਹਾਂ ਗੱਲਾਂ ਦੀ ਗੈਰ-ਹਾਜ਼ਰੀ ਨੇ ਦਵਾਈਆਂ ਦੀ ਜ਼ਰੂਰਤ ਹੋਰ ਵੀ ਵਧਾ ਦਿੱਤੀ ਹੈ ਭਾਵੇਂ ਕਿ ਇਹ ਦਵਾਈਆਂ ਲੋਕਾਂ ਨੂੰ ਬਹੁਤੀ ਵਾਰੀ ਵਕਤੀ ਰਾਹਤ ਹੀ ਦਿੰਦੀਆਂ ਹਨ ।

ਭਾਰਤ ਵਿਚ ਦਵਾਈਆਂ ਕੌਣ ਪੈਦਾ ਕਰਦਾ ਹੈ ? ਤੇ ਦਵਾਈਆਂ ਪੈਦਾ ਕਰਨ ਦਾ ਅਸਲੀ ਮਨੋਰਥ ਕੀ ਹੈ ? ਲੋਕ ਭਲਾਈ ਜਾਂ ਕੁਝ ਹੋਰ ?

**ਦੁਆਈਆਂ ਦੀ ਪੈਦਾਵਾਰ ਤੇ ਅਜਾਰੇਦਾਰੀ :** ਤੀਜੀ ਦੁਨੀਆਂ (ਅਫਰੀਕਾ, ਦੱਖਣੀ ਅਮਰੀਕਾ ਅਤੇ ਏਸ਼ੀਆ) ਦੇ ਬਾਕੀ ਦੇਸ਼ਾਂ ਦੀ ਤਰ੍ਹਾਂ ਭਾਰਤ ਵਿਚ ਭੀ ਦਵਾਈਆਂ ਅਤੇ ਡਾਕਟਰੀ ਔਜ਼ਾਰਾਂ ਦੇ ਖੇਤਰ ਵਿਚ ਬਹੁ-ਕੌਮੀ ਕਾਰਪੋਰੇਸ਼ਨਾਂ ਦੀ ਅਜਾਰੇਦਾਰੀ ਹੈ । ਇਹ ਕਾਰਪੋਰੇਸ਼ਨਾਂ ਮੁੱਖ

ਤੌਰ 'ਤੇ ਅਮਰੀਕਾ, ਇੰਗਲੈਂਡ, ਫ਼ਰਾਂਸ, ਜਰਮਨੀ, ਸਵਿਟਜ਼ਰਲੈਂਡ ਅਤੇ ਜਪਾਨ ਦੀਆਂ ਹਨ ਅਤੇ ਇਨ੍ਹਾਂ ਦੀਆਂ ਸ਼ਾਖਾਵਾਂ ਦਾ ਜਾਲ ਸਾਰੀ ਦੁਨੀਆਂ ਵਿਚ ਵਿਛਿਆ ਹੋਇਆ ਹੈ। ਆਰਥਕ ਤੌਰ 'ਤੇ ਇਹ ਬਹੁ-ਕੌਮੀ ਕਾਰਪੋਰੇਸ਼ਨਾਂ ਇੰਨੀਆਂ ਤਕੜੀਆਂ ਹਨ ਕਿ ਕਿੰਨੀਆਂ ਦਾ ਤਾਂ ਇਸ਼ਤਿਹਾਰਬਾਜ਼ੀ ਦਾ ਬਜਟ ਹੀ ਭਾਰਤ ਦੇ ਕੁਲ ਬਜਟ ਨਾਲੋਂ ਜ਼ਿਆਦਾ ਹੈ।

ਸਾਲ 1977 ਵਿਚ ਭਾਰਤ ਵਿਚ 2800 ਕੰਪਨੀਆਂ ਨੇ 700 ਕਰੋੜ ਰੁਪਏ ਦੀਆਂ ਦਵਾਈਆਂ ਤਿਆਰ ਕੀਤੀਆਂ ਸਨ। ਇਨ੍ਹਾਂ ਵਿਚੋਂ 600 ਕਰੋੜ ਰੁਪਏ ਦੀ ਕੀਮਤ ਦੀਆਂ ਦਵਾਈਆਂ ਕੇਵਲ 50 ਬਹੁ-ਕੌਮੀ ਕਾਰਪੋਰੇਸ਼ਨਾਂ ਨੇ ਹੀ ਕੀਤੀਆਂ। ਇਸ ਅਜਾਰੇਦਾਰੀ ਕਾਰਨ ਇਹ ਆਪਣੀ ਮਨ-ਮਰਜ਼ੀ ਦਾ ਭਾਅ ਲਾਉਂਦੀਆਂ ਹਨ, ਜਿਵੇਂ ਕਿ ਸਟਰੈਪਟੋਮਾਈਸੀਨ ਨਾਂ ਦੀ ਦਵਾਈ (ਜੋ ਟੀ.ਬੀ. ਲਈ ਵਰਤੀ ਜਾਂਦੀ ਹੈ) ਇਕ ਬਹੁ-ਕੌਮੀ ਕਾਰਪੋਰੇਸ਼ਨ 1.25 ਰੁਪਏ ਪ੍ਰਤੀ ਟੀਕਾ ਵੇਚਦੀ ਸੀ ਪਰੰਤੂ ਜਦ ਇਹੀ ਦਵਾਈ ਪਿੰਪਰੀ ਪਲਾਂਟ (ਸਰਕਾਰੀ ਅਦਾਰਾ) ਤਿਆਰ ਕਰਨ ਲਗ ਗਿਆ ਤਾਂ ਇਸ ਦੀ ਕੀਮਤ ਘਟ ਕੇ 58 ਪੈਸੇ ਪ੍ਰਤੀ ਟੀਕਾ ਰਹਿ ਗਈ। ਇਸੇ ਤਰ੍ਹਾਂ ਕਲੋਰੋਮਾਈਸਟਿਨ ਨਾਂ ਦੀ ਦਵਾਈ ਦਾ ਪਾਊਡਰ 400 ਰੁਪਏ ਪ੍ਰਤੀ ਕਿਲੋਗ੍ਰਾਮ ਹੈ ਪਰ ਪਾਰਕ ਡੇਵਿਸ ਨਾਂ ਦੀ ਅਮਰੀਕਨ ਕੰਪਨੀ ਇਸ ਨੂੰ ਕੈਪਸੂਲਾਂ ਵਿਚ ਭਰ ਕੇ ਅਤੇ ਆਪਣੀ ਮੋਹਰ ਲਗਾ ਕੇ 3050 ਰੁਪਏ ਪ੍ਰਤੀ ਕਿਲੋਗ੍ਰਾਮ ਵੇਚ ਰਹੀ ਹੈ।

**ਅਜਾਰੇਦਾਰੀ ਕਿਵੇਂ :** ਦਵਾਈਆਂ ਵਿਚ ਅਜਾਰੇਦਾਰੀ ਕਈਆਂ ਢੰਗਾਂ ਨਾਲ ਰਖੀ ਜਾਂਦੀ ਹੈ। ਸਾਡੀ ਹੀ ਲੁਟ-ਖਸੁਟ ਨਾਲ ਅਮੀਰ ਹੋਏ ਸਾਮਰਾਜੀ ਦੇਸ਼ ਦਵਾਈਆਂ ਦੀ ਖੋਜ 'ਤੇ ਖੁਲ੍ਹਾ ਪੈਸਾ ਖਰਚਦੇ ਹਨ। ਇਸ ਕਰਕੇ ਬਹੁਤੀਆ ਦਵਾਈਆਂ ਦੀ ਕਾਢ ਸਾਮਰਾਜੀ ਦੇਸ਼ਾਂ ਵਿਚ ਹੀ ਹੁੰਦੀ ਹੈ। ਜੇ ਤਾਂ ਦਵਾਈਆਂ ਪੈਦਾ ਕਰਨ ਦਾ ਮਕਸਦ ਮਨੁੱਖਤਾ ਦਾ ਭਲਾ ਹੋਵੇ ਤਾਂ ਤੇ ਉਹ ਦੇਸ਼ ਦਵਾਈਆਂ ਪੈਦਾ ਕਰਨ ਦੇ ਹੱਕ ਸਾਰੇ ਦੇਸ਼ਾਂ ਨੂੰ ਦੇ ਦੇਣ ਪਰ ਕਿਉਂਕਿ ਅਸਲੀ ਮਕਸਦ ਤਾਂ ਮੁਨਾਫਾ ਹੈ ਇਸ ਲਈ ਇਹ ਸਾਮਰਾਜੀ ਦੇਸ਼ 15-20 ਸਾਲ ਤਕ ਨਵੀਂ ਨਿਕਲੀ ਦਵਾਈ ਦਾ ਕਾਢ-ਅਧਿਕਾਰ (ਪੇਟੈਂਟ ਰਾਈਟ) ਕਿਸੇ ਨੂੰ ਨਹੀਂ ਦਿੰਦੇ। ਇਸ ਤਰ੍ਹਾਂ ਇਹ ਅੰਨ੍ਹੀ ਲੁੱਟ ਮਚਾਉਂਦੇ ਹਨ ਅਤੇ ਇਸੇ ਲੁੱਟ ਦਾ ਇਕ ਹਿੱਸਾ ਖੋਜ ਉਪਰ ਖਰਚ ਕਰ ਕੇ ਨਵੀਆਂ ਦਵਾਈਆਂ ਕੱਢਦੇ ਹਨ ਤਾਕਿ ਲੁੱਟ ਦਾ ਚੱਕਰ ਚਲਦਾ ਰਹੇ।

ਇਹ ਕੰਪਨੀਆਂ ਦਵਾਈਆਂ ਪੈਦਾ ਕਰਨ ਦੇ ਵੱਡੀ ਮਾਤਰਾ ਦੇ ਲਸੰਸ ਲੈਂਦੀਆਂ ਹਨ ਪਰ ਕਾਰਖਾਨੇ ਛੋਟੇ ਲਾਉਂਦੀਆਂ ਹਨ ਅਤੇ ਉਨ੍ਹਾਂ ਕਾਰਖਾਨਿਆਂ ਵਿਚ ਭੀ ਸ਼ਕਤੀ ਤੋਂ ਘੱਟ ਉਤਪਾਦਨ ਕਰਦੀਆਂ ਹਨ। ਇਸ ਤਰ੍ਹਾਂ ਇਹ ਦੂਜਿਆਂ ਨੂੰ ਲਸੰਸ ਲੈਣ ਤੋਂ ਵਾਂਝੇ ਕਰ ਦਿੰਦੀਆਂ ਹਨ ਅਤੇ ਹੋਰਾਂ ਨੂੰ ਮੁਕਾਬਲੇ ਵਿਚ ਆਉਣ ਤੋਂ ਵੀ ਰੋਕਦੀਆਂ ਹਨ। ਹਿੰਦੋਸਤਾਨ ਵਿਚ ਕਾਰਖਾਨਿਆਂ ਦੀ ਦਵਾਈਆਂ ਦੀ ਉਪਜ ਇਨ੍ਹਾਂ ਦੀ ਉਤਪਾਦਨ ਸ਼ਕਤੀ ਦਾ ਤਕਰੀਬਨ 50% ਹੈ।

ਦਵਾਈਆਂ ਦੇ ਮਾਮਲੇ ਵਿਚ ਆਮ ਚੀਜ਼ਾਂ ਨਾਲੋਂ ਮਾਰਕਿਟਿੰਗ-ਢੰਗ ਦੀ ਆਪਣੀ ਹੀ ਖਾਸੀਅਤ ਹੈ। ਦਵਾਈ ਕਿਹੜੀ ਤੇ ਕਿੰਨੀ ਖਰੀਦਣੀ ਹੈ, ਇਸ ਦਾ ਫ਼ੈਸਲਾ ਡਾਕਟਰ ਕਰਦਾ ਹੈ (ਜਿਸ ਨੇ ਪੈਸੇ ਨਹੀਂ ਖਰਚਨੇ) ਨਾ ਕਿ ਖਰੀਦਣ ਵਾਲਾ (ਜਿਸ ਨੇ ਬਿੱਲ ਦਾ ਭੁਗਤਾਨ ਕਰਨਾ ਹੈ)। ਇਹ ਕੰਪਨੀਆਂ ਡਾਕਟਰਾਂ ਨੂੰ ਝੂਠ ਸੱਚ ਬੋਲ ਕੇ ਅਤੇ ਤੋਹਫੇ ਰਿਸ਼ਵਤਾਂ ਦੇ ਕੇ ਆਪਣੀਆਂ ਦਵਾਈਆਂ ਦੇ ਵਧੀਆ ਹੋਣ ਦਾ ਗਲਬਾ ਪਾਈ ਰਖਦੀਆਂ ਹਨ।

**ਕੱਚੇ ਮਾਲ ਦੀ ਖਰੀਦ :** ਇਹ ਕੰਪਨੀਆਂ ਆਪਣੀ ਹੀ ਮੁੱਖ ਕੰਪਨੀ ਤੋਂ ਕੱਚਾ ਮਾਲ



50-100 ਗੁਣਾ ਵਧ ਮੁਲ ਤਾਰ ਕੇ ਖ੍ਰੀਦਦੀਆਂ ਹਨ ਤੇ ਇਸ ਤਰ੍ਹਾਂ ਤੀਹਰੀ ਲੁੱਟ ਕਰਦੀਆਂ ਹਨ। ਲਾਗਤ ਵੱਧ ਵਿਖਾ ਕੇ ਦਵਾਈਆਂ ਮਹਿੰਗੀਆਂ ਵੇਚਦੀਆਂ ਹਨ, ਟੈਕਸ ਘੱਟ ਦਿੰਦੀਆਂ ਹਨ ਅਤੇ ਮਜ਼ਦੂਰਾਂ ਦਾ ਬੋਨਸ ਮਾਰਦੀਆਂ ਹਨ। ਜਿਵੇਂ ਕਿ ਡਾਇਜਾ ਪਾਮ ਨਾਂ ਦੀ ਦਵਾਈ ਬਹੁ-ਕੌਮੀ ਕੰਪਨੀ 2,500 ਡਾਲਰ ਪ੍ਰਤੀ ਯੂਨਿਟ ਵੇਚਦੀ ਸੀ ਜਦ ਕਿ ਸੰਸਾਰ ਮੰਡੀ ਵਿਚ ਇਸ ਦਾ ਮੁੱਲ 30 ਡਾਲਰ ਪ੍ਰਤੀ ਯੂਨਿਟ ਸੀ। ਇਸ ਤਰ੍ਹਾਂ ਦੀ ਹੇਰਾ-ਫੇਰੀ ਲਗਭਗ ਸਾਰੀਆਂ ਦਵਾਈਆਂ ਵਿਚ ਹੀ ਕੀਤੀ ਜਾਂਦੀ ਹੈ।

**ਮਸ਼ਹੂਰੀ 'ਤੇ ਅੰਨ੍ਹਾ ਖਰਚਾ :** ਇਹ ਬਹੁ-ਕੌਮੀ ਕਾਰਪੋਰੇਸ਼ਨਾਂ ਦਵਾਈਆਂ ਦੀ ਮਸ਼ਹੂਰੀ 'ਤੇ ਅੰਨ੍ਹਾ ਪੈਸਾ ਖਰਚਦੀਆਂ ਹਨ। ਹਰ ਦਵਾਈ ਦੀ ਕੀਮਤ ਵਿਚ 15 ਫੀ ਸਦੀ ਖਰਚਾ ਸਿਰਫ਼ ਪਬਲਿਸਿਟੀ ਦਾ ਹੁੰਦੀ ਹੈ। ਕਿਉਂਕਿ ਦਵਾਈਆਂ ਡਾਕਟਰਾਂ ਰਾਹੀਂ ਵਿਕਦੀਆਂ ਹਨ ਇਸ ਲਈ ਪਬਲਿਸਿਟੀ ਦਾ ਬਹੁਤਾ ਖਰਚਾ ਡਾਕਟਰਾਂ 'ਤੇ ਹੀ ਕੇਂਦਰਿਤ ਹੁੰਦਾ ਹੈ। ਡਾਕਟਰਾਂ ਨੂੰ ਖਿੱਚਣ ਲਈ ਵਧੀਆ ਤੋਂ ਵਧੀਆ ਕਾਗਜ਼ ਉਪਰ ਛਪਿਆ ਹੋਇਆ ਰੰਗ-ਬਰੰਗਾ ਲਿਟਰੇਚਰ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਵੱਡੀ ਮਾਤਰਾ ਵਿਚ ਦਵਾਈਆਂ ਦੇ ਸੈਂਪਲ ਤੇ ਤੋਹਫੇ ਜੋ ਨਿੱਤ ਵਰਤੋਂ ਦੀਆ ਵਸਤਾਂ ਤੋਂ ਲੈ ਕੇ ਫਰਿਜ ਜਾਂ ਟੀ. ਵੀ. (ਟੈਲੀਵੀਜ਼ਨ) ਤਕ ਹੁੰਦੇ ਹਨ, ਦਿਤੇ ਜਾਂਦੇ ਹਨ। ਇਥੋਂ ਤਕ ਕਿ ਕੰਪਨੀਆਂ ਦੇ ਏਜੰਟ ਡਾਕਟਰਾਂ ਨਾਲ ਸਿਧੇ ਵਪਾਰਕ ਸਮਝੌਤੇ ਭੀ ਆਮ ਹੀ ਕਰਦੇ ਹਨ। ਨਿਸ਼ਚਿਤ ਨੰਬਰ ਵਿਚ ਕੰਪਨੀ ਦੀਆਂ ਦਵਾਈਆਂ ਲਿਖਣ 'ਤੇ ਡਾਕਟਰ ਨੂੰ ਮਹੀਨਾ ਵਾਰੀ ਪੈਸੇ ਮਿਲ ਜਾਂਦੇ ਹਨ। ਜਦ ਸਰਕਾਰੀ ਹਸਪਤਾਲਾਂ ਲਈ ਦਵਾਈ ਖ੍ਰੀਦੀ ਜਾਂਦੀ ਹੈ ਉਥੇ ਭੀ ਇਹੋ ਜਿਹੇ ਸਮਝੌਤੇ ਹੁੰਦੇ ਹਨ। ਬਹੁਤੇ ਡਾਕਟਰ ਇਨ੍ਹਾਂ ਕੰਪਨੀਆਂ ਦੀ ਲੁਕਵੀਂ ਜਾਂ ਸਿੱਧੀ ਰਿਸ਼ਵਤ-ਖੋਰੀ ਵਿਚ ਸਹਿਜੇ ਹੀ ਭਾਈਵਾਲ ਬਣ ਜਾਂਦੇ ਹਨ।

ਇਹ ਦਵਾਈਆਂ ਅਤੇ ਔਜ਼ਾਰਾਂ ਦੀਆਂ ਕੰਪਨੀਆਂ ਸੀਨੀਅਰ ਡਾਕਟਰਾਂ ਦੀਆਂ ਕਾਨਫਰੰਸਾਂ (ਜੋ ਦੇਸ਼ ਵਿਚ ਅਤੇ ਬਦੇਸ਼ ਵਿਚ ਹੁੰਦੀਆਂ ਹਨ) 'ਤੇ ਅੰਨ੍ਹਾਂ ਪੈਸਾ ਖਰਚਦੀਆਂ ਹਨ। ਉਨ੍ਹਾਂ ਨੂੰ ਫਾਈਵ ਸਟਾਰ ਹੋਟਲਾਂ ਵਿਚ ਠਹਿਰਾਉਂਦੀਆਂ ਹਨ, ਵਲਾਇਤੀ ਸ਼ਰਾਬਾਂ ਪਿਆਉਂਦੀਆਂ ਅਤੇ ਮੁਰਗੇ ਖਵਾਉਂਦੀਆਂ ਹਨ। ਇਸ ਤਰ੍ਹਾਂ ਕੰਪਨੀਆਂ ਲੁਕਵੀਂ ਰਿਸ਼ਵਤ ਦੇ ਕੇ, ਜਾਂ ਸ਼ਰ੍ਹੇ-ਆਮ ਨਕਦ ਰਿਸ਼ਵਤ ਦੇ ਕੇ ਇਨ੍ਹਾਂ ਤੋਂ ਆਪਣੇ ਮਾਲ ਦੇ ਆਰਡਰ ਲੈਂਦੀਆਂ ਹਨ। ਬਹੁਤ ਵਾਰੀ ਇਹ ਆਰਡਰ ਉਨ੍ਹਾਂ ਮਹਿੰਗੇ ਔਜ਼ਾਰਾਂ ਅਤੇ ਮਸ਼ੀਨਾਂ ਦੇ ਹੁੰਦੇ ਹਨ ਜਿਹੜੇ ਕਿ ਸਾਲ ਵਿਚ ਸਿਰਫ ਗਿਣਤੀ ਦੇ ਕੁਝ ਮਰੀਜ਼ਾਂ ਉਪਰ ਹੀ ਵਰਤੇ ਜਾਂਦੇ ਹਨ। ਕਰੋੜਾਂ ਰੁਪਏ ਦੀਆਂ ਇਹ ਮਸ਼ੀਨਾਂ ਛੇਤੀ ਹੀ ਖਰਾਬ ਹੋ ਜਾਂਦੀਆਂ ਹਨ। ਫਿਰ ਠੀਕ ਨਾ ਹੋਣ ਕਰਕੇ ਹੀ ਪਈਆਂ ਰਹਿੰਦੀਆਂ ਹਨ ਕਿਉਂਕਿ ਇਨ੍ਹਾਂ ਦੇ ਠੀਕ ਕਰਨ ਲਈ ਪੁਰਜ਼ੇ ਬਾਹਰੋਂ ਮੰਗਵਾਉਣੇ ਪੈਂਦੇ ਪਨ। ਅਤੇ ਪੁਰਾਣੀ ਮਸ਼ੀਨ ਠੀਕ ਕਰਾਉਣ ਦੀ ਬਜਾਏ ਨਵੀਂ ਮਸ਼ੀਨ ਦੀ ਖਰੀਦ ਦੇ ਆਰਡਰ ਹੋ ਜਾਂਦੇ ਹਨ। ਇਥੋਂ ਤੱਕ ਕਿ ਕਈ ਮਸ਼ੀਨਾਂ ਤਾਂ ਬਗ਼ੈਰ ਵਰਤੋਂ ਵਿਚ ਲਿਆਂਦੇ ਹੀ ਸਾਲਾਂ-ਬਧੀ ਪਈਆਂ ਰਹਿੰਦੀਆਂ ਹਨ। ਸਰਕਾਰ ਦੇ ਆਪਣੇ ਅੰਕੜਿਆਂ ਅਨੁਸਾਰ ਅਰਬਾਂ ਰੁਪਏ ਦਾ ਇਸ ਤਰ੍ਹਾਂ ਦਾ ਬੇਲੋੜਾ ਸਮਾਨ ਹਸਪਤਾਲਾਂ ਦੇ ਸਟੋਰਾਂ ਵਿਚ ਤੁੰਨਿਆ ਪਿਆ ਹੈ,ਜਦ ਕਿ ਲੋਕਾਂ ਦੀਆਂ ਲੋੜ ਦੀਆਂ ਵੱਧ ਜ਼ਰੂਰੀ ਅਤੇ ਸਸਤੀਆਂ ਚੀਜ਼ਾਂ ਨਹੀਂ ਮਿਲਦੀਆਂ ਕਿਉਂਕਿ ਪੈਸਾ ਤਾਂ ਮਹਿੰਗੀਆਂ ਮਸ਼ੀਨਾਂ ਅਤੇ ਮਹਿੰਗੀਆਂ ਦੁਆਈਆਂ ਉਪਰ ਲੱਗ ਜਾਂਦਾ ਹੈ। ਸੋ ਪਟੀਆਂ, ਰੂੰ, ਪਾਣੀ ਦੇ ਟੀਕੇ ਅਤੇ ਜ਼ੁਕਾਮ, ਦਰਦ ਦੀਆਂ ਗੋਲੀਆਂ ਭੀ ਮਰੀਜ਼ਾਂ ਨੂੰ ਖ੍ਰੀਦਣੀਆਂ ਪੈਂਦੀਆਂ ਹਨ। ਇਸ ਸਾਰੇ ਕੁਝ ਵਿਚ ਲੋਕਾਂ ਦੀ ਲੋੜ ਨੂੰ ਪਹਿਲ ਨਹੀਂ, ਮੁਨਾਫੇ ਨੂੰ ਹੀ ਪਹਿਲ ਹੁੰਦੀ ਹੈ।

**ਨਕਲੀ ਲੋੜ** :—ਇਨ੍ਹਾਂ ਬਹੁ-ਕੌਮੀ ਕੰਪਨੀਆਂ ਦਾ ਪ੍ਰਾਪੇਗੰਡੇ ਦਾ ਢੰਗ ਇਨਾਂ ਅਸਰਦਾਇਕ ਹੈ ਕਿ ਜੇਕਰ ਲੋੜ ਨਾ ਵੀ ਹੋਵੇ ਤਾਂ ਵੀ ਇਹ ਨਕਲੀ ਲੋੜ ਪੈਦਾ ਕਰ ਦਿੰਦੀਆਂ ਹਨ। ਹਰ ਬੰਦੇ ਨੂੰ ਲੱਗਣ ਲਗਦਾ ਹੈ ਕਿ ਮੈਨੂੰ ਟਾਨਿਕ ਜਾਂ ਦਵਾਈ ਦੀ ਲੋੜ ਹੈ। ਫਿਲਮਾਂ, ਟੈਲੀਵੀਜ਼ਨ, ਰਸਾਲੇ, ਅਖਬਾਰਾਂ, ਏਜੰਟਾਂ ਅਤੇ ਡਾਕਟਰਾਂ ਰਾਹੀਂ ਇਹ ਕੰਪਨੀਆਂ ਆਪਣੀ ਦਵਾਈ ਦੀ ਨਕਲੀ ਲੋੜ ਪੈਦਾ ਕਰ ਦਿੰਦੀਆਂ ਹਨ। ਇਸ ਸਾਰੇ ਕੁਝ ਨੇ ਇਕ 'ਡਰੱਗ ਕਲਚਰ' ਪੈਦਾ ਕਰ ਦਿੱਤੀ ਹੈ। ਦਵਾਈਆਂ ਖਾਣਾ (ਖਾਸ ਕਰਕੇ ਟਾਨਿਕ), ਘਰ ਵਿਚ ਸਜਾ ਕੇ ਰੱਖਣਾ ਅਤੇ ਰੋਜ਼ਾਨਾ ਜ਼ਿੰਦਗੀ ਵਿਚ ਦਵਾਈਆਂ ਦੀਆਂ ਗੱਲਾਂ ਕਰਨਾ ਇਕ ਫੈਸ਼ਨ ਬਣ ਗਿਆ ਹੈ। ਇਹ ਸਾਰਾ ਕੁਝ ਸਾਮਰਾਜ ਵਲੋਂ ਅਤੇ ਭਾਰਤੀ ਅਜਾਰੇ-ਦਾਰੀ ਵਲੋਂ ਸਾਡੇ ਸਭਿਆਚਾਰ ਉਪਰ ਹਮਲੇ ਦੀ ਸੋਚੀ ਸਮਝੀ ਗੋਂਦ ਹੈ। ਇਸ ਵਿਚ ਇਹ ਅਜਾਰੇਦਾਰੀ ਕੰਪਨੀਆਂ ਗੈਰ-ਮਨੁੱਖੀ ਗੱਲਾਂ ਕਰਨ ਤੋਂ ਭੀ ਨਹੀਂ ਟਲਦੀਆਂ। ਇਸ ਦੀ ਇਕ ਅਤੀ ਘਿਣਾਉਨੀ ਮਿਸਾਲ ਜੋ ਨਾਈਜੀਰੀਆ ਵਿਚ ਵਾਪਰੀ ਵਰਨਣਯੋਗ ਹੈ। ਨੈਸਲਜ਼ ਨਾਂ ਦੀ ਇਕ ਅਮਰੀਕੀ ਕੰਪਨੀ ਜੋ ਕਿ ਲੈਕਟੋਜਨ ਨਾਂ ਦਾ ਸੁੱਕਾ ਦੁੱਧ ਬਣਾਉਂਦੀ ਹੈ, ਨੇ ਨਾਈਜੀਰੀਆ ਵਿਚ ਬੋਤਲ ਰਾਹੀਂ ਦੁੱਧ ਪਿਆਉਣ ਦਾ ਐਨਾਂ ਅੰਧਾ-ਧੁੰਦ ਪ੍ਰਚਾਰ ਕੀਤਾ ਕਿ ਆਮ ਗਰੀਬ ਮਾਂਵਾਂ ਸੋਚਣ ਲੱਗ ਪਈਆਂ ਕਿ ਸ਼ਾਇਦ ਡੱਬੇ ਦਾ ਦੁੱਧ ਬੋਤਲ ਨਾਲ ਪਿਲਾਉਣ ਨਾਲ ਬੱਚਾ ਖਾਸ ਹੀ ਸਿਹਤ-ਮੰਦ ਬਣਦਾ ਹੈ। ਬਹੁਤ ਸਾਰੀਆਂ ਮਾਵਾਂ ਨੇ ਆਪਣਾ ਢਿੱਡ ਬੰਨ੍ਹ ਕੇ ਬੱਚਿਆਂ ਨੂੰ ਬੋਤਲ ਦਾ ਦੁੱਧ ਪਿਲਾਉਣਾ ਸ਼ੁਰੂ ਕਰ ਦਿੱਤਾ। ਨਤੀਜਾ ਇਹ ਹੋਇਆ ਕਿ ਲੱਖਾਂ ਬੱਚੇ ਟੱਟੀਆਂ, ਉਲਟੀਆਂ ਨਾਲ ਮਰ ਗਏ ਕਿਉਂਕਿ ਉਨ੍ਹਾਂ ਗਰੀਬਾਂ ਕੋਲ ਤਾਂ ਬੋਤਲ ਸਾਫ ਕਰਨ ਦੇ ਸਾਧਨ ਵੀ ਮੌਜੂਦ ਨਹੀਂ ਸਨ। ਇਹ ਸਾਰਾ ਕੁਝ ਇਸ ਗੱਲ ਦੇ ਬਾਵਜੂਦ ਹੋਇਆ ਕਿ ਡਾਕਟਰੀ ਵਿਗਿਆਨ ਵਿਚ ਇਸ ਗੱਲ ਉੱਤੇ ਕੋਈ ਵੀ ਸ਼ੱਕ ਨਹੀਂ ਕਰਦਾ ਕਿ **ਮਾਂ ਦਾ ਦੁੱਧ ਬੱਚੇ ਲਈ ਸਭ ਤੋਂ ਵਧੀਆ ਦੁੱਧ ਹੈ ਅਤੇ ਗਰੀਬ ਮਾਂਵਾਂ ਨੂੰ ਬੋਤਲ ਨਾਲ ਦੁੱਧ ਪਿਲਾਉਣ ਲਈ ਕਹਿਣਾ ਸਭ ਤੋਂ ਵੱਡਾ ਪਾਪ ਹੈ।**

**ਬੇਲੋੜੀਆਂ ਦਵਾਈਆਂ ਦੀ ਪੈਦਾਵਾਰ** :—ਇਹ ਕੰਪਨੀਆਂ ਇਥੇ ਹੀ ਬੱਸ ਨਹੀਂ ਕਰਦੀਆਂ ਸਗੋਂ ਉਪਰ ਲਿਖੇ ਢੰਗਾਂ ਨਾਲ ਨਕਲੀ ਲੋੜ ਪੈਦਾ ਕਰ ਕੇ ਇਹ ਉਨ੍ਹਾਂ ਦਵਾਈਆਂ ਨੂੰ ਪੈਦਾ ਕਰਨ ਵਿਚ ਜ਼ੋਰ ਲਗਾਉਂਦੀਆਂ ਹਨ ਜਿਨ੍ਹਾਂ ਦੀ ਕਿ ਖਾਸ ਲੋੜ ਨਹੀਂ ਹੁੰਦੀ ਅਤੇ ਜਿਨ੍ਹਾਂ ਨੂੰ ਸਿਰਫ ਖਾਂਦੀ ਪੀਂਦੀ ਜਮਾਤ ਹੀ ਖ੍ਰੀਦ ਸਕਦੀ ਹੈ। ਵਿਟਾਮਿਨ ਅਤੇ ਟਾਨਿਕਾਂ, ਜਿਨ੍ਹਾਂ ਦੀ ਖਰੀਦ ਆਮ ਤੌਰ 'ਤੇ ਉਹ ਲੋਕ ਕਰਦੇ ਹਨ ਜਿਨ੍ਹਾਂ ਨੂੰ ਇਨ੍ਹਾਂ ਦੀ ਘਾਟ ਨਹੀਂ ਹੁੰਦੀ ਅਤੇ ਜਿਨ੍ਹਾਂ ਨੂੰ ਘਾਟ ਹੁੰਦੀ ਹੈ ਉਹ ਇਹ ਟਾਨਿਕਾਂ ਖ੍ਰੀਦ ਹੀ ਨਹੀਂ ਸਕਦੇ, ਦੀ ਪੈਦਾਵਾਰ ਸਭ ਤੋਂ ਵੱਧ ਕੀਤੀ ਜਾਂਦੀ ਹੈ। ਇਸ ਤੋਂ ਅੱਗੇ ਇਹ ਟਾਨਿਕਾਂ, ਜੀ ਪ੍ਰਤੀ ਖੁਰਾਕ ਦੀ ਲੋੜ ਨਾਲੋਂ ਅਤੇ ਡਾਕਟਰੀ ਵਿਗਿਆਨ ਦੀ ਸਿਫਾਰਸ਼ ਨਾਲੋਂ ਕਈ ਗੁਣਾ ਵੱਧ ਮਿਕਦਾਰ ਦੀ ਡੋਜ਼ ਵਾਲੀਆਂ ਹੁੰਦੀਆਂ ਹਨ। ਇਸੇ ਤਰ੍ਹਾਂ ਬੀ-1, ਬੀ-6 ਅਤੇ ਬੀ-12 ਦੇ ਟੀਕੇ (ਜਿਵੇਂ ਕਿ ਨਿਉਰੋਬਾਇਨ) ਜੋ ਬਹੁਤ ਮਹਿੰਗੇ ਹਨ ਅਤੇ ਜਿਨ੍ਹਾਂ ਦਾ ਟਾਨਿਕ ਦੇ ਤੌਰ 'ਤੇ ਡਾਕਟਰੀ ਵਿਗਿਆਨ ਵਿਚ ਕੋਈ ਸਬੂਤ ਨਹੀਂ—ਇਨ੍ਹਾਂ ਕੰਪਨੀਆਂ ਦੇ ਪ੍ਰਚਾਰ ਕਰਕੇ ਆਮ ਹੀ ਲਗਾਏ ਜਾਂਦੇ ਹਨ।

**ਤੀਜੀ ਦੁਨੀਆਂ ਦੇ ਲੋਕ—ਖੋਜ ਲਈ ਜਾਨਵਰ** :—ਅਮੀਰ ਸਰਮਾਏਦਾਰ ਮੁਲਕਾਂ ਵਿਚ ਨਵੀਆਂ ਦਵਾਈਆਂ ਟੈਸਟ ਕਰਨ ਲਈ ਬਹੁਤ ਸਾਰੇ ਜ਼ਾਬਤੇ ਪੂਰੇ ਕਰਨੇ ਪੈਂਦੇ ਹਨ ਅਤੇ ਇਨ੍ਹਾਂ ਦਵਾਈਆਂ ਦੇ ਟੈਸਟ ਕਰਨ 'ਤੇ ਬਹੁਤ ਸਖਤੀ ਹੈ। ਇਸ ਲਈ ਇਹ ਕੰਪਨੀਆਂ ਨਵੀਆਂ ਦਵਾਈਆਂ ਨੂੰ ਤੀਜੀ



ਦੁਨੀਆਂ ਦੇ ਲੋਕਾਂ 'ਤੇ ਹੀ ਟੈਸਟ ਕਰਦੀਆਂ ਹਨ। ਜਦ ਇਨ੍ਹਾਂ ਲੋਕਾਂ 'ਤੇ ਇਹ ਦਵਾਈਆਂ ਟੈਸਟ ਕੀਤੀਆਂ ਜਾਂਦੀਆਂ ਹਨ ਤਾਂ ਇਨ੍ਹਾਂ ਲੋਕਾਂ ਨੂੰ ਇਹ ਪਤਾ ਭੀ ਨਹੀਂ ਹੁੰਦਾ ਕਿ ਦਵਾਈ ਉਹਨਾਂ ਉਪਰ ਟੈਸਟ ਕੀਤੀ ਜਾ ਰਹੀ ਹੈ। ਇਥੋਂ ਤੱਕ ਕਿ ਕਈ ਵਾਰੀ ਮਹਿੰਗੀ ਦਵਾਈ ਮਰੀਜ਼ ਨੂੰ ਆਪ ਹੀ ਖਰੀਦਣੀ ਪੈਂਦੀ ਹੈ। ਕਈ ਵਾਰ ਤਾਂ ਬਿਨਾਂ ਲੋੜ ਦੇ ਹੀ ਸਿਰਫ ਟੈਸਟ ਕਰਨ ਲਈ ਦਵਾਈ ਧੋਖੇ ਨਾਲ ਦਿੱਤੀ ਜਾਂਦੀ ਹੈ।

(ੳ) ਗਰਭ-ਰੋਕੂ ਗੋਲੀਆਂ ਪਹਿਲੀ ਵਾਰੀ ਵਡੇ ਪੈਮਾਨੇ 'ਤੇ ਤੀਜੀ ਦੁਨੀਆਂ ਦੇ ਲੋਕਾਂ 'ਤੇ ਟੈਸਟ ਕੀਤੀਆਂ ਗਈਆਂ। ਪਿਛਲੇ ਦੋ ਦਹਾਕਿਆਂ ਤੋਂ ਆਰਗੇਨਾਲ ਤੇ ਜੀ. ਡੀ. ਸੀਰਲੇ ਨਾਂ ਦੀਆਂ ਕੰਪਨੀਆਂ ਇਹ ਗੋਲੀਆਂ ਥੋਕ 'ਤੇ ਵੇਚ ਰਹੀਆਂ ਹਨ। ਪਿਛਲੇ ਕੁਝ ਸਾਲਾਂ ਤੋਂ ਇਨ੍ਹਾਂ ਗੋਲੀਆਂ ਦੇ ਸਰੀਰ 'ਤੇ ਭੈੜੇ ਅਤੇ ਨੁਕਸਾਨਦੇਹ ਅਸਰ ਹੋਣ ਦੀਆਂ ਅਨੇਕਾਂ ਰਿਪੋਰਟਾਂ ਛਪ ਚੁੱਕੀਆਂ ਹਨ। ਅਮੀਰ ਸਰਮਾਏਦਾਰ ਦੇਸ਼ਾਂ ਵਿਚ ਇਨ੍ਹਾਂ ਗੋਲੀਆਂ ਦੀ ਵਰਤੋਂ ਬਹੁਤ ਘਟ ਗਈ ਹੈ। ਪਰ ਭਾਰਤ ਵਰਗੇ ਦੇਸ਼ਾਂ ਵਿਚ ਅਜੇ ਭੀ ਇਹ ਦਵਾਈਆਂ ਮਣਾਮੂੰਹੀਂ ਵੇਚ ਕੇ ਅੰਨ੍ਹਾਂ ਮੁਨਾਫਾ ਕਮਾਇਆ ਜਾ ਰਿਹਾ ਹੈ।

(ਅ) ਗਰਭ-ਰੋਕੂ ਲੂਪ ਵਿਗਿਆਨਕ ਟੈਸਟ ਕਰਨ ਤੋਂ ਬਿਨਾਂ ਹੀ ਭਾਰਤ ਵਿਚ ਲਗਾਤਾਰ 15-20 ਸਾਲਾਂ ਤੋਂ ਥੋਕ 'ਤੇ ਵਰਤਿਆ ਜਾ ਰਿਹਾ ਹੈ। ਕਰੋੜਾਂ ਔਰਤਾਂ ਇਸ ਦੇ ਭੈੜੇ ਨਤੀਜਿਆਂ ਦਾ ਸ਼ਿਕਾਰ ਬਣ ਚੁਕੀਆਂ ਹਨ ਪਰ ਇਸ ਦੀ ਵਰਤੋਂ ਅਜੇ ਭੀ ਉਸੇ ਤਰ੍ਹਾਂ ਜਾਰੀ ਹੈ।

(ੲ) ਡੀ. ਡੀ. ਟੀ. ਦੇ ਨੁਕਸਾਨਾਂ ਬਾਰੇ 15-20 ਸਾਲਾਂ ਤੋਂ ਪਤਾ ਲਗ ਚੁਕਿਆ ਹੈ ਅਤੇ ਸਾਮਰਾਜੀ ਦੇਸ਼ਾਂ ਵਿਚ ਇਸ ਦੇ ਛਿੜਕਾਅ ਦੀ ਮਨਾਹੀ ਹੈ ਪਰੰਤੂ ਇਸ ਦੇ ਤਿਆਰ ਕਰਨ ਦੇ ਸਾਰੇ ਦੇ ਸਾਰੇ ਪਲਾਂਟ ਹੀ ਤੀਜੀ ਦੁਨੀਆਂ ਵਿਚ ਇਨ੍ਹਾਂ ਕੰਪਨੀਆਂ ਨੇ ਭੇਜ ਦਿੱਤੇ ਹਨ ਅਤੇ ਭਾਰਤ ਵਿਚ ਐਸ ਵੇਲੇ ਵੀ ਇਸ ਦੀ ਥੋਕ 'ਤੇ ਵਰਤੋਂ ਕੀਤੀ ਜਾ ਰਹੀ ਹੈ।

(ਸ) ਕਲੋਰੋਮਾਈਸਟਿਨ ਨਾਂ ਦੀ ਦਵਾਈ ਦੇ ਭੈੜੇ ਅਸਰਾਂ ਬਾਰੇ ਜਦ ਕੋਈ ਸ਼ੱਕ ਨਾ ਰਿਹਾ ਤਾਂ ਅਮਰੀਕਾ ਵਿਚ ਇਸ ਦੀ ਟਾਈਫਾਈਡ ਦੇ ਸਿਵਾਏ ਬਾਕੀ ਬੀਮਾਰੀਆਂ ਵਿਚ ਵਰਤੋਂ ਉਪਰ ਪਾਬੰਦੀ ਲਗਾ ਦਿੱਤੀ ਗਈ। ਇਸ 'ਤੇ ਪਾਰਕੇ ਡੇਵਿਸ ਕੰਪਨੀ ਨੇ ਇਕ ਕਰੋੜ ਕੈਪਸੂਲ ਦਖਣੀ ਵੀਅਤਨਾਮ ਵਿਚ ਡੰਪ ਕਰ ਦਿੱਤੇ। ਤੀਜੀ ਦੁਨੀਆਂ ਵਿਚ ਅਜੇ ਭੀ ਇਸ ਦਵਾਈ ਦੀ ਵਰਤੋਂ ਦੀ ਸਿਫਾਰਸ਼ ਅਨੇਕਾਂ ਬੀਮਾਰੀਆਂ ਵਾਸਤੇ ਇਹ ਕੰਪਨੀਆਂ ਕਰਦੀਆਂ ਹਨ ਅਤੇ ਮਸ਼ਹੂਰੀ ਦੇ ਅਜਿਹੇ ਢੰਗ ਅਪਣਾਉਂਦੀਆਂ ਹਨ ਜਿਸ ਨਾਲ ਕਿ ਭੈੜੇ ਅਸਰ ਨਜ਼ਰ-ਅੰਦਾਜ ਹੋ ਜਾਣ।

**ਕੰਪਨੀਆਂ ਵਲੋਂ ਖੋਜ—ਇਕ ਪਾਖੰਡ** :—ਦਵਾ ਕੰਪਨੀਆਂ 300 ਤੋਂ 500 ਰੁਪਏ ਮਹੀਨਾ ਤੱਕ ਦੇ ਕੇ ਪੋਸਟ-ਗਰੇਜੂਏਸ਼ਨ ਕਰਦੇ ਡਾਕਟਰਾਂ ਤੋਂ ਡਰੱਗ ਟਰਾਇਲ (ਦਵਾਈਆਂ ਦੀ ਪਰਖ) ਕਰਵਾਉਣ ਦਾ ਢੌਂਗ ਰਚਦੀਆਂ ਹਨ। ਇਸ ਨਾਲ ਕੰਪਨੀਆਂ ਆਪਣੀ ਮਨ-ਮਰਜ਼ੀ ਦੇ ਨਤੀਜੇ ਲਿਖਵਾ ਲੈਂਦੀਆਂ ਹਨ ਫਿਰ ਮੈਡੀਕਲ ਕਾਲਜਾਂ ਦੇ ਇਨ੍ਹਾਂ ਡਾਕਟਰਾਂ ਦਾ ਨਾਂ ਵਰਤ ਕੇ ਬਾਕੀ ਡਾਕਟਰਾਂ ਨੂੰ ਬੇਵਕੂਫ ਬਣਾਉਂਦੀਆਂ ਹਨ। ਮੈਡੀਕਲ ਕਾਲਜਾਂ ਦੇ ਇਨ੍ਹਾਂ ਡਾਕਟਰਾਂ ਦੀ ਦਿਆਨਤਦਾਰੀ ਵੀ ਇੰਨੀ ਕੁ ਹੀ ਹੈ ਕਿ ਉਹ 300-500 ਰੁਪਏ ਮਹੀਨਾ ਲੈ ਕੇ ਹੀ ਕੰਪਨੀ ਦੀ ਮਰਜ਼ੀ ਦੇ ਨਤੀਜੇ ਦੇ ਦਿੰਦੇ ਹਨ। ਜੇ ਕੋਈ ਲੋਕ-ਪੱਖੀ ਡਾਕਟਰ ਕੰਪਨੀ ਦੀ ਗੱਲ ਨਾ ਭੀ ਮੰਨੇ ਅਤੇ ਉਸ ਦੇ ਪ੍ਰਭਾਵ ਥੱਲੇ ਨਾ ਆਵੇ ਤਾਂ ਉਸ ਦੇ ਨਤੀਜੇ ਛਾਪੇ ਹੀ ਨਹੀਂ ਜਾਂਦੇ।

ਐਲੋਪੈਥਿਕ ਚਕਿਤਸਾ ਪਰਣਾਲੀ ਰਾਹੀਂ ਅਜਾਰੇਦਾਰੀ ਨੇ ਸਵੇਦੇਸ਼ੀ ਚਕਿਤਸਾ ਦੇ ਢੰਗਾਂ (ਹੋਮੋਪੈਥੀ

ਆਯੁਰਵੇਦ, ਅਤੇ ਯੂਨਾਨੀ ਆਦਿ) ਨੂੰ ਬੇਹਦ ਨੁਕਸਾਨ ਪਹੁੰਚਾਇਆ ਹੈ। ਇਕ ਤਾਂ ਇਨ੍ਹਾਂ ਢੰਗਾਂ ਨੂੰ ਵਧਣ ਫੁਲਣ ਹੀ ਨਹੀਂ ਦਿੱਤਾ ਸਗੋਂ ਇਨ੍ਹਾਂ ਨੂੰ ਨਸ਼ਰ ਕਰਨ ਦੀ ਪੂਰੀ ਵਾਹ ਲਾਈ ਗਈ ਹੈ, ਦੂਜੇ ਲੋਕਾਂ ਦੇ ਦਿਮਾਗ ਵਿਚ ਇਹ ਕੋਰਾ ਝੂਠ ਪਾਉਣ ਵਿਚ ਕਾਫੀ ਹੱਦ ਤੱਕ ਕਾਮਯਾਬ ਹਨ ਕਿ ਸਿਰਫ ਐਲੋਪੈਥੀ ਹੀ ਵਿਗਿਆਨਕ ਚਕਿਤਸਾ ਦਾ ਢੰਗ ਹੈ, ਬਾਕੀ ਸਭ ਢੰਗ ਗੈਰ-ਵਿਗਿਆਨਕ ਹਨ।

ਬਦੇਸ਼ੀ ਤੇ ਦੇਸ਼ੀ ਅਜਾਰੇਦਾਰਾਂ ਦੀ ਸੇਵਾ ਕਰਦਾ ਇਹ ਤਾਣਾ-ਬਾਣਾ ਚਲਦਾ ਰੱਖਣ ਵਿਚ ਮੈਡੀਕਲ ਵਿਦਿਆ ਇਕ ਧੁਰੇ ਦਾ ਪਾਰਟ ਅਦਾ ਕਰਦੀ ਹੈ। ਵਿਸਥਾਰ ਵਿਚ ਨਾ ਜਾਂਦੇ ਹੋਏ ਇਕ ਤੱਥ ਦਸਣਾ ਹੀ ਕਾਫੀ ਹੋਵੇਗਾ। ਸਾਡੇ ਮੈਡੀਕਲ ਕਾਲਜ ਵਿਚ ਬਣਿਆ ਡਾਕਟਰ ਆਪਣੇ ਆਪ ਨੂੰ ਅਮਰੀਕਾ ਵਿਚ ਨੌਕਰੀ ਕਰਨ ਦੇ ਸਭ ਤੋਂ ਯੋਗ ਸਮਝਦਾ ਹੈ। ਅਮਰੀਕਾ ਵਿਚ ਜਾਣ 'ਤੇ ਜੇ ਕੋਈ ਰੋਕ ਟੋਕ ਨਾ ਹੋਵੇ ਤਾਂ 95% ਡਾਕਟਰ ਅਮਰੀਕਾ ਚਲੇ ਜਾਣ। ਡਾਕਟਰੀ ਦੀਆਂ ਕਿਤਾਬਾਂ ਲਗ ਭਗ ਸਾਰੀਆਂ ਹੀ ਅਮਰੀਕਾ ਜਾਂ ਇੰਗਲੈਂਡ ਦੀਆਂ ਲਿਖੀਆਂ ਹੋਈਆਂ ਹਨ। ਮੈਡੀਕਲ ਕਾਲਜ ਵਿਚ ਆਉਂਦੇ 150 ਵਿਗਿਆਨਕ ਰਸਾਲਿਆਂ ਵਿਚੋਂ 130 ਬਦੇਸ਼ੀ ਹਨ।

ਬਦੇਸ਼ੀ ਤੇ ਦੇਸ਼ੀ ਅਜਾਰੇਦਾਰੀ ਦੀਆਂ ਜੜ੍ਹਾਂ ਬਾਕੀ ਖੇਤਰਾਂ ਵਾਂਗ ਚਕਿਤਸਾ ਵਿਚ ਵੀ ਬਹੁਤ ਡੂੰਘੀਆਂ ਹਨ। ਇਸ ਅਜਾਰੇਦਾਰੀ ਦੇ ਖਾਤਮੇ ਬਿਨਾਂ ਲੋਕਾਂ ਦੇ ਭਲੇ ਲਈ ਬਹੁਤਾ ਕੁਝ ਕਰਨਾ ਸੰਭਵ ਨਹੀਂ।

---


## ਸਿੱਖ ਲਹਿਰ

ਲੇਖਕ : ਪ੍ਰੋ. ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ ਅਤੇ ਉਸ ਦੇ ਜਮਾਤੀ ਪੈਂਤੜੇ ਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ। ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ

ਆਰਸੀ ਪਬਲਿਸ਼ਰਜ਼ ਦੀ ਇਹ ਪੁਸਤਕ ਸੇਧ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।


---


ਸੇਧ ਦਾ ਸਾਲਾਨਾ ਚੰਦਾ ਜਾਂ ਲਾਈਫ-ਮੈਂਬਰੀ ਭੇਜਣ ਲਗਿਆਂ ਆਪਣੇ ਸਰਨਾਵੇਂ ਦੇ ਨਾਲ PIN ਨੰਬਰ ਵੀ ਲਿਖੋ।


---


ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 21.7.3 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ।






ਹਿੰਮਤ ਸਿੰਘ ਸੋਢੀ

# ਸ਼ਬਦਾਂ ਦੀ ਜਾਦੂਗਰੀ

ਗੁਰਬਖਸ਼ ਸਿੰਘ ਨੇ ਆਪਣੇ ਮਾਰਕਸੀ ਅਧਿਅਨ ਤੋਂ ਪਤਾ ਕੀਤਾ ਕਿ ਮਨੁੱਖੀ ਇਤਿਹਾਸ ਵਿਚ ਕਿਵੇਂ ਪਹਿਲਾਂ ਜਾਦੂ ਫੇਰ ਧਰਮ ਅਤੇ ਫੇਰ ਵਿਗਿਆਨ ਤੋਂ ਬੰਦਾ ਪ੍ਰਭਾਵਤ ਹੋਇਆ।[1] ਗੁਰਬਖਸ਼ ਸਿੰਘ ਆਪ ਵੀ ਆਪਣੇ ਜੀਵਨ ਵਿਚ ਧਰਮ ਅਤੇ ਵਿਗਿਆਨ ਦੇ ਵਰਤਾਰੇ ਤੋਂ ਪ੍ਰਭਾਵਤ ਹੋਇਆ ਤਾਂ ਸਾਫ਼ ਦਿਸਦਾ ਹੀ ਹੈ, ਪਰ ਆਪਣੀ ਸ਼ੈਲੀ ਵਿਚ ਉਹ ਮੁਖ ਤੌਰ 'ਤੇ ਜਾਦੂ ਦੀ ਕਲਾ (ਜਾਦੂਗਰੀ) ਦੀ ਸਹਾਇਤਾ ਲੈਂਦਾ ਹੈ। ਏਸੇ ਕਰਕੇ ਸਾਡੇ ਬਹੁਤੇ ਲੇਖਕ ਤੇ ਪਾਠਕ ਉਸ ਨੂੰ 'ਸ਼ਬਦਾਂ ਦਾ ਜਾਦੂਗਰ' ਕਹਿੰਦੇ ਹਨ। 'ਜਾਦੂ-ਬਿਆਨੀ' ਅੱਜ ਤਕ ਕਈ ਵਕਤਿਆਂ ਅਤੇ ਲੇਖਕਾਂ ਦਾ ਇਕ ਮੁਖ ਗੁਣ ਰਿਹਾ ਹੈ। ਜਿਸ ਗੱਲ ਨੂੰ ਉਹ ਪੇਸ਼ ਕਰਨਾ ਚਾਹੁੰਦੇ ਹੋਣ, ਜਾਦੂ-ਬਿਆਨੀ ਦੀ ਪੁੱਠ ਦੇ ਕੇ ਉਸ ਨੂੰ ਪ੍ਰਭਾਵਸ਼ਾਲੀ ਬਣਾਉਨ ਦਾ ਜਤਨ ਕਰਦੇ ਹਨ। ਇਸ ਤਰ੍ਹਾਂ 'ਜਾਦੂ-ਬਿਆਨੀ' ਉਹਨਾਂ ਲਈ ਇਕ ਹਥਿਆਰ ਦਾ ਕੰਮ ਦੇਂਦੀ ਹੈ। ਗੁਰਬਖਸ਼ ਸਿੰਘ ਦੇ ਸ਼ਬਦਾਂ ਦੀ ਜਾਦੂਗਰੀ ਦੀ ਗੱਲ ਕਰਨ ਤੋਂ ਪਹਿਲਾਂ ਸਾਨੂੰ ਜਾਦੂ ਦੇ ਨਿਕਾਸ ਤੇ ਵਿਕਾਸ ਬਾਰੇ ਵੀ ਕੁਝ ਚਰਚਾ ਕਰ ਲੈਣੀ ਚਾਹੀਦੀ ਹੈ।

ਹਜ਼ਾਰਾਂ ਸਾਲ ਪਹਿਲਾਂ ਜਦ ਮਨੁੱਖ ਨੂੰ ਕੁਦਰਤ ਦੇ ਨਿਯਮਾਂ ਦੀ ਸਹੀ ਜਾਣਕਾਰੀ ਨਹੀਂ ਸੀ ਤਾਂ ਉਹ ਸੋਚਦਾ ਸੀ ਕਿ ਆਪਣੇ ਨਿਸਚੇ ਦੀ ਸ਼ਕਤੀ ਨਾਲ ਹੀ ਉਹ ਵਿਰੋਧੀ ਤਾਕਤਾਂ ਉਤੇ ਪ੍ਰਭਾਵ ਪਾਉਣ ਦਾ ਜਤਨ ਕਰ ਸਕਦਾ ਹੈ। ਏਥੇ ਜਾਰਜ ਥਾਮਸਨ ਦਾ ਹਵਾਲਾ ਉਸ ਦੇ ਆਪਣੇ ਸ਼ਬਦਾਂ ਵਿਚ ਹੀ ਦੇਣਾ ਵਧੇਰੇ ਠੀਕ ਹੋਵੇਗਾ :

"Magic may be described as an illusory technique supplementing the deficiencies of the real technique; or, more exactly, it is the real technique in its subjective aspect. A magical act is one in which savages strive to impose their will on their environment by mimicking the natural process that they desire to bring about."[2]

ਇਹ ਗੱਲ ਤਾਂ ਅਸਾਂ ਪਹਿਲਾਂ ਦੇਖੀ ਹੀ ਹੈ ਕਿ ਗੁਰਬਖਸ਼ ਸਿੰਘ ਕਿਵੇਂ ਆਪਣੇ ਰਚੇ ਸਾਹਿਤ ਦੀ ਵਸਤੂ ਵਿਚ ਅਸਲੀ ਟੈਕਨੀਕ ਦੀ ਘਾਟ ਨੂੰ ਪੂਰਾ ਕਰਨ ਲਈ ਭਰਮ-ਜਾਲ ਵਾਲੀ ਵਿਧੀ (Illusory technique) ਨੂੰ ਅਪਣਾਉਂਦਾ ਹੈ (ਜਿਵੇਂ 'ਅਣਵਿਆਹੀ ਮਾਂ' ਵਿਚ ਸਹਾਰਨਪੁਰ

ਦੇ ਪਾਸ ਉਹ ਅੰਗਰੇਜ਼ੀ ਰਾਜ ਦੇ ਸਮੇਂ ਹੀ ਇਕ ਯੂਟੋਪੀਆ ਦੀ ਉਸਾਰੀ ਕਰਨ ਦਾ ਭਰਮ-ਜਾਲ ਤਿਆਰ ਕਰਦਾ ਹੈ)[3] ਅਸੀਂ ਇਹ ਵੀ ਦੇਖਾਂਗੇ ਕਿ ਕਿਵੇਂ ਸਹੀ ਵਿਧੀ ਦੀ ਘਾਟ ਹੀ ਗੁਰਬਖਸ਼ ਸਿੰਘ ਨੂੰ ਮਨੋਵਿਗਿਆਨਕ ਤੌਰ 'ਤੇ ਇਕ ਅਜਿਹੀ ਸ਼ੈਲੀ ਨੂੰ ਮਾਂਜਣ-ਸੰਵਾਰਨ ਲਈ ਤਿਆਰ ਕਰਦੀ ਹੈ ਜੋ ਮੁਖ ਤੌਰ 'ਤੇ ਕਾਵਿਮਈ; ਜਾਦੂ-ਬਿਆਨੀ ਵਾਲੀ, ਭਰਮ-ਜਾਲ ਵਾਲੀ ਹੈ। ਸ਼ੈਲੀ ਦੀ ਜਾਦੂਗਰੀ ਵਾਲੀ ਕਾਰਜ-ਵਿਧੀ ਨਾਲ ਉਹ ਸਾਹਿਤ-ਵਸਤੂ ਦੇ ਆਪਣੇ ਕਿਸੇ ਖੱਪੇ ਨੂੰ ਪੂਰਨ ਦਾ ਜਤਨ ਕਰਦਾ ਹੈ। ਥਾਮਸਨ ਅਨੁਸਾਰ ਹੀ :

"...so we find in all languages two modes of speech—common speech, the normal, everyday means of communication between individuals, and poetical speech. a medium more intense, appropriate to collective acts of ritual, fantastic, rhythmical, magical.

"If this account is correct, it means that the language of poetry is essentially more primitive than common speech; because it preserves in a higher degree the qualities of rhythm, melody, fantasy inherent in speech as such."[4]

ਜੋ ਗੱਲ ਬੋਲੀ ਉਤੇ ਢੁਕਦੀ ਹੈ ਉਸੇ ਦਾ ਅਸਰ ਲੇਖਣੀ ਉਤੇ ਵੀ ਹੈ। ਏਸੇ ਕਰਕੇ ਪਹਿਲੀ ਵਾਰਤਕ ਵਧੇਰੇ ਕਾਵਿਮਈ, ਤਾਲ, ਲੈਅ ਅਤੇ ਫੈਨਟਸੀ ਵਾਲੀ ਸੀ ਪਰ ਅਜੋਕੀ ਵਾਰਤਕ ਵਿਚ ਅਜਿਹੀ ਗੱਲ ਨਹੀਂ ਹੈ। ਭਾਈ ਵੀਰ ਸਿੰਘ ਦੀ ਵਾਰਤਕ ਦੀ ਕਾਵਿਮਈ-ਰਹਿਸਮਈ ਸ਼ੈਲੀ ਅਤੇ ਗੁਰਬਖਸ਼ ਸਿੰਘ ਦੀ ਕਾਵਿਮਈ-ਜਾਦੂਗਰੀ ਵਾਲੀ ਸ਼ੈਲੀ ਇਹਨਾਂ ਦੀ ਵਾਰਤਕ ਨੂੰ ਪ੍ਰਾਚੀਨ (primitive) ਅਤੇ ਭਰਮ-ਜਾਲ ਵਾਲਾ (illusory) ਰੰਗ ਹੀ ਬਖਸ਼ਦੀਆਂ ਹਨ, ਆਧੁਨਿਕ ਨਹੀਂ ਬਣਾਉਂਦੀਆਂ। ਆਧੁਨਿਕ ਵਾਰਤਕ ਦੇ ਅਸਲੀ ਗੁਣ ਸਰਲਤਾ, ਸਾਦਗੀ, ਸਪਸ਼ਟਤਾ ਤੇ ਰਵਾਨੀ ਹੈ; ਅਲੰਕਾਰਕ, ਕਾਵਿਮਈ, ਜਾਦੂਗਰੀ ਵਾਲੀ, ਲੈਅ-ਤਾਲ ਅਤੇ ਭਰਮ-ਜਾਲ ਵਾਲੀ ਸ਼ੈਲੀ ਨੂੰ ਆਧੁਨਿਕ ਨਹੀਂ ਕਿਹਾ ਜਾ ਸਕਦਾ। ਇਹ ਗੱਲ ਵਖਰੀ ਹੈ ਕਿ ਨਵੇਂ ਸਜੇ ਸਾਹਿਤ-ਰਸੀਆਂ ਨੂੰ ਅਜਿਹਾ ਭਰਮ-ਜਾਲ ਵਧੇਰੇ ਭਰਮਾਉਂਦਾ ਅਤੇ ਛਲਦਾ ਹੈ। ਜਿਵੇਂ ਕੋਈ ਸਿਆਣਾ ਬੰਦਾ ਪੰਜ-ਸੱਤ ਵੇਰ ਜਾਂ ਹੱਦ ਦਸ-ਬਾਰਾਂ ਵੇਰ ਮਦਾਰੀਆਂ ਤੇ ਜਾਦੂਗਰਾਂ ਦਾ ਤਮਾਸ਼ਾ ਦੇਖ ਕੇ ਅੱਕ ਜਾਂਦਾ ਹੈ, ਕਿਉਂਕਿ ਮੁੜ ਮੁੜ ਉਹੀ ਕਰਤਬ ਤੇ 'ਹੱਥ-ਦੀਆਂ-ਸਫਾਈਆਂ' ਹੁੰਦੀਆਂ ਹਨ, ਉਹੀ 'ਜਮੂਰਾ' ਤੇ ਉਹੀ ਟੈਕਨੀਕ ਹੁੰਦੀ ਹੈ, ਏਸੇ ਤਰ੍ਹਾਂ ਗੁਰਬਖਸ਼ ਸਿੰਘ ਦੀ ਵਾਰਤਕ ਨੂੰ ਇਕ-ਦੋ ਸਾਲ ਪੜ੍ਹ ਕੇ ਸਿਆਣਾ ਪਾਠਕ ਅੱਕ-ਥਕ ਜਾਂਦਾ ਹੈ ਅਤੇ ਫੇਰ ਉਸ ਨੂੰ ਇਹ ਵਾਰਤਕ ਕੋਈ ਅਜਿਹੀ ਖਿੱਚ ਨਹੀਂ ਪਾਉਂਦੀ ਜਿਵੇਂ ਸ਼ੁਰੂ ਸ਼ੁਰੂ ਵਿਚ ਪਾਉਂਦੀ ਸੀ, ਸਗੋਂ ਇਸ ਦੀ ਸ਼ੈਲੀ ਬਣਾਉਟੀ ਤੇ ਬੋਰ ਲਗਣ ਲਗ ਪੈਂਦੀ ਹੈ।

ਗੁਰਬਖਸ਼ ਸਿੰਘ ਦੀ ਵਾਰਤਕ ਵਿਚ ਤਾਂ ਇਹ ਗੱਲ ਵੱਡੀ ਮਾਤਰਾ ਵਿਚ ਮਿਲਦੀ ਹੀ ਹੈ, ਪਰ ਗਲਪ ਵਿਚ ਵੀ ਇਸ ਦੀ ਕੋਈ ਘਾਟ ਨਹੀਂ। ਮਿਸਾਲ ਦੇ ਤੌਰ 'ਤੇ 'ਸਦਾ ਜਗਦੀ ਜੋਤ' ਵਿਚ ਇਕ ਪਾਤਰ ਆਪਣੇ ਸੁਭਾ ਦੇ ਉਲਟ ਗੁਰਬਖਸ਼ ਸਿੰਘ ਹੋਰਾਂ ਦੀ ਸ਼ੈਲੀ ਵਿਚ ਇਸ ਤਰ੍ਹਾਂ ਬੋਲਦਾ ਹੈ :

" 'ਚੰਗਿਆ ਰਾਹੀਆ—ਹੇਠਾਂ ਟੋਏ ਵਿਚ ਜੇ ਤੱਕੇਂ !' ਲੇਖਕ ਚੌਂਕ ਪਿਆ, ਸਭ ਪਾਸੀਂ ਉਸ ਤੱਕਿਆ—ਆਵਾਜ਼ ਫੇਰ ਆਈ। ਨੇੜੇ ਇਕ ਚੰਗਾ ਡੂੰਘਾ ਤੇ ਚੌੜਾ ਟੋਇਆ ਸੀ।

ਮੂੰਹ ਤੇ ਕਪੜੇ ਲਹੂ ਨਾਲ ਲਿਬੜੇ... 'ਮੇਰੇ ਕੋਲ—ਹੋਰ ਕੋਲ ਆ—ਮੈਨੂੰ ਦਿੱਸਦਾ ਨਹੀਂ—



ਮੇਰੀਆਂ ਦੋਵੇਂ ਅੱਖਾਂ ਕਿਸੇ ਬੇਦਰਦ ਨੇ ਚੀਰ ਦਿਤੀਆਂ ਨੇ..... ਜੇ ਮੈਨੂੰ ਆਪਣੇ ਘਰ ਲੈ ਚੱਲੋਂ—ਮੈਂ ਤੁਰ ਸਕਦਾ ਹਾਂ, ਸਿਰਫ ਮੇਰੀਆਂ ਅੱਖਾਂ ਵਿਚੋਂ ਜੋਤ ਉਡ ਗਈ ਤੇ ਉਹਨਾਂ ਵਿਚ ਕੋਈ ਪਹਾੜ ਜਿਡੀ ਪੀੜ ਵੜ ਗਈ ਹੈ।' "

ਵਾਰਤਕ ਲੇਖਾਂ ਵਿਚ ਤਾਂ ਗੁਰਬਖਸ਼ ਸਿੰਘ ਨੇ ਕਾਵਿਮਈ, ਆਦਰਸ਼ਵਾਦੀ ਤੇ ਅਲੰਕ੍ਰਿਤ ਸ਼ੈਲੀ ਵਰਤਣੀ ਹੀ ਹੋਈ, ਉਹ ਆਪਣੇ ਗਲਪ ਪਾਤਰਾਂ ਦੇ ਮੂੰਹੋਂ ਵੀ ਆਪਣੀ ਨਿਜੀ ਸ਼ੈਲੀ ਦੀ ਵਰਤੋਂ ਕਰਵਾ ਕੇ ਕਦੇ ਕਦੇ ਯਥਾਰਥ ਦੀ ਯਖਣਾ ਪੁਟਣ ਦੀ ਖ਼ੁਸ਼ੀ ਲੈਂਦਾ ਰਹਿੰਦਾ ਹੈ, ਕਿਉਂਕਿ ਆਦਤ ਜਾਂ ਫਿਤਰਤ ਹਥੋਂ ਉਹ ਮਜਬੂਰ ਹੁੰਦਾ ਹੈ। ਭਲਾ, ਕਿਸੇ ਬੇਦਰਦ ਨੇ ਜਦ ਕਿਸੇ ਬਦਨਸੀਬ ਦੀਆਂ ਦੋਵੇਂ ਅੱਖਾਂ ਚੀਰ ਦਿਤੀਆਂ ਹੋਣ ਉਸ ਨੂੰ ਅਜਿਹੇ ਸ਼ਬਦ ਸੁਝਦੇ ਹੋਣਗੇ, ਜਿਵੇਂ 'ਚੰਗਿਆ ਰਾਹੀਆ', 'ਕਿਸੇ ਬੇਦਰਦ ਨੇ' 'ਸਿਰਫ ਮੇਰੀਆਂ ਅੱਖਾਂ ਵਿਚੋਂ ਜੋਤ ਉਡ ਗਈ, ਤੇ ਉਹਨਾਂ ਵਿਚ ਕੋਈ ਪਹਾੜ ਜਿਡੀ ਪੀੜ ਵੜ ਗਈ'?

ਗੁਰਬਖਸ਼ ਸਿੰਘ ਨੇ ਵਿਚਾਰ ਤਾਂ ਲਗ ਭਗ ਸਭ ਬਾਹਰੋਂ ਹੀ ਲਏ ਸਨ, ਪਰ ਉਹਨਾਂ ਦੀ ਪੇਸ਼ਕਾਰੀ ਲਈ ਉਸ ਨੇ ਆਪਣਾ ਸਾਰਾ ਜ਼ੋਰ ਲਗਾ ਕੇ ਸ਼ੈਲੀ ਨੂੰ ਤਾਲ, ਲੈਅ, ਕਾਵਿ, ਆਦਰਸ਼ਵਾਦ, ਅਲੰਕਾਰਾਂ ਦੇ ਭਰਮ-ਜਾਲ ਨਾਲ ਲੈਸ ਕਰ ਦਿਤਾ। ਸੋ, ਸ਼ੈਲੀ ਦੇ ਖੇਤਰ ਵਿਚ ਉਸ ਦਾ ਜਾਦੂ ਇਸ ਤਰ੍ਹਾਂ ਸਿਰ ਚੜ੍ਹ ਕੇ ਬੋਲਿਆ ਕਿ ਕੀ ਸਾਧ ਅਤੇ ਕੀ ਚੋਰ, ਕੀ ਥਾਣੇਦਾਰ ਤੇ ਕੀ ਦੇਸ਼-ਭਗਤ ਸਭ ਇਕੋ ਰੱਸੇ ਬੱਝ ਗਏ। ਵਿਗਿਆਨ ਦਾ ਦਮ-ਭਰਨ ਵਾਲੇ ਗੁਰਬਖਸ਼ ਸਿੰਘ ਨੇ ਸ਼ੈਲੀ ਦੇ ਖੇਤਰ ਵਿਚ ਵਿਗਿਆਨ ਦੀ ਵਧੇਰੇ ਪਰਵਾਹ ਨਾ ਕਰਦੇ ਹੋਏ ਜਾਦੂਗਰੀ ਨੂੰ ਅਪਣਾਇਆ ਅਤੇ ਪਾਠਕਾਂ ਨੂੰ ਮੰਤਰ-ਮੁਗਧ ਕਰਨ ਵਲ ਹੀ ਵਧੇਰੇ ਧਿਆਨ ਦਿੱਤਾ। ਇਸ ਤਰ੍ਹਾਂ ਉਹ 'ਸ਼ਬਦਾਂ ਦਾ ਜਾਦੂਗਰ' ਅਤੇ ਇਕ ਵਿਲੱਖਣ ਸ਼ੈਲੀ ਦਾ ਮਾਲਕ ਕਿਹਾ ਜਾਣ ਲੱਗ ਪਿਆ।

ਗੁਰਬਖਸ਼ ਸਿੰਘ ਦੀ ਇਕ ਮਜਬੂਰੀ ਇਹ ਵੀ ਸੀ ਕਿ ਰੁੜਕੀ ਦੀ ਪੜ੍ਹਾਈ ਤੋਂ ਲੈ ਕੇ 'ਪ੍ਰੀਤ ਲੜੀ' ਸ਼ੁਰੂ ਕਰਨ ਦੇ ਸਮੇਂ ਤਕ, ਅਰਥਾਤ ਸ਼ੁਰੂ ਜਵਾਨੀ ਤੋਂ ਲੈ ਕੇ 38 ਸਾਲ ਦੀ ਉਮਰ ਤਕ, ਉਹ ਵਧੇਰੇ ਕਰਕੇ ਅੰਗਰੇਜ਼ਾਂ ਤੇ ਅਮਰੀਕਨਾਂ ਦੇ ਨੇੜੇ ਵਿਚ ਹੀ ਆਇਆ ਅਤੇ ਉਹਨਾਂ ਤੋਂ, ਉਹਨਾਂ ਦੀ ਗੱਲ-ਬਾਤ ਅਤੇ ਰਹਿਣ-ਸਹਿਣ ਤੋਂ ਬਹੁਤ ਪ੍ਰਭਾਵਤ ਹੋਇਆ। ਉਸ ਨੇ ਪਹਿਲਾਂ ਲਿਖਣਾ ਵੀ ਅੰਗਰੇਜ਼ੀ ਵਿਚ ਹੀ ਸ਼ੁਰੂ ਕੀਤਾ ਸੀ ਅਤੇ ਵਧੇਰੇ ਕਰਕੇ ਉਸ ਦੀ ਪੜ੍ਹਾਈ ਵੀ ਅੰਗਰੇਜ਼ੀ ਵਿਚ ਹੀ ਹੋਈ ਸੀ। ਅੰਗਰੇਜ਼ੀ ਵਾਕ-ਬਣਤਰ ਦਾ ਪ੍ਰਭਾਵ ਉਸ ਦੇ ਆਪਣੇ ਪੰਜਾਬੀ ਵਾਕਾਂ ਵਿਚ ਵੀ ਅਖ਼ੀਰ ਤਕ ਛਾਇਆ ਰਿਹਾ, ਜਿਵੇਂ ਹੇਠਲੇ ਕੁਝ ਵਾਕਾਂ ਤੋਂ ਪਤਾ ਲਗਦਾ ਹੈ :

(1) "ਮਨੁੱਖ ਜੀਵਨ ਵਿਚ ਸਭ ਤੋਂ ਵੱਡੀ ਤਸੱਲੀ, ਕਿਸੇ ਮਨੁੱਖ ਲਈ, ਉਸ ਦਾ ਲਾਇਕ ਬੱਚਾ ਹੈ।"—(ਸਾਡੇ ਵਾਰਸ)

ਵਾਰਤਕ ਦੀ ਵਿਗਿਆਨਕ ਸੂਝ ਅਤੇ ਸ਼ੁਧ ਵਾਕ-ਬਣਤਰ ਅਨੁਸਾਰ ਲਿਖਣ ਵਾਲੇ ਪ੍ਰਿੰਸੀਪਲ ਤੇਜਾ ਸਿੰਘ ਨੇ ਜੇ ਇਹੀ ਗੱਲ ਕਹਿਣੀ ਹੋਵੇ ਤਾਂ ਉਹ ਇੰਜ ਕਹੇਗਾ : "ਕਿਸੇ ਮਨੁੱਖ ਦੇ ਜੀਵਨ ਦੀ ਸਭ ਤੋਂ ਵੱਡੀ ਤਸੱਲੀ ਉਸ ਦਾ ਲਾਇਕ ਬੱਚਾ ਹੈ।"

(2) ਸਾਦੀ ਤੇ ਥੋੜੀ ਗਿਜ਼ਾ ਤੇ ਮਨ-ਭਾਉਂਦਾ ਰੁਝੇਵਾਂ, ਵੱਡੀ ਆਯੂ ਤੇ ਸੁਡੌਲ ਸਰੀਰ ਦੇ ਰਾਜ਼ ਹਨ।" —(ਪ੍ਰਸੰਨ ਲੰਮੀ ਉਮਰ)

ਸ਼ੁਧ ਵਾਕ ਬਣਤਰ ਅਨੁਸਾਰ ਏਸੇ ਗੱਲ ਨੂੰ ਇਸ ਤਰ੍ਹਾਂ ਕਿਹਾ ਜਾਵੇਗਾ : "ਵੱਡੀ ਆਯੂ ਤੇ ਸਡੌਲ ਸਰੀਰ ਦੇ ਰਾਜ਼ ਹਨ—ਸਾਦੀ ਤੇ ਥੋੜੀ ਗਿਜ਼ਾ ਅਤੇ ਮਨ-ਭਾਉਂਦਾ ਰੁਝੇਵਾਂ।"

(3) ਉਪਰਲੇ ਯਕੀਨ ਦੇ ਅਧੀਨ ਕੁਝ ਨੋਟ ਆਪਣੇ ਤਜਰਬੇ ਵਿਚੋਂ ਪੇਸ਼ ਕਰਨ ਦੀ ਖ਼ੁਸ਼ੀ ਮਗਦਾ ਹਾਂ......ਪਰ ਸਾਡੀ ਭਾਵਨਾ ਇਕ ਦੂਜੇ ਦੇ ਜੀਵਨ-ਨੋਟਾਂ ਦਾ ਵਟਾਂਦਰਾ ਕਰਕੇ ਜਾਣਨਾ ਤੇ ਜਨੌਣਾ ਹੈ...... ।'' —(ਸਵੈ-ਪੂਰਨਤਾ ਦੀ ਲਗਨ)

ਪ੍ਰਿੰਸੀਪਲ ਤੇਜਾ ਸਿੰਘ ਨੇ ''ਟਕਸਾਲੀ ਪੰਜਾਬੀ'' ਨਾਮ ਦੇ ਆਪਣੇ ਇਕ ਲੇਖ ਵਿਚ ਅਜਿਹੀ ਵਿਧੀ ਉਤੇ ਚੋਟ ਕਰਦਿਆਂ ਕਿਹਾ ਹੈ :—

''ਕਈ ਲਿਖਾਰੀ ਅੰਗਰੇਜ਼ੀ ਪੜ੍ਹੇ ਹੋਣ ਕਰਕੇ ਅੰਗਰੇਜ਼ੀ ਵਿਚ ਹੀ ਸੋਚਦੇ ਤੇ ਅੰਗਰੇਜ਼ੀ ਢੰਗ ਨਾਲ ਹੀ ਆਪਣੇ ਖ਼ਿਆਲ ਪਰਗਟ ਕਰਦੇ ਹਨ ।...... ਉਹਨਾਂ ਦੇ ਖ਼ਿਆਲ ਓਪਰੇ ਓਪਰੇ ਤੇ ਉਖੜੇ ਹੋਏ, ਅਣ-ਪੰਜਾਬੀ ਸ਼ਕਲ ਵਿਚ ਉਲਥਾਏ ਹੋਏ ਹੁੰਦੇ ਹਨ । ਇਕ ਲਿਖਾਰੀ, ਪੰਜਾਬੀ ਸਾਹਿਤ ਦਾ ਪਾਰਖੂ ਆਪਣੀ ਕਿਤਾਬ ਵਿਚ ਇਉਂ ਲਿਖਦਾ ਹੈ : ''ਅਜਿਹੀਆਂ ਗੱਲਾਂ ਇਕ-ਦਮ ਅਨੰਦ ਤੇ ਟੁੰਬ ਹਨ'' (...are at once a joy and an inspiration) ਲਿਖਾਰੀ ਦਾ ਭਾਵ ਇਉਂ ਜ਼ਾਹਰ ਹੋ ਸਕਦਾ ਸੀ. 'ਜਿਥੇ ਖ਼ੁਸ਼ੀ ਦੇਂਦੀਆਂ ਉਥੇ ਨਵੀਆਂ ਨਵੀਆਂ ਸੋਚਾਂ ਵੀ ਉਸਾਰਦੀਆਂ ਹਨ ।' ਇਹ ਫਿਰ ਲਿਖਦੇ ਹਨ, 'ਕਵੀ ਵਾਂਗ ਪਾਠਕ ਵੀ ਜਨਮ ਲੈਂਦਾ ਹੈ, ਬਣਾਇਆ ਨਹੀਂ ਜਾ ਸਕਦਾ ।' ਜੇ ਇਹ ਲਿਖਾਰੀ ਪੰਜਾਬੀ ਵਿਚ ਹੀ ਸੋਚਦਾ ਤਾਂ ਉਸ ਨੂੰ 'ਜਮਾਂਦਰੂ' ਅਹੁੜ ਪੈਂਦਾ ।''[5]

ਤੇਜਾ ਸਿੰਘ ਦਾ ਸੰਕੇਤ ਏਥੇ ਗੁਰਬਖਸ਼ ਸਿੰਘ ਵਲ ਭਾਵੇਂ ਨਹੀਂ ਹੈ, ਪਰ ਗੁਰਬਖਸ਼ ਸਿੰਘ ਨੇ ਕਈ ਵਾਕ-ਅੰਸ਼ ਸਿੱਧੇ ਅੰਗਰੇਜ਼ੀ ਤੋਂ ਅਨੁਵਾਦ ਕੀਤੇ ਹਨ, ਜੋ ਪੰਜਾਬੀ ਦੇ ਖ਼ਮੀਰ ਵਿਚੋਂ ਨਿਕਲੇ ਹੋਏ ਨਹੀਂ ਹਨ, ਸਗੋਂ ਲੇਖਕ ਦੀ ਆਪਣੀ ਸ਼ੈਲੀ ਦਾ ਚਮਤਕਾਰ ਹਨ :— (1) ...ਖੁਸ਼ੀ ਲੈਂਦਾ ਹਾਂ (...have the pleasure), (2) ਸੂਈ-ਢੈ-ਸੁਣੀਂਦੀ ਖ਼ਾਮੋਸ਼ੀ (pin-drop silence), (3) ਨਿੱਘੀ ਹੱਥ-ਘੁਟਣੀ (warm hand-shake), (4) ਅੱਥਰੂਆਂ ਬਿਨਾਂ ਪੜ੍ਹਾਈ (education without tears), (5) ਚੜ੍ਹੇ-ਪੀੜ੍ਹੇ ਬੰਦੇ (high-placed persons), (6) ਪਾਉ-ਘੰਟਾ (quarter hour), (7) ਰਲ-ਮਿਲਣੀ (get-together), (8) ਅਫਸਰ ਦਾ ਰਉਂ (officer's mood), (੯) ਹੋਣੀ ਦਾ ਰਾਣਾ (Knight-errant of destiny) (10) ਨਾ-ਖੁਸ਼ੀ (displeasure), ਬੇਮੇਚੀ (un-matching), ਅਣ-ਸੁਖਾਵਾਂ (unpleasant), ਪ੍ਰੀਤ-ਲੜੀ (Love-link), ਬੇ-ਪ੍ਰੀਤਮ (unloved), ਬੇ-ਬਦਲ (un-changeable) ।

ਗੁਰਬਖਸ਼ ਸਿੰਘ ਦੇ ਰਚੇ ਇਹਨਾਂ ਸ਼ਬਦਾਂ ਨਾਲ ਪੰਜਾਬੀ ਵਾਰਤਕ ਦੀ ਰੰਗੀਨੀ ਵਿਚ ਵਾਧਾ ਜ਼ਰੂਰ ਹੋਇਆ ਹੈ, ਜਿਸ ਤੋਂ ਉਸ ਦੀ ਸ਼ਬਦ-ਸ਼ਿਲਪ ਸੂਝ ਦਾ ਵੀ ਪਤਾ ਮਿਲਦਾ ਹੈ । ਉਸ ਦੀ ਜਾਦੂਗਰੀ ਤੋਂ ਕਈ ਸ਼ਰਧਾਲੂ ਏਥੋਂ ਤਕ ਪ੍ਰਭਾਵਤ ਹੋਏ ਹਨ ਕਿ ਕੁਝ ਅਜਿਹੇ ਸ਼ਬਦਾਂ ਨੂੰ ਵੀ ਉਸ ਦੀ ਦੇਣ ਕਿਹਾ ਜਾਂਦਾ ਹੈ, ਜੋ ਪੰਜਾਬੀ ਵਿਚ ਪਹਿਲਾਂ ਹੀ ਪ੍ਰਚਲਤ ਸਨ, ਜਿਵੇਂ ਅਪਹੁੰਚ, ਕਰੋਪੀ, ਤ੍ਰੈ-ਵਹਿਣੀ, ਬੇਲੋੜੀ, ਬਦ-ਸ਼ਗਨੀ, ਬਦ-ਅਮਨੀ, ਬੇਹੱਦੀ, ਬੇਇਨਸਾਫ਼ੀ, ਬੇਨੁਕਸ, ਬੇਇਨਤਹਾ ਆਦਿ ।[6]

ਗੁਰਬਖਸ਼ ਸਿੰਘ ਦੀ ਬੋਲੀ ਵਿਚ ਕਦੇ-ਕਿਤੇ ਕੋਈ ਅਜਿਹੀ ਭਾਸ਼ਾਈ ਉਕਾਈ ਵੀ ਆ ਜਾਂਦੀ ਹੈ ਜਿਸ ਨੂੰ ਮਾਮੂਲੀ ਗੱਲ ਸਮਝ ਕੇ ਸ਼ਾਇਦ ਕਿਸੇ ਨੇ ਵੀ ਉਸ ਦਾ ਧਿਆਨ ਓਧਰ ਨਹੀਂ ਦਵਾਇਆ ਹੋਏਗਾ, ਜਿਵੇਂ 'ਆਤਮਾਆਂ', 'ਹਵਾਆਂ', 'ਕਿਰਿਆਆਂ', 'ਸੰਸਥਾਆਂ', 'ਸੁਤੰਤ੍ਰਤਾਆਂ', 'ਚਿੰਤਾਆਂ', 'ਅਵਸਥਾਆਂ' ਆਦਿ ਲਿਖਣਾ, ਜਾਂ ''ਪ੍ਰੋਫ਼ੈਸਰ ਅਬਦਲ ਮਜੀਦ ਵਰਗੀਆਂ ਵਿਅਕਤੀਆਂ ਦੀ



ਕੀਮਤੀ ਦੋਸਤੀ ਤੇ ਮਿਲਵਰਤਣ''[7] ਵਿਚ ਸ਼ਬਦ ਵਰਗੀਆਂ ਦੀ ਥਾਂ ਵਰਗੇ ਆਉਣਾ ਚਾਹੀਦਾ ਹੈ । ਪਰ ਗੁਰਬਖਸ਼ ਸਿੰਘ ਕਿਉਂਕਿ ਬਾਹਲਾ ਅੰਗਰੇਜ਼ੀ ਵਿਚ ਸੋਚਦਾ ਸੀ, ਇਸ ਲਈ ''personalities'' ਸ਼ਬਦ ਨੂੰ ਮੁਖ ਰੱਖ ਕੇ 'ਵਰਗੀਆਂ' ਹੀ ਲਿਖ ਗਿਆ, ਜਾਂ ਉਰਦੂ ਵਿਚ ਸੋਚਦੇ ਹੋਏ ''ਹਸਤੀਆਂ'' ਦਾ ਜੋੜ 'ਵਰਗੀਆਂ' ਨਾਲ ਮਿਲਾ ਗਿਆ ।

[ਇਸ ਮੀਣ-ਮੇਖ ਕੱਢਣ ਦਾ ਆਸ਼ਾ ਗੁਰਬਖਸ਼ ਸਿੰਘ ਨੂੰ ਛੁਟਿਆਣਾ ਨਹੀਂ ਹੈ, ਨਾ ਹੀ ਇਹ ਮੀਣ-ਮੇਖ ਕੱਢਣ ਵਾਲਾ ਗੁਰਬਖਸ਼ ਸਿੰਘ ਤੋਂ ਸਿਆਣਾ ਸਿਧ ਹੋ ਸਕਦਾ ਹੈ । ਪਰ ਫੇਰ ਵੀ ਜਿਨ੍ਹਾਂ ਨੇ ਬਹੁਤੇ ਗੋਰ ਨਾਲ ਗੁਰਬਖਸ਼ ਸਿੰਘ ਨੂੰ ਨਹੀਂ ਪੜ੍ਹਿਆ ਅਤੇ ਕੇਵਲ ਉਸ ਨੂੰ 'ਸ਼ਬਦਾਂ ਦਾ ਜਾਦੂਗਰ' ਕਹਿ ਕੇ ਹੀ ਅੱਗੇ ਬਿਸਰਾਮ ਚਿੰਨ੍ਹ ਲਗਾ ਦਿਤਾ ਹੈ, ਉਹਨਾਂ ਦੀ ਜਾਣਕਾਰੀ ਲਈ ਅਜਿਹੀਆਂ ਗੱਲਾਂ ਦਸਣੀਆਂ ਵੀ ਜ਼ਰੂਰੀ ਹਨ । ਉਂਜ ਇਹਨਾ ਸਤਰਾਂ ਦੇ ਲੇਖਕ ਨੂੰ ਇਹ ਪਤਾ ਹੈ ਕਿ ਕਿਵੇਂ ਇਕ ਉਰਦੂ ਕਵੀ ਨੇ ਭਾਵੇਂ ਇਕ ਪੂਰੀ ਕਿਤਾਬ ਲਿਖ ਕੇ ਛਪਵਾ ਦਿਤੀ ਸੀ : ''ਇਕਬਾਲ ਕੀ ਗਲਤੀਆਂ'', ਪਰ ਇਸ ਨਾਲ ਵੀ ਇਕਬਾਲ ਦੀ ਮਹਾਨਤਾ ਵਿਚ ਕੋਈ ਫਰਕ ਨਹੀਂ ਪੈਂਦਾ ਅਤੇ ਗਲਤੀਆਂ ਦੱਸਣ ਵਾਲਾ ਇਕਬਾਲ ਤੋਂ ਵੱਡਾ ਸਿਧ ਨਹੀਂ ਹੋ ਸਕਦਾ ।]

ਬੋਲੀ ਅਤੇ ਸ਼ਬਦਾਂ ਦੀ ਘਾੜਤ ਵੱਲ ਹੀ ਬਹੁਤਾ ਧਿਆਨ ਦੇਣ ਕਰਕੇ ਗੁਰਬਖ਼ਸ਼ ਸਿੰਘ ਨੇ ਆਪਣੀ ਬੋਲੀ ਨੂੰ ਸ਼ਿੰਗਾਰ ਤਾਂ ਜ਼ਰੂਰ ਲਿਆ ਅਤੇ ਇਸ ਵਿਚ ਮਖ਼ਮਲੀ ਕੋਮਲਤਾ ਲੈ ਆਂਦੀ, ਪਰ ਬਹੁਤਾ ਧਿਆਨ ਏਧਰ ਦੇਣ ਕਰਕੇ ਉਹ ਵਿਚਾਰ ਅਤੇ ਸਮੱਗਰੀ ਦੇ ਪਖੋਂ ਕਿਸੇ ਹੱਦ ਤਕ ਊਣਾ ਰਹਿ ਗਿਆ । ਜੋ ਵਿਚਾਰ ਘੜੇ-ਘੜਾਏ ਉਸ ਨੂੰ ਬਾਹਰੋਂ ਮਿਲ ਗਏ ਉਹਨਾਂ ਨੂੰ ਲੈਅ-ਤਾਲ ਅਤੇ ਹੋਰ ਮੇਕ-ਅੱਪ ਨਾਲ ਸ਼ਿੰਗਾਰ ਕੇ ਉਸ ਨੇ ਪੰਜਾਬੀ ਵਿਚ ਸੁਹਣੀ ਤਰ੍ਹਾਂ ਪੇਸ਼ ਤਾਂ ਭਾਵੇਂ ਕਰ ਦਿਤਾ, ਬਹੁਤੀ ਅੰਗਰੇਜ਼ੀ ਨਾ ਪੜ੍ਹੇ ਹੋਏ ਪਾਠਕਾਂ ਤੇ ਲੇਖਕਾਂ ਵਲੋਂ ਭੱਲ ਵੀ ਬੜੀ ਖੱਟੀ ਅਤੇ ਪੰਜਾਬੀ ਸ਼ੈਲੀ ਨੂੰ ਨਵਾਂ ਮੂੰਹ-ਮੱਥਾ ਬਖਸ਼ਿਆ, ਪਰ ਇਹਨਾਂ ਵਿਚਾਰਾਂ ਵਿਚ ਨਿਆਇਸ਼ੀਲਤਾ ਦਾ ਘਾਣ ਹੋਇਆ ਕਈ ਥਾਈਂ ਮਿਲਦਾ ਹੈ ਅਤੇ ਵਿਚਲੇ ਰੈਸ਼ਨਲ-ਤੱਤ ਦੀ ਘਾਟ ਬੜੀ ਅੱਖੜਦੀ ਹੈ । ਉਦਾਹਰਣ ਦੇ ਤੌਰ 'ਤੇ :—

(1) ''ਖ਼ੁਸ਼ੀ ਮਨੁੱਖ ਦੀ ਲੰਮੀ ਜ਼ਿੰਦਗੀ ਵਿਚ ਉਹਨਾਂ ਦੁਰਲਭ ਘੜੀਆਂ ਦੀ ਦੇਣ ਨਹੀਂ, ਜਦੋਂ ਕਿਸੇ ਨਿਸ਼ਕਾਮ ਸੇਵਾ ਜਾਂ ਆਪਣੀ ਕਿਸੇ ਅਤਿ ਪਿਆਰੀ ਖਾਹਿਸ਼ ਦੀ ਪੂਰਤੀ ਉਤੇ ਮਨੁੱਖ ਮਨ ਵੀ ਸਵੱਰਗੀ ਅਵਸਥਾ ਵਿਚ ਖਿੜ ਜਾਂਦਾ ਹੈ । ਸਗੋਂ ਇਹ ਉੱਚੇ ਮਨੋਰਥਾਂ ਲਈ ਆਪਣੀਆਂ ਪ੍ਰੇਰਨਾਵਾਂ ਨੇਪਰੇ ਚਾੜ੍ਹਣ ਦੀ ਸਦੀਵੀ ਜਦੋ-ਜਹਿਦ ਹੈ ।'' (ਖ਼ੁਸ਼ੀ ਕੀ ਹੈ ? ਪ੍ਰੀਤ ਲੜੀ, ਜੂਨ 1976, ਪੰਨਾ 19) ।

(2) ''ਖ਼ੁਸ਼ੀ ਚੀਜ਼ਾਂ ਵਿਚ ਨਹੀਂ, ਸੁਆਦ ਵਿਚ ਹੈ, ਮਲਕੀਅਤ ਵਿਚ ਨਹੀਂ, ਮਾਣ ਸਕਣ ਵਿਚ ਹੈ, ਚੰਗੇ ਹਾਦਸਿਆਂ ਵਿਚ ਨਹੀਂ, ਉਹਨਾਂ ਦੇ ਸਾਡੇ ਉਤੇ ਪ੍ਰਤੀ-ਕਰਮ ਵਿਚ ਹੈ ।' ਸੁਖਾਵੀਂ ਸੁਧਰੀ ਜ਼ਿੰਦਗੀ, ਪੰਨਾ 24) ।

ਪੰਜਾਬੀ ਸਾਹਿਤ ਅਤੇ ਬੋਲੀ ਦੀ ਉਸਾਰੀ ਦੇ ਇਕ ਨਿਰਣੇਕਾਰੀ ਪੜਾਅ ਉਤੇ ਗੁਰਬਖਸ਼ ਸਿੰਘ ਦਾ ਆਗਮਨ ਹੋਇਆ । ਉਸ ਤੋਂ ਪਹਿਲਾਂ ਗੁਰਮੁਖੀ ਅੱਖਰਾਂ ਵਿਚ ਗੱਲ ਵਧੇਰੇ ਸਿੱਖਾਂ ਨਾਲ ਹੀ ਕੀਤੀ ਜਾਂਦੀ ਸੀ । ਗੁਰਬਖਸ਼ ਸਿੰਘ ਨੇ ਸਾਰੇ ਪੰਜਾਬੀਆਂ ਨਾਲ ਗੱਲ ਕਰਨ ਦਾ ਅਦਬ-ਆਦਾਬ ਪੰਜਾਬੀ ਸਾਹਿਤ ਨੂੰ ਦਿਤਾ । ਉਹ ਇਕ ਵਿਸ਼ੇਸ਼ ਸ਼ੈਲੀਕਾਰ ਹੋਇਆ ਹੈ । ਪ੍ਰੋ: ਪੂਰਨ ਸਿੰਘ ਅਤੇ ਮੋਹਨ ਸਿੰਘ ਕੁਝ ਲੇਖਾਂ ਨਾਲ ਹੀ ਸ਼ੈਲੀਕਾਰ ਮੰਨੇ ਗਏ ਹਨ । ਤੇਜਾ ਸਿੰਘ ਅਤੇ .ਕਮਲਾ ਅਕਾਲੀ'

ਕੁਝ ਪੁਸਤਕਾਂ ਨਾਲ ਹੀ । ਗੁਰਬਖਸ਼ ਸਿੰਘ ਨੇ ਉਹਨਾਂ ਨਾਲੋਂ ਕਿਤੇ ਵਧ ਮੇਹਨਤ ਕੀਤੀ ਅਤੇ ਅਜਿਹਾ ਬਹੁਤ ਸਾਰਾ ਗਿਆਨ ਇਕ ਕਾਵਿ-ਮਈ ਅਤੇ ਚਮਤਕਾਰੀ ਸ਼ੈਲੀ ਵਿਚ ਉਹਨਾਂ ਪੰਜਾਬੀ ਪਾਠਕਾਂ ਨੂੰ ਦਿਤਾ ਜਿਸ ਤਕ ਉਹਨਾਂ ਪਾਠਕਾਂ ਦੀ ਰਸਾਈ ਬੜੀ ਮੁਸ਼ਕਲ ਸੀ ।

---

(1) ਗੁਰਬਖਸ਼ ਸਿੰਘ : ਮੇਰੀ ਜੀਵਨ ਕਹਾਣੀ III, 56
(2) George Thomson : Marxism & Poetry, 1953 ed. p. 15;
(3) "ਪ੍ਰਭਾ ਦੀ ਪ੍ਰੀਤੋਂ ਪੈਥੀ", ਸੇਧ, ਦਸੰਬਰ 1978.
(4) Marxism & Poetry (ਉਪਰੋਕਤ) ਪੰਨਾ 7
(5) ਸਾਹਿਤ ਦਰਸ਼ਨ : ਤੇਜਾ ਸਿੰਘ : 1951, ਪੰਨਾ 34
(6) ਸਾਹਿਤ ਸਮਾਚਾਰ, ਜਨਵਰੀ 1958, ਪੰਨਾ 27 ਅਤੇ 90;
(7) ਮੰਜ਼ਲ ਦਿਸ ਪਈ, 1973 ਛਾਪ, ਸਫ਼ਾ 174.

---

## ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖੋਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ । ਸਫ਼ੇ 200, ਸੁੰਦਰ ਦਿੱਖ, ਲਾਏਬਰੇਰੀ ਐਡੀਸ਼ਨ, ਪੱਕੀ ਜਿਲਦ—ਮੁਲ : 15 ਰੁਪੈ, ਪੇਪਰ ਬੈਕ—ਮੁੱਲ : ਦਸ ਰੁਪੈ ।

(10 ਰੁਪੈ ਜਾਂ 1 ਪੌਂਡ ਜਾਂ 1.50 ਡਾਲਰ; 15 ਰੁਪੈ ਜਾਂ 1.50 ਪੌਂਡ ਜਾਂ 2.75 ਡਾਲਰ)

---

### ਬੇਨਤੀ

**ਸੇਧ** ਲਈ ਲਿਖਣ ਵਾਲੇ ਵਿਦਵਾਨਾਂ, ਲੇਖਕਾਂ ਨੂੰ ਸਾਡੀ ਬੇਨਤੀ ਹੈ ਕਿ ਉਹ

* ਕਾਗ਼ਜ਼ ਦੇ ਇਕ ਬੰਨੇ ਹੀ ਲਿਖਿਆ ਕਰਨ, ਖੁਲ੍ਹਾ ਹਾਸ਼ੀਆ ਛਡ ਕੇ ਲਿਖਿਆ ਕਰਨ ਅਤੇ ਖੁਲ੍ਹਾ ਖੁਲ੍ਹਾ ਸਾਫ਼ ਸਾਫ਼ ਲਿਖਿਆ ਕਰਨ;
* ਅੰਗਰੇਜ਼ੀ ਵਿਚ ਜੇ ਟੂਕਾਂ ਦੇਣੀਆਂ ਹੋਣ ਤਾਂ (ਜੇ ਸੰਭਵ ਹੋ ਸਕੇ) ਥੋੜਾ ਕਸ਼ਟ ਕਰ ਕੇ ਵੱਖਰੇ ਕਾਗ਼ਜ਼ 'ਤੇ ਟਾਈਪ ਕਰਵਾ ਕੇ ਨਾਲ ਨੱਥੀ ਕਰ ਦਿਆ ਕਰਨ;
* ਸ਼ਬਦਾਂ ਦੇ ਹਿੱਜੇ (ਸਪੈਲਿੰਗਜ਼) ਸੁਰਗਵਾਸੀ ਸ੍ਰ: ਤੇਜਾ ਸਿੰਘ ਵਾਲੇ ਰਖਣ, ਪੰਜਾਬੀ ਦੇ ਉਚਾਹਰਣ ਅਨੁਸਾਰ । ਹਿੰਦੀ ਦੀ ਨਕਲ ਕਰ ਕੇ ਆਰਥਕ, ਸਮਾਜਕ, ਪਰਵਾਰ ਆਦਿ ਜਿਹੇ ਸ਼ਬਦਾਂ ਵਿਚ ਖ਼ਾਹਮਖ਼ਾਹ ਸਿਹਾਰੀਆਂ ਨਾ ਫਸਾਇਆ ਕਰਨ । ਏਸੇ ਤਰ੍ਹਾਂ ਹੀ ਨ ਤੇ ਣ ਦੀ ਸਹੀ ਵਰਤੋਂ ਕਰਨ ਜਿਵੇਂ ਬਣਾਵਟ, ਬਣਨ ਆਦਿ ਸ਼ਬਦਾਂ ਵਿਚ ।





## ਪੰਜਾਬ ਯੂਨੀਵਰਸਿਟੀ 'ਅੰਗਰੇਜ਼ੀ-ਪੰਜਾਬੀ ਕੋਸ਼' ਦਾ 'ਵਿਮੋਚਨ (ਸਮਾਰੋਹ ?) ਸੰਸਕਾਰ !'

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਅੰਗਰੇਜ਼ੀ-ਪੰਜਾਬੀ ਕੋਸ਼ ਵਿਭਾਗ ਵਲੋਂ ਪਿਛਲੇ ਸੱਤਾਂ ਸਾਲਾਂ ਤੋਂ ਤਿਆਰ ਕੀਤੇ ਜਾ ਰਹੇ ਅੰਗਰੇਜ਼ੀ-ਪੰਜਾਬੀ ਕੋਸ਼ ਦਾ ਵਿਮੋਚਨ ਰਾਜ-ਪੱਧਰ 'ਤੇ ਪੰਜਾਬ ਦੇ ਰਾਜਪਾਲ ਸ਼੍ਰੀ ਜੈਸੁਖ ਲਾਲ ਹੱਥੀ ਨੇ 20 ਅਗਸਤ, 1979 ਨੂੰ ਕੀਤਾ । ਇਸ ਸਮਾਰੋਹ ਦਾ ਆਯੋਜਨ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੇ ਡਾਇਰੈਕਟਰ, ਪ੍ਰਿਥੀਪਾਲ ਸਿੰਘ ਕਪੂਰ ਵਲੋਂ ਕੀਤਾ ਗਿਆ । ਪੰਜਾਬ ਦੇ ਸਿਖਿਆ ਮੰਤਰੀ, ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਤੇ ਹੋਰ ਮਹੱਤਵਪੂਰਣ ਰਾਜ ਅਧਿਕਾਰੀਆਂ ਤੋਂ ਬਿਨਾਂ ਚੰਡੀਗੜ੍ਹ ਦੇ 'ਚੋਣਵੇਂ' ਵਿਅਕਤੀ' ਇਸ ਸਮਾਰੋਹ ਵਿਚ ਸ਼ਾਮਿਲ ਹੋਏ । ਸਭ ਵਕਤਿਆਂ ਨੇ ਦੋ ਮੁੱਖ ਸੰਪਾਦਕਾਂ (ਡਾ: ਅਤਰ ਸਿੰਘ ਅਤੇ ਡਾ: ਬਲਬੀਰ ਸਿੰਘ ਸੰਧੂ) ਅਤੇ ਸੰਪਾਦਕੀ ਮੰਡਲ ਦੀ ਛੇ ਸਾਲਾਂ ਦੀ ਅਣਥੱਕ ਅਤੇ ਨਿਰੰਤਰ ਘਾਲਣਾ ਦੇ ਫਲਸਰੂਪ ਤਿਆਰ ਕੀਤੇ ਕੋਸ਼ ਦੀ ਅਤੀਅੰਤ ਸ਼ਲਾਘਾ ਕੀਤੀ । ਕਪੂਰ ਸਾਹਿਬ ਨੇ ਆਪਣੇ ਪਰਿਚਯਾਤਮਕ ਭਾਸ਼ਣ ਵਿਚ ਕਈ ਵਾਰ ਇਸ ਗੱਲ ਨੂੰ ਦਹਰਾਇਆ ਕਿ ਇਹ ਕੋਸ਼ ਡਾ: ਅਤਰ ਸਿੰਘ ਦੀ ਪਿਛਲੇ ਛੇ ਸਾਲਾਂ ਦੀ ਅਣਥੱਕ ਮਿਹਨਤ ਸਦਕਾ ਪੂਰਾ ਹੋ ਸਕਿਆ ਹੈ ( ? ! ) ਅਤੇ ਪੰਜਾਬੀ ਦਾ ਪ੍ਰਸਿੱਧ ਭਾਸ਼ਾ-ਵਿਗਿਆਨੀ, ਬਲਬੀਰ ਸਿੰਘ ਸੰਧੂ ਇਸ ਕੋਸ਼ ਦੀ 'ਫਾਈਨਲ ਕਾਪੀ' ਅਰਥਾਤ 'ਪ੍ਰੈੱਸ ਕਾਪੀ' ਤਿਆਰ ਕਰਵਾ ਰਿਹਾ ਹੈ ।

ਕਪੂਰ ਸਾਹਿਬ ਨੇ ਆਪਣੇ ਇਸ ਕਥਨ ਵਿਚ ਤੱਥਾਂ ਨੂੰ ਕਾਫੀ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ । ਤੱਥਾਂ ਦੀ ਇਸ ਗਲਤ-ਬਿਆਨੀ ਨੂੰ ਜੇ ਸਪਸ਼ਟ ਕਰ ਦਿਤਾ ਜਾਵੇ ਤਾਂ ਅਢੁਕਵਾਂ ਨਹੀਂ ਹੋਵੇਗਾ । ਮੇਰੀ ਜਾਚੇ ਡਾ: ਅਤਰ ਸਿੰਘ ਦੇ ਯੋਗਦਾਨ ਨੂੰ ਉਛਾਲਣ ਅਤੇ ਡਾ: ਸੰਧੂ ਦੇ ਯੋਗਦਾਨ ਨੂੰ ਛੁਟਿਆਉਣ ਪਿਛੇ 'ਗਿਣੀ-ਮਿਥੀ ਸਾਜ਼ਸ਼' ਕੰਮ ਕਰ ਰਹੀ ਹੈ । ਇਹ ਗੱਲ ਅਕਾਦਮਿਕ ਈਮਾਨਦਾਰੀ ਅਤੇ ਸਿਸ਼ਟਤਾ ਦੇ ਅਨੁਕੂਲ ਨਹੀਂ । ਇਸ ਸਾਰੀ ਗੱਲ ਨੂੰ ਪੂਰਨ ਭਾਂਤ ਸਪਸ਼ਟ ਕਰਨ ਲਈ ਇਸ ਪ੍ਰਾਜੈਕਟ ਦਾ ਸੰਖੇਪ ਜੇਹਾ ਇਤਿਹਾਸ ਦੇਣਾ ਬੇਲੋੜਾ ਨਹੀਂ ਹੋਵੇਗਾ ।

ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਸਟੈਂਡਰਡ ਅੰਗਰੇਜ਼ੀ-ਪੰਜਾਬੀ ਕੋਸ਼ ਤਿਆਰ ਕਰਵਾਉਣ ਦੀ ਯੋਜਨਾ ਪੰਜਾਬ ਯੂਨੀਵਰਸਿਟੀ ਨੇ 1948-49 ਵਿਚ ਬਣਾਈ ਅਤੇ ਇਸ ਦੀ ਐਡਿਟਿੰਗ ਦਾ ਕੰਮ ਪ੍ਰਿੰਸੀਪਲ ਤੇਜਾ ਸਿੰਘ ਨੂੰ ਸੌਂਪਿਆ ਗਿਆ । ਐਡਿਟਿੰਗ ਦੇ ਕੰਮ ਵਿਚ ਉਹਨਾਂ ਦੀ ਸਹਾਇਤਾ ਕਰਨ ਲਈ ਪੰਜਾਬੀ ਦੇ ਪ੍ਰਸਿੱਧ ਵਿਦਵਾਨਾਂ ਅਤੇ 'ਸਾਹਿਤ-ਰਸੀਆਂ' ਨੇ ਉਹਨਾਂ ਨੂੰ ਸਹਿਯੋਗ ਦਿਤਾ । ਇਸ ਕੋਸ਼ ਦੀ ਭੂਮਿਕਾ ਤੋਂ ਸਪਸ਼ਟ ਹੈ ਕਿ ਪ੍ਰਿੰਸੀਪਲ ਤੇਜਾ ਸਿੰਘ ਕੇਵਲ 'Eozoic' ਸ਼ਬਦ ਤਕ ਹੀ ਇਸ ਕੋਸ਼ ਦੀ ਐਡਿਟਿੰਗ ਕਰ ਸਕੇ । A-E ਅੱਖਰਾਂ ਦੀ ਇਹ ਸੰਚੀ ਪੰਜਾਬ ਯੂਨੀਵਰਸਿਟੀ ਨੇ 1953 ਵਿਚ ਪ੍ਰਕਾਸ਼ਿਤ ਕੀਤੀ । ਫਿਰ ਕਈ ਸਾਲ ਕੰਮ ਠੱਪ ਰਿਹਾ । ਜਨਵਰੀ 1972 ਵਿਚ ਪੰਜਾਬੀ

ਦੇ ਪ੍ਰਸਿੱਧ 'ਵਿਦਵਾਨ' ਅਤੇ 'ਆਲੋਚਕ' ਡਾ: ਅਤਰ ਸਿੰਘ ਨੂੰ ਇਸ ਪ੍ਰਾਜੈਕਟ ਦਾ ਮੁੱਖ ਸੰਪਾਦਕ ਨਿਯੁਕਤ ਕੀਤਾ ਗਿਆ ।

ਡਾ: ਅਤਰ ਸਿੰਘ ਨੂੰ ਇਸ ਯੂਨੀਵਰਸਿਟੀ ਵਿਚ ਆਉਣ ਤੋਂ ਪਹਿਲਾਂ 1967 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤੇ ਅੰਗਰੇਜ਼ੀ-ਪੰਜਾਬੀ ਕੋਸ਼ ਦੀ ਐਡਿਟਿੰਗ ਦਾ ਕੰਮ ਸੌਂਪਿਆ ਗਿਆ ਸੀ, ਪਰ ਉਹ ਨਿੱਜੀ ਹਿੱਤਾਂ ਨੂੰ ਮੁੱਖ ਰੱਖ ਕੇ ਇਹ ਕੰਮ ਵਿਚੇ ਛੱਡ ਕੇ ਦਿੱਲੀ ਯੂਨੀਵਰਸਿਟੀ ਚਲੇ ਗਏ । ਇਉਂ ਹੀ ਜਨਵਰੀ 1972 ਵਿਚ ਉਹਨਾਂ ਦੀ ਨਿਯੁਕਤੀ ਪੰਜਾਬ ਯੂਨੀਵਰਸਿਟੀ ਦੇ ਇਸ ਪ੍ਰਾਜੈਕਟ ਵਿਚ ਮੁੱਖ ਸੰਪਾਦਕ ਦੇ ਤੌਰ 'ਤੇ ਹੋਈ । ਥੋੜੇ ਜੇਹੇ ਅਰਸੇ ਵਿਚ ਹੀ ਉਹਨਾਂ ਦਾ ਮਨ ਇਸ ਕੰਮ ਤੋਂ ਉਚਾਟ ਹੋ ਗਿਆ ਅਤੇ 15 ਦਸੰਬਰ, 1977 ਨੂੰ ਉਹਨਾਂ ਨੇ ਕੋਸ਼ ਦੇ ਸੰਪਾਦਨ ਦੇ ਕੰਮ ਨੂੰ ਦੁਬਾਰਾ ਅਧੂਰਾ ਛੱਡ ਕੇ ਇਸ ਪ੍ਰਾਜੈਕਟ ਦੀ ਵਾਗਡੋਰ ਬਲਬੀਰ ਸਿੰਘ ਸੰਧੂ ਨੂੰ ਸੌਂਪ ਦਿਤੀ । ਪਤਾ ਲਗਿਆ ਹੈ ਕਿ ਛੇ ਸਾਲਾਂ ਦੇ ਇਸ ਲੰਮੇ ਅਰਸੇ ਵਿਚ ਉਹਨਾਂ ਨੇ ਕੇਵਲ A-H ਅੱਖਰਾਂ ਦੀ ਐਡਿਟਿੰਗ ਕੀਤੀ ਅਤੇ ਐਡਿਟਿੰਗ ਦਾ ਬਾਕੀ ਦਾ ਸਾਰਾ ਕੰਮ ਸੰਧੂ ਸਾਹਿਬ ਦੇ ਜ਼ਿੰਮੇ ਆਇਆ । ਖ਼ੈਰ ! ਡਾ: ਅਤਰ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਵਿਚ ਕੋਸ਼ਕਾਰੀ ਦੇ ਖੇਤਰ ਵਿਚ ਪ੍ਰਾਪਤ ਕੀਤੇ ਆਪਣੇ ਪ੍ਰਬੰਧਕੀ ਅਤੇ ਅਮਲੀ ਤਜਰਬੇ ਨੂੰ ਭਾਵੇਂ ਇਸ ਪ੍ਰਾਜੈਕਟ ਦੀ ਰੂਪ-ਰੇਖਾ ਤਿਆਰ ਕਰਨ ਵਿਚ ਸਮੋ ਦਿਤਾ, ਪਰ ਤਕਨੀਕੀ ਗਿਆਨ ਅਤੇ ਅਨੁਭਵ ਦੀ ਘਾਟ ਕਾਰਨ ਕੋਸ਼ਕਾਰੀ ਦੇ ਵਿਸ਼ੇਸ਼ ਖੇਤਰ ਵਿਚ ਆਉਣ ਵਾਲੀਆਂ ਔਕੜਾਂ ਦਾ ਸਾਹਮਣਾ ਕਰਨ ਦੀ ਹਿੰਮਤ ਉਹਨਾਂ ਵਿਚ ਨਹੀਂ ਸੀ । ਨਾਲੇ ਕੋਸ਼ਕਾਰੀ ਦੇ ਕੰਮ ਵਿਚ ਬੰਦੇ ਨੂੰ ਆਪਣਾ ਆਪਾ ਮਾਰ ਕੇ, ਕੰਮ ਨੂੰ ਆਪਣਾ ਇਸ਼ਟ ਮੰਨ ਕੇ, ਨਿਰੰਤਰ ਲਗਨ ਤੇ ਮਿਹਨਤ ਨਾਲ ਕੰਮ ਕਰਨਾ ਪੈਂਦਾ ਹੈ । ਡਾ: ਅਤਰ ਸਿੰਘ ਅਕਾਦਮਿਕ ਘੇਰੇ ਤੋਂ ਬਾਹਰ ਦੀਆਂ ਸਰਗਰਮੀਆਂ ਵਿਚ ਵਧੇਰੇ ਮਸਰੂਫ ਹੋਣ ਕਾਰਨ ਸੰਪਾਦਨ ਦਾ ਅਸਲੀ ਕੰਮ ਨਿੱਠ ਕੇ ਨਾ ਕਰ ਸਕੇ । ਇਹੀ ਵੱਡਾ ਕਾਰਨ ਹੈ ਕਿ ਉਹ 1972 ਤੋਂ 1977 ਤਕ ਸੰਪਾਦਨ ਦਾ ਕੰਮ ਕੇਵਲ H ਅੱਖਰ ਤਕ ਹੀ ਮੁਕੰਮਲ ਕਰ ਸਕੇ, ਭਾਵੇਂ ਬਾਕੀ ਦਾ ਸਾਰਾ ਕੰਮ ਉਹਨਾਂ ਦਾ ਸੰਪਾਦਕੀ ਸਟਾਫ ਇਸ ਸਮੇਂ ਤਕ ਪੂਰਾ ਕਰ ਚੁਕਿਆ ਸੀ । ਹਾਂ ! ਇਕ ਗੱਲ ਉਹਨਾਂ ਨੇ ਜ਼ਰੂਰ ਕੀਤੀ । ਆਪਣੇ ਸੁਭਾ ਅਨੁਸਾਰ ਉਹ 'ਸ਼ੇਖ ਬਾਬਾ ਫਰੀਦ ਚੇਅਰ' ਉਤੇ ਜਾ ਬਿਰਾਜਮਾਨ ਹੋਏ ਅਤੇ ਉਹਨਾਂ ਦਾ ਅਕਾਦਮਿਕ ਸਟਾਫ਼, ਜਿਸ ਨੂੰ ਪੱਕਿਆਂ ਕਰਵਾਉਣ ਲਈ ਉਹ ਮੁੱਢ ਤੋਂ ਬਚਨਬੱਧ ਤਾਂ ਸਨ (ਪਰ ਯਤਨਸ਼ੀਲ ਨਹੀਂ ਸਨ) ਪੰਜਾਬ ਯੂਨੀਵਰਸਿਟੀ ਵਿਚ ਆਪਣਾ ਅਸਤਿੱਤਵ ਅਤੇ ਪੰਜਾਬੀ ਭਾਸ਼ਾ ਦਾ ਵਕਾਰ ਕਾਇਮ ਰੱਖਣ ਲਈ ਅਨੇਕ ਪ੍ਰਕਾਰ ਦੀਆਂ ਸਮੱਸਿਆਵਾਂ ਨਾਲ ਜੂਝਦਾ ਕੋਸ਼ਕਾਰੀ ਦੇ ਕੰਮ ਵਿਚ ਨਿਰੰਤਰ ਲੱਗਾ ਰਿਹਾ । ਇਸ ਸਟਾਫ਼ ਦੇ ਉੱਦਮ ਸਦਕਾ ਹੀ ਇਸ ਕੋਸ਼ ਦੀ ਪਹਿਲੀ ਸੰਚੀ ਰਿਲੀਜ਼ ਹੋ ਸਕੀ ਹੈ, ਨਹੀਂ ਤਾਂ ਸ਼ਾਇਦ ਪੰਜਾਬੀ ਪਾਠਕਾਂ ਨੂੰ 17 ਲੱਖ ਰੁਪਏ ਖਰਚ ਕਰ ਕੇ ਤਿਆਰ ਕੀਤੇ ਇਸ ਕੰਮ ਦੀ ਕਈ ਸਾਲ ਹੋਰ ਉਡੀਕ ਕਰਨੀ ਪੈਂਦੀ । ਸੂਚਨਾ ਮਿਲੀ ਹੈ ਕਿ ਇਸ ਕੋਸ਼ ਦੀ ਦੂਜੀ ਅਤੇ ਅੰਤਿਮ ਸੰਚੀ ਛੇਤੀ ਹੀ ਪ੍ਰਕਾਸ਼ਿਤ ਹੋ ਰਹੀ ਹੈ ।

ਕੋਸ਼ ਨੂੰ ਸੰਜੀਦਗੀ ਨਾਲ ਵਾਚਣ ਤੋਂ ਪਤਾ ਲਗਦਾ ਹੈ ਕਿ ਕੋਸ਼ ਅਤੇ ਕੋਸ਼ ਦੇ ਆਰੰਭਕ ਪੰਨਿਆਂ ਵਿਚ ਕੋਈ ਤਾਲਮੇਲ ਨਹੀਂ । ਪਤਾ ਲੱਗਿਆ ਹੈ ਕਿ ਕੋਸ਼ ਦੇ 1 ਤੋਂ 669 ਤਕ (A-L) ਦਾ ਪ੍ਰਿੰਟ ਆਰਡਰ ਕੋਸ਼ ਵਿਭਾਗ ਵਲੋਂ ਦਿਤਾ ਗਿਆ ਹੈ, ਪਰ ਕੋਸ਼ ਦੇ ਆਰੰਭਕ ਪੰਨਿਆਂ ਨੂੰ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ ਦੇ ਡਾਇਰੈਕਟਰ ਨੇ ਅਤਿਅੰਤ 'ਗੁਪਤ' ਰੱਖ ਕੇ ਮੁੱਖ ਸੰਪਾਦਕ ਦੀ ਪ੍ਰਵਾਨਗੀ ਤੋਂ ਬਿਨਾਂ ਹੀ ਛਪਵਾਇਆ ਹੈ । ਜਾਪਦਾ ਹੈ ਕਿ ਇਹਨਾਂ ਪੰਨਿਆਂ ਦੇ ਪਰੂਫ ਇਕ



ਤਾਂ ਸ਼ਾਇਦ ਇਸ ਕਰਕੇ ਨਹੀਂ ਵਿਖਾਏ ਗਏ ਕਿ ਮੁਖ ਸੰਪਾਦਕ ਵਲੋਂ ਤਿਆਰ ਕੀਤੀ 'Introduction' ਨੂੰ ਜਿਸ ਵਿਚ ਕੋਸ਼ ਵਿਚ ਅਪਣਾਈ ਵਿਧੀ ਨੂੰ ਸਪਸ਼ਟ ਕੀਤਾ ਗਿਆ ਸੀ, ਕਪੂਰ ਸਾਹਿਬ ਨੇ ਆਪਣੀ ਮਰਜ਼ੀ ਨਾਲ ਤਬਦੀਲ ਕਰ ਦਿਤਾ ਸੀ, ਅਤੇ ਦੂਜੇ ਮੇਰੀ ਜਾਚੇ ਇਸ ਕਰਕੇ ਕਿ ਕਪੂਰ ਸਾਹਿਬ ਦਾ ਯਤਨ ਕੋਸ਼ ਰਿਲੀਜ਼ ਕਰਵਾ ਕੇ ਆਪ ਭੱਲ ਖੱਟਣ ਦਾ ਵਧੇਰੇ ਸੀ ਅਤੇ ਸਹੀ ਛਪਾਈ ਦਾ ਘੱਟ । ਇਹੀ ਕਾਰਨ ਹੈ ਕਿ ਇਸ ਬੋਰਡ ਦੇ ਡਾਇਰੈਕਟਰ ਵਲੋਂ "An Invocation to Words', 'Acknowledgements', 'Editorial Note' ਅਤੇ 'Editorial Staff' ਵਾਲੇ ਪੰਜਾਂ ਪੰਨਿਆਂ ਵਿਚ ਗਲਤੀਆਂ ਛਡ ਦਿਤੀਆਂ ਗਈਆਂ ਹਨ ਤਾਂ ਜੋ ਇਸ ਪ੍ਰਾਜੈਕਟ ਦੇ ਅਕਾਦਮਿਕ ਸਟਾਫ ਨੂੰ ਬਦਨਾਮ ਕੀਤਾ ਜਾ ਸਕੇ । ਮਿਸਾਲ ਵਜੋਂ indicisive (indecisive), of Sublime (On the Sublime), unriching (enriching), Harbhajan Singh (Haribhajan Singh), atleast (at least), absense (absence), Bakshish Singh (Bakhshish Singh) ਆਦਿ । (ਬ੍ਰੈਕਟਾਂ ਵਿਚ ਦਿਤੇ ਸਪੈਲਿੰਗ ਦੇਣੇ ਚਾਹੀਦੇ ਸਨ) । ਮੈਂ ਇਹਨਾਂ ਪੰਜਾਂ ਪੰਨਿਆਂ ਵਿਚਲੀਆਂ ਗਲਤੀਆਂ ਤੋਂ ਇਸ ਸਿੱਟੇ 'ਤੇ ਪਹੁੰਚਿਆ ਹਾਂ ਕਿ ਜੇ ਸਮੁੱਚੇ ਕੋਸ਼ ਦੀ ਛਪਾਈ ਦਾ ਕੰਮ ਕਪੂਰ ਸਾਹਿਬ ਜਾਂ ਉਹਨਾਂ ਦੇ ਸਟਾਫ ਨੂੰ ਸੌਂਪ ਦਿਤਾ ਜਾਂਦਾ, ਤਾਂ ਉਸ ਦਾ ਜੋ ਹਸ਼ਰ ਹੋਣਾ ਸੀ, ਉਸ ਦਾ ਅਨੁਮਾਨ ਪਾਠਕ ਭਲੀ ਭਾਂਤ ਲਗਾ ਸਕਦੇ ਹਨ ।

ਇਥੇ ਮੈਂ ਵਿਦਿਅਕ ਖੇਤਰ ਵਿਚ ਫੈਲੇ ਉਸ ਅਕਾਦਮਿਕ ਭ੍ਰਿਸ਼ਟਾਚਾਰ ਅਤੇ ਅਨਾਚਾਰ ਨੂੰ ਨੰਗਿਆਂ ਕਰਨ ਦਾ ਯਤਨ ਕੀਤਾ ਹੈ ਜਿਸ ਦਾ ਸਾਨੂੰ ਸਾਰਿਆਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਾਹਮਣਾ ਕਰਨਾ ਪੈ ਰਿਹਾ ਹੈ । ਹਕੀਕਤ ਨੂੰ ਛੁਪਾਉਣ ਅਤੇ ਝੂਠੀ ਪ੍ਰਸੰਸਾ ਹਾਸਲ ਕਰਨ ਨਾਲ ਵਿਅਕਤੀ ਦਾ ਅਕਾਦਮਿਕ ਕੱਦ ਨਹੀਂ ਵਧਦਾ । ਇਸ ਗੱਲ ਬਾਰੇ ਸਾਨੂੰ ਸਾਰਿਆਂ ਨੂੰ ਸੁਚੇਤ ਹੋਣ ਦੀ ਲੋੜ ਹੈ । ਅਕਾਦਮਿਕ ਕੱਦ ਵਧਦਾ ਹੈ ਨਿੱਠ ਕੇ ਅਤੇ ਪੂਰੀ ਤਨਦੇਹੀ ਤੇ ਈਮਾਨਦਾਰੀ ਨਾਲ ਆਪਣੇ ਆਪਣੇ ਖੇਤਰ ਵਿਚ ਕੰਮ ਕਰਨ ਨਾਲ । ਜੇ ਇਹ ਗੁਣ ਵਿਅਕਤੀ ਆਤਮਸਾਤ ਕਰ ਲਵੇ ਤਾਂ ਉਕਤ ਭਾਂਤ ਦੀ 'ਸਾਜ਼ਸ਼' ਤੋਂ ਸਹਿਜੇ ਹੀ ਛੁਟਕਾਰਾ ਪਾਇਆ ਜਾ ਸਕਦਾ ਹੈ ।

ਪੰਜਾਬ ਦੇ ਸਿਖਿਆ ਮੰਤਰੀ ਨੇ ਅਕਾਦਮਿਕ ਸਟਾਫ ਦੇ ਇਸ ਕੰਮ ਨੂੰ ਬਹੁਤ ਸਲਾਹਿਆ ਅਤੇ ਇਸ ਯੂਨਿਟ ਨੂੰ ਪੰਜਾਬ ਯੂਨੀਵਰਸਿਟੀ ਵਿਚ ਹੀ ਪੱਕਿਆਂ ਕਰਨ ਲਈ ਪੰਜਾਬ ਸਰਕਾਰ ਵਲੋਂ ਪੂਰੇ ਮਾਇਕ ਸਹਿਯੋਗ ਦਾ ਭਰੋਸਾ ਦਿਵਾਇਆ ।

—ਕਰਤਾਰ ਸਿੰਘ, ਚੰਡੀਗੜ੍ਹ

---

## ਪ੍ਰਾਪਤ ਪੁਸਤਕਾਂ

* ਅਰਬ ਗਲੀ (ਕਹਾਣੀ-ਸੰਗ੍ਰਹਿ); ਪ੍ਰੀਤਮ; ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅਮ੍ਰਿਤਸਰ; ਸਫ਼ੇ : 136; ਮੁਲ : ਦਸ ਰੁਪੈ ।
* ਕਲਾਮ ਸ਼ੇਖ਼ ਨੂਰ-ਉ-ਦੀਨ ਨੂਰਾਨੀ (ਸ਼ਲੋਕ); ਅਨੁਵਾਦਕ ਹਰਬੰਸ ਸਿੰਘ ਆਜ਼ਾਦ; ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਸ੍ਰੀ ਨਗਰ; ਸਫ਼ੇ 98; ਮੁਲ : 7.50

PUNJAB MARKFED

Spreads its wings into the kitchen & brings you
REFINED GROUNDNUT OIL
Better in Quality, Pure and Cheaper

* Obtained from fresh groundnuts—cherished by every housewife.
* Double refined groundnut oil
* Non-hydrogenated—doesn't smoke when frying,
* Odourless, crystal-clear—leaves no grim or grease.
* FORTIFIED WITH VITAMINS A & D

Economical—residue is reusable.

AVAILABLE IN 1 KG, 2 KG., 4 KG. & 15.5 KGs. Tins.

A Quality Product from :—

MARKFED Refined Oil & Allied Industries,
Kapurthala.

(A unit of PUNJAB MARKFED, CHANDIGARH).



ਸਭ ਘਰੇਲੂ ਇਸਤ੍ਰੀਆਂ ਵਾਸਤੇ




ਇਸ ਨੂੰ ਪੰਜਾਬ ਸਿੰਧ ਬੈਂਕ ਦਾ ਧਨ ਜਮ੍ਹਾਂ ਕਰਾਉਣ ਵਾਲੇ ਨਾਲ ਲਗਾਵ ਸਮਝੋ । ਪੰਜਾਬ ਸਿੰਧ ਬੈਂਕ ਸਚਮੁਚ ਹੀ ਇਕ ਘਰੇਲੂ ਇਸਤ੍ਰੀ ਕੋਲ ਘਰ ਆ ਜਾਂਦਾ ਹੈ ਤਾਂ ਕਿ ਉਹ ਹਰ ਹਫਤੇ, ਹਰ ਮਹੀਨੇ ਛੋਟੀ ਬੱਚਤ ਯੋਜਨਾ ਅਧੀਨ ਕੁਝ ਨ ਕੁਝ ਬਚਾ ਸਕੇ ।

ਇਕਵਾਰ ਆਪਣੀ ਸਭ ਤੋ ਨੇੜੇ ਦੀ ਬਰਾਂਚ ਨੂੰ ਖਬਰ ਕਰੋ ।

ASP/PSB/AZ-78

ਪੀ ਐਸ ਬੀ ਸੰਪੂਰਨ ਬੈਂਕ–ਸੇਵਾ ਦਾ ਪ੍ਰਤੀਕ

ਦੀ ਪੰਜਾਬ ਐਂਡ ਸਿੰਧ ਬੈਂਕ ਲਿਮਿਟੇਡ

ਚੇਅਰਮੈਨ: ਇੰਦਰਜੀਤ ਸਿੰਘ

S E D H (DIRECTION) NOVEMBER, 1979
Registered with the Registrar of Newspapers
for India—Registration No 23895/72 Regd. No. D (S) 022

# ਪੰਜਾਬ ਰਾਜ ਖੇਤੀਬਾੜੀ ਮੰਡੀਕਰਣ ਬੋਰਡ, ਚੰਡੀਗੜ੍ਹ





ਮੁੱਖ ਮੰਤਰੀ ਪੰਜਾਬ
**ਖੁਸ਼ਹਾਲੀ ਦਾ ਪ੍ਰਤੀਕ**

ਖੇਤੀਬਾੜੀ ਤੇ ਵਣ ਮੰਤਰੀ ਪੰਜਾਬ
**ਕਿਸਾਨਾਂ ਦਾ ਹਮਦਰਦ**

ਨਵੀਨ ਪੰਜਾਬ ਦੇ ਉੱਸਰੀਏ ਸ੍ਰ: ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਅਤੇ ਸ੍ਰ: ਬਲਵਿੰਦਰ ਸਿੰਘ ਭੂੰਦੜ ਖੇਤੀਬਾੜੀ ਅਤੇ ਵਣ ਮੰਤਰੀ ਦੀ ਉਤਸ਼ਾਹਜਨਕ ਅਤੇ ਸੁਹਿਰਦ ਅਗਵਾਈ ਹੇਠ ਪੰਜਾਬ ਰਾਜ ਖੇਤੀਬਾੜੀ ਮੰਡੀਕਰਣ ਬੋਰਡ ਦਿਨ-ਬਦਿਨ ਤਰਕੀ ਦੀਆਂ ਨਵੀਆਂ ਮੰਜ਼ਿਲਾਂ ਨੂੰ ਛੋਹ ਰਿਹਾ ਹੈ।

ਰਾਜ ਵਿਚ ਲਾਏ ਗਏ ਸੰਗਠਤ ਦਿਹਾਤੀ ਵਿਕਾਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਪੂਰੀ ਸ਼ਕਤੀ ਅਤੇ ਲਗਨ ਨਾਲ ਖੁਸ਼ਹਾਲੀ ਦੀਆਂ ਮੰਜ਼ਿਲਾਂ ਵਲ ਤੇਜ਼ੀ ਨਾਲ ਉਲਾਂਘਾਂ ਪੁੱਟ ਰਿਹਾ ਹੈ ਅਤੇ ਹੇਠ ਲਿਖੇ ਪ੍ਰਬੰਧ ਕਰਨ ਲਈ ਵਚਨਬੱਧ ਹੈ:—

* ਮੰਡੀਆਂ ਤੱਕ ਪਹੁੰਚ ਸੜਕਾਂ ਦੀ ਉਸਾਰੀ, ਪੱਕੇ ਨੀਲਾਮੀ ਪਲੇਟਫਾਰਮ, ਡੰਗਰਾਂ/ਗੱਡਿਆਂ ਦੇ ਲਈ ਢੱਕੇ ਹੋਏ ਸ਼ੈਡ, ਮੰਡੀਆਂ ਵਿਚ ਪਾਣੀ ਅਤੇ ਰੋਸ਼ਨੀ ਦਾ ਪ੍ਰਬੰਧ ਕਰਨਾ।
* ਜ਼ਿਮੀਦਾਰ ਨੂੰ ਉਨ੍ਹਾਂ ਦੀ ਉਪਜ ਦੀ ਸਹੀ ਕੀਮਤ ਦਿਵਾਉਣ ਲਈ ਮੰਡੀਕਰਣ ਪ੍ਰਣਾਲੀ ਨੂੰ ਨਿਯਮਤ ਕਰਨ ਅਤੇ ਨਿਰੀਖਣ ਕਰ ਕੇ ਮੰਡੀਆਂ ਵਿਚ ਭ੍ਰਿਸ਼ਟਾਚਾਰ ਦੀ ਚੈਕਿੰਗ ਕਰਨਾ:
* ਨਵੀਆਂ ਮੰਡੀਆਂ ਬਣਾਉਣਾ ਅਤੇ ਆਰਥਿਕ ਤੌਰ 'ਤੇ ਮਾਰਕੀਟ ਕਮੇਟੀਆਂ ਨੂੰ ਉਨ੍ਹਾਂ ਦੇ ਵਿਕਾਸ ਦੇ ਕੰਮਾਂ ਵਿਚ ਸਹਾਇਤਾ ਕਰਨਾ:

ਰਾਜ ਭਰ ਦੀਆਂ ਮੰਡੀਆਂ ਵਿਚ ਕਿਸਾਨ ਆਰਾਮ-ਘਰ ਤੇ ਮਾਰਕਿਟ ਕਮੇਟੀਆਂ ਦੀਆਂ ਦਫਤਰੀ ਬਿਲਡਿਗਾਂ ਦੀ ਉਸਾਰੀ ਲਈ ਮਾਰਕਿਟ ਕਮੇਟੀਆਂ ਦੀ ਸਹਾਇਤਾ ਕਰਨਾ:

ਮੌਜੂਦਾ ਮੰਡੀਆਂ ਵਿਚ ਸੁਚੱਜੀ ਮੰਡੀਕਰਣ ਵਿਵਸਥਾ ਬਣਾਏ ਰਖਣ ਲਈ ਉਚੇਚੇ ਉਪਰਾਲੇ ਕਰਨਾ:

ਪੰਜਾਬ, ਦਿਹਾਤੀ ਵਿਕਾਸ ਤੇ ਦਿਸ਼ਾਮਾਨ ਨਤੀਜਿਆਂ ਦੇ ਯੁੱਗ ਵਿਚੋਂ ਲੰਘ ਰਿਹਾ ਹੈ ਅਤੇ ਪੰਜਾਬ ਰਾਜ ਖੇਤੀਬਾੜੀ ਮੰਡੀਕਰਣ ਬੋਰਡ ਅਤੇ ਮਾਰਕਿਟ ਕਮੇਟੀਆਂ ਇਸ ਵੰਗਾਰ ਨਾਲ ਭਰਵੇਂ ਹੁੰਗਾਰੇ ਰਾਹੀਂ ਨਿਪਟ ਰਹੀਆਂ ਹਨ।

ਜਗਦੇਵ ਸਿੰਘ ਖੁੱਡੀਆਂ (ਜਥੇਦਾਰ)
ਪਰਧਾਨ